Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.
# ਪੰਜਾਬ ਮੇਲ
Chief Editor: **Gurjatinder Singh Randhawa**
Punjab Mail USA





Vol. 18, Issue- 819, 12 to 18 Sept., 2024, Ph: 916-320-9444, E-mail: punjabmailusa@yahoo.com, Web: punjabmailusa.com

# ਅਮਰੀਕੀ ਰਾਸ਼ਟਰਪਤੀ ਚੋਣਾਂ ਲਈ ਟਰੰਪ ਤੇ ਕਮਲਾ ਹੈਰਿਸ ਵਿਚਾਲੇ ਇਮੀਗ੍ਰੇਸ਼ਨ, ਵਿਦੇਸ਼ ਨੀਤੀ ਸਮੇਤ ਕਈ ਮੁੱਦਿਆਂ 'ਤੇ ਹੋਈ ਬਹਿਸ

ਫਿਲਾਡੇਲਫੀਆ, (ਪੰਜਾਬ ਮੇਲ)- 5 ਨਵੰਬਰ ਨੂੰ ਅਮਰੀਕਾ ਦੀਆਂ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਲਈ ਚੋਣ ਮੈਦਾਨ ਭੱਖ ਗਿਆ ਹੈ। ਮੰਗਲਵਾਰ ਰਾਤ ਨੂੰ ਰਿਪਬਲੀਕਨ ਪਾਰਟੀ ਦੇ ਉਮੀਦਵਾਰ ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਡੈਮੋਕ੍ਰੇਟ ਪਾਰਟੀ ਦੀ ਉਮੀਦਵਾਰ ਉਪ ਰਾਸ਼ਟਰਪਤੀ ਕਮਲਾ ਹੈਰਿਸ ਵਿਚਕਾਰ ਪਹਿਲੀ ਰਾਸ਼ਟਰਪਤੀ ਬਹਿਸ ਹੋਈ। ਏ.ਬੀ.ਸੀ. ਨਿਊਜ਼ ਦੁਆਰਾ ਹੋਸਟ ਕੀਤੀ ਗਈ ਇਹ ਬਹਿਸ ਐੱਨ.ਬੀ.ਸੀ. ਦੇ ਸਿਮਲਕਾਸਟ 'ਤੇ ਪ੍ਰਸਾਰਿਤ ਹੋਈ, ਜੋ ਕਿ ਲਗਭਗ 90 ਮਿੰਟ ਤੱਕ ਚੱਲੀ। ਦੋਵਾਂ ਉਮੀਦਵਾਰਾਂ ਨੂੰ ਇਮੀਗ੍ਰੇਸ਼ਨ ਕਾਨੂੰਨ, ਆਰਥਿਕਤਾ, ਗਰਭਪਾਤ ਦੇ ਅਧਿਕਾਰਾਂ, ਇਜ਼ਰਾਈਲ-ਗਾਜ਼ਾ ਅਤੇ ਰੂਸ-ਯੂਕਰੇਨ ਦੀ ਜੰਗ, ਚੀਨ, ਅਮਰੀਕੀ ਸਰਹੱਦ, ਰਿਹਾਇਸ਼, ਨੌਕਰੀਆਂ, ਵਿਦੇਸ਼ ਨੀਤੀ ਸਮੇਤ ਕੁੱਝ ਹੋਰ ਮਸਲਿਆਂ 'ਤੇ ਬਹਿਸ ਕਰਨ ਦਾ ਮੌਕਾ ਦਿੱਤਾ ਗਿਆ। ਦੋਵੇਂ ਉਮੀਦਵਾਰ ਪਹਿਲੀ ਵਾਰ ਇਕ ਦੂਸਰੇ ਦਾ ਸਾਹਮਣਾ ਕਰ ਰਹੇ ਸਨ। ਬਹਿਸ ਤੋਂ ਪਹਿਲਾਂ ਕਮਲਾ ਹੈਰਿਸ ਨੇ ਟਰੰਪ ਨਾਲ ਹੱਥ ਵੀ ਮਿਲਾਇਆ।

ਇਸ ਤੋਂ ਪਹਿਲਾਂ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ, ਰਾਸ਼ਟਰਪਤੀ ਜੋਅ ਬਾਇਡਨ ਵਿਚਕਾਰ ਪਹਿਲੀ ਬਹਿਸ ਜੂਨ ਵਿਚ ਹੋਈ ਸੀ। ਜਿਸ ਦੌਰਾਨ ਟਰੰਪ ਨੇ ਜਿੱਤ ਪ੍ਰਾਪਤ ਕੀਤੀ ਸੀ। ਰਾਸ਼ਟਰਪਤੀ ਬਾਇਡਨ ਦੇ ਕਮਜ਼ੋਰ ਭਾਸ਼ਨ ਕਾਰਨ ਪਾਰਟੀ ਵੱਲੋਂ ਬਾਇਡਨ ਪ੍ਰਤੀ ਅਵਿਸ਼ਵਾਸ ਪ੍ਰਗਟਾਇਆ ਗਿਆ ਸੀ। ਇਸ ਤੋਂ ਬਾਅਦ ਰਾਸ਼ਟਰਪਤੀ ਬਾਇਡਨ ਨੇ ਕਮਲਾ ਹੈਰਿਸ ਨੂੰ ਆਪਣਾ ਪ੍ਰਤੀਨਿਧੀ ਬਣਾਇਆ ਸੀ। ਹਾਲਾਂਕਿ ਕਮਲਾ ਹੈਰਿਸ ਲਈ ਇਹ ਚੋਣਾਂ ਲੜਨ ਲਈ ਸਮਾਂ ਬਹੁਤ ਘੱਟ ਸੀ। ਪਰ ਉਸ ਨੇ ਜਲਦ ਹੀ ਚੋਣ ਮੈਦਾਨ ਵਿਚ ਆਪਣੀ ਬੜਤ ਹਾਸਲ ਕਰ ਲਈ ਅਤੇ ਪਿਛਲੇ ਕੁੱਝ ਸਮੇਂ ਤੋਂ ਉਹ ਟਰੰਪ ਤੋਂ ਅੱਗੇ ਚੱਲ ਰਹੀ ਸੀ। ਇਸ ਪਹਿਲੀ ਬਹਿਸ ਵਿਚ ਕਮਲਾ ਹੈਰਿਸ ਕਾਫੀ ਤੇਜ਼-ਤਰਾਰ ਦਿੱਖ ਰਹੀ ਸੀ। ਉਸ ਨੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ 'ਤੇ ਕਈ ਤਿੱਖੇ ਵਾਰ ਕੀਤੇ।

## ਸਖਤ ਮੁਕਾਬਲੇ ਦੌਰਾਨ ਕਮਲਾ ਹੈਰਿਸ ਰਹੀ ਹਾਵੀ







**ਬਹਿਸ ਦੌਰਾਨ** ਟਰੰਪ ਨੇ ਇਮੀਗ੍ਰੇਸ਼ਨ ਸਮੱਸਿਆਵਾਂ ਲਈ ਬਾਇਡਨ-ਹੈਰਿਸ ਨੂੰ ਜ਼ਿੰਮੇਵਾਰ ਠਹਿਰਾਇਆ। ਉਸ ਨੇ ਕਿਹਾ ਕਿ ਇਨ੍ਹਾਂ ਦੀ ਨੀਤੀ ਨਾਲ ਸਾਡਾ ਦੇਸ਼ ਤਬਾਹ ਹੋਇਆ ਹੈ। ਟਰੰਪ ਨੇ ਬਾਇਡਨ ਪ੍ਰਸ਼ਾਸਨ ਦੇ ਅਧੀਨ ਮੈਕਸੀਕੋ ਤੋਂ ਅਮਰੀਕਾ ਵਿਚ ਰਿਕਾਰਡ ਪ੍ਰਵਾਸੀ ਕਰਾਸਿੰਗ ਦਾ ਹਵਾਲਾ ਦਿੱਤਾ। ਉਸ ਨੇ ਕਿਹਾ ਕਿ ਮੈਕਸੀਕੋ ਬਾਰਡਰ ਤੋਂ ਭਾਰੀ ਗਿਣਤੀ ਵਿਚ ਗੈਰ ਕਾਨੂੰਨੀ ਲੋਕ ਅਮਰੀਕਾ ਵਿਚ ਦਾਖਲ ਹੋ ਰਹੇ ਹਨ। ਉਸ ਦਾ ਕਹਿਣਾ ਸੀ ਕਿ ਗੈਰ ਕਾਨੂੰਨੀ ਪ੍ਰਵਾਸੀਆਂ ਦੇ ਅਮਰੀਕਾ ਵਿਚ ਦਾਖਲ ਹੋਣ ਨਾਲ ਇਥੇ ਅਪਰਾਧਿਕ ਗਤੀਵਿਧੀਆਂ ਵਧੀਆਂ ਹਨ ਅਤੇ ਨਾਲ ਦੀ ਨਾਲ ਦੇਸ਼ 'ਤੇ ਉਨ੍ਹਾਂ ਦਾ ਬੋਝ ਵੀ ਪਿਆ ਹੈ। ਉਸ ਨੇ ਹਵਾਲਾ ਦਿੱਤਾ ਕਿ ਮੈਂ ਆਪਣੇ ਰਾਜ ਵਿਚ ਇਸ ਬਾਰਡਰ 'ਤੇ ਇਕ ਲੰਮੀ ਦੀਵਾਰ ਬਣਵਾਈ ਸੀ। ਪਰ ਮੌਜੂਦਾ ਸਰਕਾਰ ਨੇ ਉਸ ਦਾ ਫਾਇਦਾ ਨਹੀਂ ਉਠਾਇਆ। ਟਰੰਪ ਦੀਆਂ ਇਨ੍ਹਾਂ ਗੱਲਾਂ ਤੋਂ ਲੱਗਦਾ ਸੀ ਕਿ ਜੇ ਉਹ ਸੱਤਾ ਵਿਚ ਆ ਜਾਵੇ, ਤਾਂ ਇਮੀਗ੍ਰੇਸ਼ਨ 'ਤੇ ਉਹ ਵੱਡੀ ਸਖਤੀ ਕਰ ਸਕਦਾ ਹੈ। ਉਸ ਨੇ ਇਥੋਂ ਤੱਕ ਵੀ ਕਹਿ ਦਿੱਤਾ ਕਿ ਮੈਂ ਆਪਣੀਆਂ ਇਨ੍ਹਾਂ ਗੱਲਾਂ ਕਰਕੇ ਆਪਣੀਆਂ ਵੋਟਾਂ ਵੀ ਗੁਆ ਲੈਂਦਾ ਹਾਂ, ਪਰ ਮੈਨੂੰ ਇਸ ਦੀ ਕੋਈ ਪ੍ਰਵਾਹ ਨਹੀਂ। ਟਰੰਪ ਨੇ ਕਿਹਾ ਕਿ ਜੇ ਉਹ ਸੱਤਾ ਵਿਚ ਆ ਜਾਂਦਾ ਹੈ, ਤਾਂ ਇਥੇ ਰਹਿ ਰਹੇ 10 ਮਿਲੀਅਨ ਤੋਂ ਵੱਧ ਗੈਰ ਕਾਨੂੰਨੀ ਪ੍ਰਵਾਸੀ ਲੋਕਾਂ ਨੂੰ ਅਮਰੀਕਾ ਵਿਚੋਂ ਬਾਹਰ ਦਾ ਰਸਤਾ ਦਿਖਾਉਣਗੇ।

### ਇਮੀਗ੍ਰੇਸ਼ਨ ਮੁੱਦਾ

ਟਰੰਪ ਦੀ ਬਿਆਨਬਾਜ਼ੀ ਉਸ ਦੀਆਂ ਪਿਛਲੀਆਂ ਸਖਤ ਸਰਹੱਦੀ ਨੀਤੀਆਂ ਨਾਲ ਮੇਲ ਖਾਂਦੀ ਸੀ, ਜਿਸ ਵਿਚ ਉਸ ਨੇ ਯੂ.ਐੱਸ.ਏ. ਦੇ ਇਤਿਹਾਸ ਵਿਚ ਸਭ ਤੋਂ ਵੱਡੇ ਦੇਸ਼ ਨਿਕਾਲੇ ਦੀ ਕੋਸ਼ਿਸ਼ ਸ਼ੁਰੂ ਕਰਨ ਦਾ ਵਾਅਦਾ ਕੀਤਾ ਸੀ। ਉਸ ਨੇ ਆਪਣੇ ਰਾਜ ਦੌਰਾਨ ਬਚਪਨ ਦੇ ਆਗਮਨ ਪ੍ਰੋਗਰਾਮ ਨੂੰ ਖਤਮ ਕਰਨ ਲਈ ਵਾਅਦਾ ਕੀਤਾ ਸੀ, ਜਿਸ ਨੂੰ ਡੀ.ਏ.ਸੀ.ਏ. ਕਿਹਾ ਜਾਂਦਾ ਹੈ। ਜਦੋਂ ਟਰੰਪ ਨੂੰ ਏ.ਬੀ.ਸੀ. ਦੇ ਐਂਕਰ ਡੇਵਿਡ ਮੁਇਰ ਨੇ ਪੁੱਛਿਆ ਕਿ ਦੇਸ਼ ਨਿਕਾਲੇ ਦੇ ਇਸ ਯਤਨ ਨੂੰ ਕਿਵੇਂ ਲਾਗੂ ਕਰਨਗੇ, ਤਾਂ ਟਰੰਪ ਨੇ ਇਸ ਦਾ ਕੋਈ ਜਵਾਬ ਨਹੀਂ ਦਿੱਤਾ।

ਇਸ 'ਤੇ ਕਮਲਾ ਨੇ ਜਵਾਬ ਦਿੱਤਾ ਅਤੇ ਕਿਹਾ, ਤੁਸੀਂ ਉਹੀ ਪੁਰਾਣੀ ਕਹਾਣੀ ਸੁਣਾਉਣ ਜਾ ਰਹੇ ਹੋ, ਝੂਠ ਅਤੇ ਸ਼ਿਕਾਇਤਾਂ ਦਾ ਡੱਬਾ। ਕਮਲਾ ਨੇ ਕਿਹਾ, ਟਰੰਪ ਇਮੀਗ੍ਰੇਸ਼ਨ ਨਾਲ ਜੁੜੀਆਂ ਸਮੱਸਿਆਵਾਂ ਲਈ ਜ਼ਿੰਮੇਵਾਰ ਹਨ। ਰਿਪਬਲਿਕਨਾਂ ਨੇ ਇਮੀਗ੍ਰੇਸ਼ਨ ਨਾਲ ਸਬੰਧਤ ਬਿੱਲ ਦਾ ਵਿਰੋਧ ਕੀਤਾ। ਕਾਂਗਰਸ (ਸੰਸਦ) ਵਿੱਚ ਇਸ ਬਿੱਲ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਟਰੰਪ ਨੇ ਆਪਣੇ ਲੋਕਾਂ ਨੂੰ ਬੁਲਾਇਆ ਅਤੇ ਉਨ੍ਹਾਂ ਨੂੰ ਅਜਿਹਾ ਕਰਨ ਲਈ ਕਿਹਾ। ਕਿਉਂਕਿ ਉਹ ਨਹੀਂ ਚਾਹੁੰਦੇ ਕਿ ਸਮੱਸਿਆ ਖਤਮ ਹੋਵੇ। ਉਨ੍ਹਾਂ ਕਿਹਾ, ਸਾਡੇ ਕੋਲ ਸਾਬਕਾ ਰਾਸ਼ਟਰਪਤੀ ਦੇ ਰੂਪ 'ਚ ਅਜਿਹਾ ਵਿਅਕਤੀ ਹੈ ਜੋ ਸਮੱਸਿਆ ਨੂੰ ਹੱਲ ਕਰਨ ਦੀ ਬਜਾਏ ਉਸ 'ਤੇ ਚੱਲਣ ਨੂੰ ਤਰਜੀਹ ਦਿੰਦਾ ਹੈ।

ਕਮਲਾ ਹੈਰਿਸ ਨੇ ਆਪਣੇ ਮੱਧ ਵਰਗ ਦੇ ਪਿਛੋਕੜ ਬਾਰੇ ਦੱਸਿਆ। ਕਮਲਾ ਨੇ ਕਿਹਾ ਕਿ ਮੈਂ ਇੱਕ ਮੱਧ ਵਰਗੀ ਪਰਿਵਾਰ ਵਿੱਚ ਵੱਡੀ ਹੋਈ ਹਾਂ। ਮੈਨੂੰ ਅਮਰੀਕੀ ਮੱਧ ਵਰਗ ਦੇ ਵਾਧੇ ਦੀ ਪਰਵਾਹ ਹੈ, ਇਸ ਲਈ ਮੇਰੇ ਕੋਲ ਇੱਕ ਆਰਥਿਕ ਯੋਜਨਾ ਹੈ। ਉਸਨੇ ਰਾਸ਼ਟਰਪਤੀ ਚੁਣੇ ਜਾਣ 'ਤੇ ਅਮਰੀਕੀ ਪਰਿਵਾਰਾਂ ਅਤੇ ਛੋਟੇ ਕਾਰੋਬਾਰਾਂ ਨੂੰ ਸਮਰਥਨ ਦੇਣ ਦੀਆਂ ਆਪਣੀਆਂ ਯੋਜਨਾਵਾਂ ਬਾਰੇ ਗੱਲ ਕੀਤੀ। ਉਨ੍ਹਾਂ ਕਿਹਾ, ਸਾਡੇ ਦੇਸ਼ ਵਿੱਚ ਘਰਾਂ ਦੀ ਘਾਟ ਹੈ। ਮੈਂ ਮੱਧ ਵਰਗ ਲਈ ਟੈਕਸ ਕੱਟਾਂਗੀ। ਛੋਟੇ ਕਾਰੋਬਾਰ ਨੂੰ ਉਤਸ਼ਾਹਿਤ ਕਰਾਂਗੀ। ਉਨ੍ਹਾਂ ਨੇ ਟਰੰਪ ਨੂੰ ਵੀ ਆੜੇ ਹੱਥੀਂ ਲਿਆ। ਕਮਲਾ ਨੇ ਟਰੰਪ 'ਤੇ ਸੇਲ ਟੈਕਸ ਦੀ ਯੋਜਨਾ ਬਣਾਉਣ ਦਾ ਦੋਸ਼ ਲਗਾਇਆ ਜਿਸ ਨਾਲ ਅਮਰੀਕੀ ਮੱਧ ਵਰਗ 'ਤੇ ਸਾਲਾਨਾ 4 ਹਜ਼ਾਰ ਡਾਲਰ ਦਾ ਬੋਝ ਵਧੇਗਾ। ਕਮਲਾ ਨੇ ਕਿਹਾ, ਉਹ (ਟਰੰਪ) ਅਰਬਪਤੀਆਂ ਅਤੇ ਵੱਡੀਆਂ ਕਾਰਪੋਰੇਸ਼ਨਾਂ ਨੂੰ ਟੈਕਸ ਕਟੌਤੀ ਦੇਣਗੇ। ਕਮਲਾ ਨੇ ਕਿਹਾ, ਟਰੰਪ ਦੇ ਸਾਰੇ ਆਯਾਤ 'ਤੇ 20 ਫੀਸਦੀ ਤੱਕ ਦਾ ਵਿਆਪਕ ਟੈਰਿਫ ਲਗਾਉਣ ਦੇ ਪ੍ਰਸਤਾਵ ਨਾਲ ਮਹਿੰਗਾਈ ਵਧੇਗੀ, ਕਿਉਂਕਿ ਇਹ ਰੋਜ਼ਾਨਾ ਦੀਆਂ ਚੀਜ਼ਾਂ 'ਤੇ ਟੈਕਸ ਹੈ, ਜਿਸ 'ਤੇ ਤੁਸੀਂ ਮਹੀਨੇ ਦਾ ਗੁਜ਼ਾਰਾ ਚਲਾਉਣ ਲਈ ਨਿਰਭਰ ਕਰਦੇ ਹੋ।

### ਟਰੰਪ ਨੇ ਵਿਵਾਦਪੂਰਨ ਪ੍ਰੋਜੈਕਟ 25 ਤੋਂ ਆਪਣੇ ਆਪ ਨੂੰ ਦੂਰ ਕਰ ਲਿਆ

ਟਰੰਪ ਨੇ ਕਮਲਾ ਦੇ ਦੋਸ਼ਾਂ ਦਾ ਜਵਾਬ ਦਿੰਦੇ ਹੋਏ ਕਿਹਾ, ਮੇਰੀ ਯੋਜਨਾ ਬਹੁਤ ਵਧੀਆ ਹੈ, ਇਸ ਨਾਲ ਲੋਕਾਂ ਨੂੰ ਰੁਜ਼ਗਾਰ ਮਿਲੇਗਾ। ਅਮਰੀਕਾ ਤਰੱਕੀ ਵੱਲ ਵਧੇਗਾ। ਕਮਲਾ ਕੋਲ ਕੋਈ ਯੋਜਨਾ ਨਹੀਂ ਹੈ। ਉਹ ਬਾਇਡਨ ਦੀ ਯੋਜਨਾ ਦੀ ਨਕਲ ਕਰਦੇ ਹਨ। ਟਰੰਪ ਨੇ ਪ੍ਰੋਜੈਕਟ 2025 ਤੋਂ ਵੀ ਦੂਰੀ ਬਣਾ ਲਈ। ਉਨ੍ਹਾਂ ਕਿਹਾ, ਕਮਲਾ ਦੇ ਦੋਸ਼ ਝੂਠੇ ਹਨ। ਮੈਂ ਕਦੇ ਵੀ ਪ੍ਰੋਜੈਕਟ 25 ਨਹੀਂ ਪੜ੍ਹਿਆ ਹੈ ਅਤੇ ਕਦੇ ਨਹੀਂ ਪੜ੍ਹਾਂਗਾ। ਇਹ ਹੈਰੀਟੇਜ ਫਾਊਂਡੇਸ਼ਨ ਦਾ ਇਕ ਪ੍ਰੋਜੈਕਟ ਹੈ, ਜਿਸ ਨੂੰ ਉਸ ਦੇ ਦਰਜਨਾਂ ਸਾਬਕਾ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਤਿਆਰ ਕੀਤਾ ਸੀ। ਮੈਂ ਇਸਨੂੰ ਪੜ੍ਹਿਆ ਨਹੀਂ ਹੈ। ਮੈਂ ਇਸਨੂੰ ਜਾਣਬੁੱਝ ਕੇ ਨਹੀਂ ਪੜ੍ਹਨਾ ਚਾਹੁੰਦਾ। ਮੈਂ ਇਸਨੂੰ ਨਹੀਂ ਪੜ੍ਹਾਂਗਾ।

ਟਰੰਪ ਨੇ ਕਿਹਾ; ਮਹਾਂਮਾਰੀ ਦੌਰਾਨ ਕੰਮ ਕੀਤਾ, ਪਰ ਕ੍ਰੈਡਿਟ ਨਹੀਂ ਮਿਲਿਆ

ਟਰੰਪ ਨੇ ਕਿਹਾ ਕਿ ਅਸੀਂ ਕੋਰੋਨਾ ਦੌਰਾਨ ਪੂਰੀ ਦੁਨੀਆਂ ਲਈ ਵੈਂਟੀਲੇਟਰ ਬਣਾਏ। ਅਸੀਂ ਉਹ ਸਭ ਕੁਝ ਕੀਤਾ, ਜਿਸ ਬਾਰੇ ਕਿਸੇ ਨੇ ਸੋਚਿਆ ਵੀ ਨਹੀਂ ਸੀ। ਸਾਡੇ ਸਮੇਂ ਵਿਚ ਇੱਕ ਆਰਥਿਕਤਾ ਸੀ, ਜੋ ਸ਼ਾਨਦਾਰ ਸੀ। ਮੈਨੂੰ ਫੌਜ ਵਿਚ ਸੁਧਾਰਾਂ ਦਾ ਸਿਹਰਾ ਮਿਲਦਾ ਹੈ। ਕਈ ਕਾਰਨਾਂ ਕਰਕੇ ਕ੍ਰੈਡਿਟ ਦਿੱਤਾ

■ ਬਾਕੀ ਖਬਰ ਸਫਾ 18 'ਤੇ

### ਬਹਿਸ 'ਚ ਆਰਥਿਕਤਾ ਅਤੇ ਟੈਕਸ ਨਾਲ ਸਬੰਧਤ ਸੀ ਪਹਿਲਾ ਸਵਾਲ

**ਕਮਲਾ ਹੈਰਿਸ** ਨੇ ਆਪਣੇ ਮੱਧ ਵਰਗ ਦੇ ਪਿਛੋਕੜ ਬਾਰੇ ਦੱਸਿਆ। ਕਮਲਾ ਨੇ ਕਿਹਾ ਕਿ ਮੈਂ ਇੱਕ ਮੱਧ ਵਰਗੀ ਪਰਿਵਾਰ ਵਿਚ ਵੱਡੀ ਹੋਈ ਹਾਂ। ਮੈਨੂੰ ਅਮਰੀਕੀ ਮੱਧ ਵਰਗ ਦੇ ਵਾਧੇ ਦੀ ਪਰਵਾਹ ਹੈ, ਇਸ ਲਈ ਮੇਰੇ ਕੋਲ ਇੱਕ ਆਰਥਿਕ ਯੋਜਨਾ ਹੈ। ਉਸਨੇ ਰਾਸ਼ਟਰਪਤੀ ਚੁਣੇ ਜਾਣ 'ਤੇ ਅਮਰੀਕੀ ਪਰਿਵਾਰਾਂ ਅਤੇ ਛੋਟੇ ਕਾਰੋਬਾਰਾਂ ਨੂੰ ਸਮਰਥਨ ਦੇਣ ਦੀਆਂ ਆਪਣੀਆਂ ਯੋਜਨਾਵਾਂ ਬਾਰੇ ਗੱਲ ਕੀਤੀ। ਉਨ੍ਹਾਂ ਕਿਹਾ, ਸਾਡੇ ਦੇਸ਼ ਵਿਚ ਘਰਾਂ ਦੀ ਘਾਟ ਹੈ। ਮੈਂ ਮੱਧ ਵਰਗ ਲਈ ਟੈਕਸ ਕੱਟਾਂਗੀ। ਛੋਟੇ ਕਾਰੋਬਾਰ ਨੂੰ ਉਤਸ਼ਾਹਿਤ ਕਰਾਂਗੀ। ਉਨ੍ਹਾਂ ਨੇ ਟਰੰਪ ਨੂੰ ਵੀ ਆੜੇ ਹੱਥੀਂ ਲਿਆ। ਕਮਲਾ ਨੇ ਟਰੰਪ 'ਤੇ ਸੇਲ ਟੈਕਸ ਦੀ ਯੋਜਨਾ ਬਣਾਉਣ ਦਾ ਦੋਸ਼ ਲਗਾਇਆ। ਜਿਸ ਨਾਲ ਅਮਰੀਕੀ ਮੱਧ ਵਰਗ 'ਤੇ ਸਾਲਾਨਾ 4 ਹਜ਼ਾਰ ਡਾਲਰ ਦਾ ਬੋਝ ਵਧੇਗਾ। ਕਮਲਾ ਨੇ ਕਿਹਾ, ਉਹ (ਟਰੰਪ) ਅਰਬਪਤੀਆਂ ਅਤੇ ਵੱਡੀਆਂ ਕਾਰਪੋਰੇਸ਼ਨਾਂ ਨੂੰ ਟੈਕਸ ਕਟੌਤੀ ਦੇਣਗੇ। ਕਮਲਾ ਨੇ ਕਿਹਾ, ਟਰੰਪ ਦੇ ਸਾਰੇ ਆਯਾਤ 'ਤੇ 20 ਫੀਸਦੀ ਤੱਕ ਦਾ ਵਿਆਪਕ ਟੈਰਿਫ ਲਗਾਉਣ ਦੇ ਪ੍ਰਸਤਾਵ ਨਾਲ ਮਹਿੰਗਾਈ ਵਧੇਗੀ, ਕਿਉਂਕਿ ਇਹ ਰੋਜ਼ਾਨਾ ਦੀਆਂ ਚੀਜ਼ਾਂ 'ਤੇ ਟੈਕਸ ਹੈ, ਜਿਸ 'ਤੇ ਤੁਸੀਂ ਮਹੀਨੇ ਦਾ ਗੁਜ਼ਾਰਾ ਚਲਾਉਣ ਲਈ ਨਿਰਭਰ ਕਰਦੇ ਹੋ।

### ਕਮਲਾ ਦੇ ਸਵਾਲ 'ਤੇ ਟਰੰਪ ਨੇ ਦਿੱਤਾ ਜਵਾਬ


**ਅਰਥਵਿਵਸਥਾ ਅਤੇ** ਟੈਕਸ ਨਾਲ ਜੁੜੇ ਸਵਾਲਾਂ 'ਤੇ ਡੋਨਾਲਡ ਟਰੰਪ ਨੇ ਕਿਹਾ, ਕਮਲਾ ਦੇ ਦੋਸ਼ ਝੂਠੇ ਹਨ। ਇਹ ਗੱਲ ਉਹ ਵੀ ਚੰਗੀ ਤਰ੍ਹਾਂ ਜਾਣਦੀ ਹੈ। ਅਸੀਂ ਅਮਰੀਕੀਆਂ 'ਤੇ ਨਹੀਂ, ਸਗੋਂ ਦੂਜੇ ਦੇਸ਼ਾਂ 'ਤੇ ਟੈਰਿਫ ਦਰਾਂ ਵਧਾਵਾਂਗੇ। ਅਸੀਂ ਵਿਦੇਸ਼ੀ ਦਰਾਮਦਾਂ 'ਤੇ ਟੈਰਿਫ ਲਗਾਉਣ 'ਤੇ ਧਿਆਨ ਦੇਵਾਂਗੇ। ਜਦੋਂ ਮੈਂ ਅਜਿਹਾ ਕੀਤਾ ਤਾਂ ਦੇਸ਼ ਵਿਚ ਮਹਿੰਗਾਈ ਨਹੀਂ ਸੀ, ਅੱਜ ਸਾਡੇ ਦੇਸ਼ ਵਿਚ ਇਤਿਹਾਸਕ ਮਹਿੰਗਾਈ ਹੈ। ਮੈਂ ਚੀਨ 'ਤੇ ਟੈਰਿਫ ਲਗਾ ਕੇ 35 ਮਿਲੀਅਨ ਡਾਲਰ ਇਕੱਠੇ ਕੀਤੇ। ਉਨ੍ਹਾਂ ਨੇ ਅਜਿਹਾ ਨਹੀਂ ਕੀਤਾ। ਹਾਲਾਂਕਿ ਉਨ੍ਹਾਂ ਨੇ ਕਮਲਾ ਦੇ ਇਸ ਦਾਅਵੇ ਦਾ ਖੰਡਨ ਕੀਤਾ ਕਿ ਇਹ ਸੇਲ ਟੈਕਸ ਦੇ ਬਰਾਬਰ ਹੋਵੇਗਾ। ਉਸਨੇ ਕਿਹਾ, ਅਸੀਂ ਦੁਨੀਆਂ ਲਈ ਜੋ ਕੁਝ ਕੀਤਾ ਹੈ, ਦੂਜੇ ਦੇਸ਼ ਆਖਰਕਾਰ 75 ਸਾਲਾਂ ਬਾਅਦ ਸਾਨੂੰ ਭੁਗਤਾਨ ਕਰਨਗੇ ਅਤੇ ਟੈਰਿਫ ਬਹੁਤ ਜ਼ਿਆਦਾ ਹੋਣਗੇ।

### ਸੰਸਦ 'ਚ ਹਿੰਸਾ 'ਤੇ ਬੋਲੇ ਟਰੰਪ ਅਤੇ ਕਮਲਾ

**ਟਰੰਪ** ਨੇ ਕਿਹਾ ਕਿ ਡੈਮੋਕ੍ਰੇਟਸ ਵੱਲੋਂ ਉਨ੍ਹਾਂ 'ਤੇ ਲਾਏ ਗਏ ਕਈ ਅਪਰਾਧਿਕ ਦੋਸ਼ ਰਾਜਨੀਤੀ ਤੋਂ ਪ੍ਰੇਰਿਤ ਹਨ। ਉਨ੍ਹਾਂ (ਡੈਮੋਕ੍ਰੇਟਸ) ਨੇ ਨਿਆਂ ਵਿਭਾਗ ਨੂੰ ਹਥਿਆਰ ਬਣਾਇਆ। ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਉਨ੍ਹਾਂ ਨੂੰ ਸੰਸਦ 'ਚ ਹੋਈ ਹਿੰਸਾ 'ਤੇ ਅਫਸੋਸ ਹੈ? ਟਰੰਪ ਨੇ ਕਿਹਾ ਕਿ ਉਨ੍ਹਾਂ ਦਾ ਇਸ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਉਨ੍ਹਾਂ ਨੇ ਇਸ ਲਈ ਸਾਬਕਾ ਸਪੀਕਰ ਨੈਨਸੀ ਪੇਲੋਸੀ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਕਿਹਾ, ਸੁਰੱਖਿਆ ਮੇਰੀ ਜ਼ਿੰਮੇਵਾਰੀ ਨਹੀਂ ਹੈ। ਨੈਨਸੀ ਪੇਲੋਸੀ ਜ਼ਿੰਮੇਵਾਰ ਸੀ। ਇਸ 'ਤੇ ਕਮਲਾ ਨੇ ਕਿਹਾ, ਮੈਂ 6 ਜਨਵਰੀ ਨੂੰ ਕੈਪੀਟਲ ਹਿੱਲ 'ਤੇ ਮੌਜੂਦ ਸੀ।

### ਕਮਲਾ ਦੀ ਪਛਾਣ 'ਤੇ ਟਰੰਪ ਦਾ ਯੂ-ਟਰਨ

ਕਮਲਾ ਨੇ ਕਿਹਾ ਕਿ ਟਰੰਪ ਨੇ ਅਮਰੀਕੀ ਲੋਕਾਂ ਨੂੰ ਵੰਡਣ ਲਈ ਨਸਲ ਦੀ ਵਰਤੋਂ ਕਰਨ ਦੀ ਕੋਸ਼ਿਸ਼ ਕੀਤੀ। ਕਮਲਾ ਨੇ ਆਪਣੇ ਆਪ 'ਤੇ ਟਰੰਪ ਦੀਆਂ ਟਿੱਪਣੀਆਂ ਦਾ ਜਵਾਬ ਦਿੰਦੇ ਹੋਏ ਕਿਹਾ, "ਇਮਾਨਦਾਰੀ ਨਾਲ, ਇਹ ਇੱਕ ਦੁਖਦਾਈ ਗੱਲ ਹੈ ਕਿ ਸਾਡੇ ਕੋਲ ਇੱਕ ਅਜਿਹਾ ਵਿਅਕਤੀ ਹੈ, ਜੋ ਰਾਸ਼ਟਰਪਤੀ ਬਣਨਾ ਚਾਹੁੰਦਾ ਹੈ, ਜਿਸ ਨੇ ਆਪਣੇ ਪੂਰੇ ਕਰੀਅਰ ਦੌਰਾਨ ਅਮਰੀਕੀ ਲੋਕਾਂ ਨੂੰ ਵੰਡਣ ਦੀ ਲਗਾਤਾਰ ਕੋਸ਼ਿਸ਼ ਕੀਤੀ ਹੈ।" ਦਰਅਸਲ, ਡੋਨਾਲਡ ਟਰੰਪ ਨੇ ਪਹਿਲਾਂ ਇੱਕ ਬਿਆਨ ਵਿਚ ਕਿਹਾ ਸੀ ਕਿ ਭਾਰਤੀ ਮੂਲ ਦੀ ਕਮਲਾ ਹੈਰਿਸ ਗੈਰ ਅਮਰੀਕੀ ਹੋਣ ਦੀ ਕੋਸ਼ਿਸ਼ ਕਰ ਰਹੀ ਹੈ। ਹਾਲਾਂਕਿ, ਹੁਣ ਟਰੰਪ ਨੇ ਯੂ-ਟਰਨ ਲੈ ਲਿਆ ਹੈ ਅਤੇ ਕਿਹਾ, ਮੇਰੇ ਲਈ ਇਸ ਨਾਲ ਕੋਈ ਫਰਕ ਨਹੀਂ ਪੈਂਦਾ, ਉਹ ਜੋ ਵੀ ਬਣਨਾ ਚਾਹੁੰਦੀ ਹੈ, ਮੈਨੂੰ ਉਸ ਨਾਲ ਕੋਈ ਸਮੱਸਿਆ ਨਹੀਂ ਹੈ। ਉਸਨੇ ਅੱਗੇ ਕਿਹਾ, ਮੇਰੇ ਲਈ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਉਹ ਕੀ ਹਨ। ਡੋਨਾਲਡ ਟਰੰਪ ਨੇ ਆਪਣੇ 'ਤੇ ਹੋਏ ਹਮਲੇ 'ਤੇ ਕਿਹਾ, ਮੇਰੇ ਸਿਰ 'ਚ ਗੋਲੀ ਲੱਗੀ ਕਿਉਂਕਿ ਉਨ੍ਹਾਂ (ਜੋਅ ਬਾਇਡਨ) ਪ੍ਰਸ਼ਾਸਨ ਨੇ ਸਿਸਟਮ ਨੂੰ ਹਥਿਆਰ ਬਣਾ ਦਿੱਤਾ ਹੈ। ਅੰਤ ਵਿਚ, ਕਮਲਾ ਹੈਰਿਸ ਨੇ ਕਿਹਾ, ਅਮਰੀਕਾ ਨੇ ਸਾਡੇ ਦੇਸ਼ ਲਈ ਦੋ ਬਹੁਤ ਵੱਖਰੇ ਦ੍ਰਿਸ਼ਟੀਕੋਣ ਸੁਣੇ ਹਨ। ਇੱਕ ਜੋ ਭਵਿੱਖ 'ਤੇ ਕੇਂਦਰਿਤ ਹੈ ਅਤੇ ਦੂਜਾ ਜੋ ਅਤੀਤ 'ਤੇ ਕੇਂਦਰਿਤ ਹੈ। ਜੋ ਸਾਨੂੰ ਵਾਪਸ ਲੈਣ ਦੀ ਕੋਸ਼ਿਸ਼ ਕਰ ਰਿਹਾ ਹੈ। ਹਾਲਾਂਕਿ, ਅਸੀਂ ਵਾਪਸ ਨਹੀਂ ਜਾ ਰਹੇ ਹਾਂ। ਡੋਨਾਲਡ ਟਰੰਪ ਨੇ ਆਖਰਕਾਰ ਕਿਹਾ, ਕਮਲਾ ਹੈਰਿਸ ਨੂੰ ਵ੍ਹਾਈਟ ਹਾਊਸ ਅਤੇ ਕੈਪੀਟਲ ਜਾਣਾ ਚਾਹੀਦਾ ਹੈ ਅਤੇ ਆਪਣਾ ਕੰਮ ਪੂਰਾ ਕਰਨਾ ਚਾਹੀਦਾ ਹੈ। ਟਰੰਪ ਨੇ ਇਹ ਪੁੱਛ ਕੇ ਬਹਿਸ ਦਾ ਅੰਤ ਕੀਤਾ ਕਿ ਤੁਸੀਂ ਉਹ ਕੰਮ ਕਿਉਂ ਨਹੀਂ ਕੀਤਾ, ਜੋ ਤੁਸੀਂ ਕਿਹਾ ਸੀ ਕਿ ਤੁਸੀਂ ਕਰੋਗੇ।


CHARDA PUNJAB CLUB SACRAMENTO PRESENTS
ROSEVILLE KABADDI CUP
SUNDAY 22 SEPT 2024
Sponsor
IN THE MEMORY OF
Gurcharan Singh Billa
Lakhbir Singh Sangha
Gurjatinder S. Randhawa (REALTOR)
CA DRE licence # 01490567
916-320-9444
BIGGEST KABADDI CUP IN USA
5480 FIFTH ST ROCKLIN CA




*Space sponsored by*

**Gurjatinder S. Randhawa**
(REALTOR) CA DRE licence # 01490567

**916-320-9444**

# ਪੁੱਤਰਾਂ ਦੇ ਦਾਨੀ, ਬ੍ਰਹਮ ਗਿਆਨੀ

# ਬਾਬਾ ਬੁੱਢਾ ਜੀ ਦਾ ਜਨਮ ਦਿਵਸ



ਹੁੰਮਹੁਮਾ ਕੇ ਪਹੁੰਚੋ

## 4, 5, 6 ਅਕਤੂਬਰ ਨੂੰ ਗੁਰਦੁਆਰਾ ਸਿੰਘ ਸਭਾ ਰੈਨਟਨ,

## 5200 Talbot Rd S, Renton, WA 98055 ਵਿਖੇ ਮਨਾਇਆ ਜਾ ਰਿਹਾ ਹੈ।

ਸਿਆਟਲ ਦੇ ਗੁਰਦੁਆਰਾ ਸਿੰਘ ਸਭਾ ਰੈਂਟਨ ਵਿਖੇ ਪੁੱਤਰਾਂ ਦੇ ਦਾਨੀ, ਹੈੱਡ ਗ੍ਰੰਥੀ ਅਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਦੂਜੀ ਪਾਤਿਸ਼ਾਹੀ ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਛੇਵੀਂ ਪਾਤਿਸ਼ਾਹੀ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੂੰ ਗੁਰਤਾਗੱਦੀ ਸੌਂਪਣ ਦੀਆਂ ਰਸਮਾਂ ਨਿਭਾਉਣ ਵਾਲੇ ਧੰਨ ਧੰਨ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦਾ ਜਨਮ ਦਿਹਾੜਾ ਮਨਾਇਆ ਜਾ ਰਿਹਾ ਹੈ। ਗੁਰੂ ਘਰ ਰੈਂਟਨ ਅਤੇ ਬਾਬਾ ਬੁੱਢਾ ਜੀ ਸੰਸਥਾ ਵੱਲੋਂ ਸਮੂਹਿਕ ਪਰਿਵਾਰਾਂ ਨੂੰ ਬੇਨਤੀ ਹੈ ਕਿ ਹੁੰਮਹੁਮਾ ਕੇ ਪਹੁੰਚੋ ਅਤੇ ਜੀਵਨ ਸਫਲਾ ਕਰੋ।

ਆਰੰਭਤਾ ਸ੍ਰੀ ਅਖੰਡ ਪਾਠ ਸਾਹਿਬ 4 ਅਕਤੂਬਰ, ਸ਼ੁਕਰਵਾਰ ਸਵੇਰੇ 10.00 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ 6 ਅਕਤੂਬਰ, ਐਤਵਾਰ ਸਵੇਰੇ 10.00 ਵਜੇ

ਉਪਰੰਤ ਮੇਨ ਹਾਲ ਵਿਖੇ ਧਾਰਮਿਕ ਦੀਵਾਨ ਸਜਾਏ ਜਾਣਗੇ। ਜਿਸ ਵਿਚ ਗੁਰੂ ਘਰ ਦੇ ਕੀਰਤਨੀ ਜਥੇ ਭਾਈ ਵਰਿਆਮ ਸਿੰਘ ਜੀ ਅਤੇ ਭਾਈ ਜਰਨੈਲ ਸਿੰਘ ਕੀਰਤਨ ਦੀ ਸੇਵਾ ਨਿਭਾਉਣਗੇ ਅਤੇ **ਕਥਾਵਾਚਕ ਭਾਈ ਹਰਪਾਲ ਸਿੰਘ** (ਫਤਿਹਗੜ੍ਹ ਸਾਹਿਬ) ਸੰਗਤਾਂ ਨੂੰ ਬਾਬਾ ਬੁੱਢਾ ਜੀ ਦੀ ਜੀਵਨੀ ਬਾਰੇ ਚਾਨਣਾ ਪਾਉਣਗੇ।



ਭਾਈ ਹਰਪਾਲ ਸਿੰਘ

Designed By Punjab Mail USA

ਸਵਾਗਤ ਕਰਤਾ

## ਗੁਰਦੁਆਰਾ ਪ੍ਰਬੰਧਕ ਕਮੇਟੀ ਸਿੰਘ ਸਭਾ ਰੈਂਟਨ

ਫੋਨ ਨੰਬਰ : 425-226-2277

ਹੋਰ ਜਾਣਕਾਰੀ ਲਈ ਸੰਪਰਕ ਕਰੋ



ਡਾਕਟਰ ਸੁਰਿੰਦਰਪਾਲ ਸਿੰਘ ਤੁੰਗ
ਪ੍ਰਧਾਨ ਬਾਬਾ ਬੁੱਢਾ ਜੀ ਸੰਸਥਾ
ਫੋਨ : 206-604-0982

# ਇੰਟਰਨੈਸ਼ਨਲ ਐਸੋਸੀਏਸ਼ਨ ਆਫ ਪੰਜਾਬੀ ਵੂਮੈਨ ਵੱਲੋਂ 26ਵੀਂ ਸਾਲਾਨਾ ਯੂਬਾ ਸਿਟੀ ਦੀਆਂ ਤੀਆਂ ਕਾਮਯਾਬੀ ਨਾਲ ਹੋਈਆਂ ਸੰਪੰਨ












■ ਬਾਕੀ ਫੋਟੋਆਂ ਅਗਲੇ ਸਫੇ 'ਤੇ ਦੇਖੋ

ਤੀਆਂ ਦੀਆਂ ਵੱਖ-ਵੱਖ ਝਲਕੀਆਂ ਫੋਟੋਆਂ ਦੀ ਜ਼ੁਬਾਨੀ।

Space Sponsored by : Punjab Mail USA TV, Ph.: 916-320-9444

# ਇੰਟਰਨੈਸ਼ਨਲ ਐਸੋਸੀਏਸ਼ਨ ਆਫ ਪੰਜਾਬੀ ਵੂਮੈਨ ਵੱਲੋਂ 26ਵੀਂ ਸਾਲਾਨਾ ਯੂਬਾ ਸਿਟੀ ਦੀਆਂ ਤੀਆਂ ਕਾਮਯਾਬੀ ਨਾਲ ਹੋਈਆਂ ਸੰਪੰਨ
















ਤੀਆਂ ਦੀਆਂ ਵੱਖ-ਵੱਖ ਝਲਕੀਆਂ ਫੋਟੋਆਂ ਦੀ ਜ਼ੁਬਾਨੀ।

Space Sponsored by : Punjab Mail USA TV, Ph.: 916-320-9444

# ਕੈਨੇਡਾ 'ਚ ਮੁੱਕ ਰਿਹਾ ਲੱਖਾਂ ਵਿਦਿਆਰਥੀਆਂ ਦਾ ਵਰਕ ਪਰਮਿਟ; ਹੋ ਸਕਦੇ ਨੇ ਡਿਪੋਰਟ

- **ਓਨਟਾਰੀਓ ਦੇ ਬਰੈਂਪਟਨ ਵਿਚ ਪਿਛਲੇ ਕਰੀਬ ਦੋ ਹਫਤਿਆਂ ਤੋਂ ਦਿਨ-ਰਾਤ ਦਾ ਪੱਕਾ ਧਰਨਾ ਜਾਰੀ**










ਓਨਟਾਰੀਓ, (ਦਲਜੀਤ ਕੌਰ/ਪੰਜਾਬ ਮੇਲ)- ਕੈਨੇਡਾ ਸਰਕਾਰ ਦੀਆਂ ਬਦਲੀਆਂ ਇਮੀਗ੍ਰੇਸ਼ਨ ਨੀਤੀਆਂ ਕਰਕੇ ਲੱਖਾਂ ਅੰਤਰਰਾਸ਼ਟਰੀ ਵਿਦਿਆਰਥੀ ਅਤੇ ਕਾਮੇ ਪ੍ਰਭਾਵਿਤ ਹੋ ਰਹੇ ਹਨ, ਜਿਨ੍ਹਾਂ ਉੱਪਰ ਅਗਲੇ ਸਾਲ ਡਿਪੋਰਟੇਸ਼ਨ ਦੀ ਤਲਵਾਰ ਲਟਕੀ ਹੋਈ ਹੈ। ਜਿਸ ਕਰਕੇ ਓਨਟਾਰੀਓ ਦੇ ਬਰੈਂਪਟਨ ਵਿਚ ਪਿਛਲੇ 12 ਦਿਨਾਂ ਤੋਂ ਦਿਨ-ਰਾਤ ਦਾ ਪੱਕਾ ਧਰਨਾ ਚੱਲ ਰਿਹਾ ਹੈ। ਵਿਨੀਪੈੱਗ ਵਿਚ ਪਿਛਲੇ ਕਈ ਮਹੀਨਿਆਂ ਤੋਂ ਰੋਸ ਮੁਜ਼ਾਹਰੇ ਹੋ ਰਹੇ ਹਨ। ਇੱਕ ਰਿਪੋਰਟ ਮੁਤਾਬਕ ਇਸ ਸਾਲ ਜਿਨ੍ਹਾਂ ਦਾ ਵਰਕ ਪਰਮਿਟ ਮੁੱਕ ਰਿਹਾ ਹੈ, ਉਨ੍ਹਾਂ ਦੀ ਗਿਣਤੀ 1 ਲੱਖ 30 ਹਜ਼ਾਰ ਦੇ ਲਗਭਗ ਹੈ।

ਪਿਛਲੇ ਕਈ ਸਾਲਾਂ ਤੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਪਹਿਲੀ ਪਸੰਦ ਕੈਨੇਡਾ ਬਣਿਆ ਹੋਇਆ ਹੈ। ਕੈਨੇਡਾ ਦੇ ਲਈ ਵੀ ਇਹ ਵਿਦਿਆਰਥੀ ਸੋਨੇ ਦਾ ਅੰਡਾ ਦੇਣ ਵਾਲੀ ਮੁਰ਼ਗੀ ਹਨ, ਤਾਂਹੀ ਹਰ ਸਾਲ ਇਨ੍ਹਾਂ ਦਾ ਕੋਟਾ ਲਗਾਤਾਰ ਵਧਾਇਆ ਜਾ ਰਿਹਾ ਹੈ। ਇਨ੍ਹਾਂ ਦੇ ਸਿਰ ਤੋਂ ਜਿੱਥੇ ਕੈਨੇਡਾ ਹਰ ਸਾਲ ਬਿਲੀਅਨ ਡਾਲਰ ਇੱਕੱਠੇ ਕਰਦਾ ਹੈ, ਉੱਥੇ ਹੀ ਪ੍ਰਾਈਵੇਟ ਕਾਲਜ ਤੇ ਯੂਨੀਵਰਸਿਟੀਆਂ ਅਰਬਪਤੀ ਬਣ ਰਹੇ ਹਨ, ਪਰ ਦੁਨੀਆਂ ਪੱਧਰ 'ਤੇ ਵੱਧ ਰਹੀ ਆਰਥਿਕ ਮੰਦੀ (ਰਿਸੈਸ਼ਨ) ਦੇ ਚੱਲਦਿਆਂ ਕੈਨੇਡਾ ਵਿਚ ਵੀ ਕੰਮ ਦੇ ਮੌਕੇ ਘੱਟ ਰਹੇ ਹਨ। ਬੇਰੁਜ਼ਗਾਰੀ ਦੀ ਦਰ 7% ਵਧੀ ਹੈ। ਨਵੇਂ ਆਉਣ ਵਾਲੇ ਲੋਕਾਂ ਨੂੰ ਕੰਮ ਨਹੀਂ ਮਿਲ ਰਿਹਾ, ਜ਼ਿਆਦਾਤਰ ਤਾਂ ਸਾਲ ਭਰ ਤੋਂ ਵਿਹਲੇ ਬੈਠੇ ਡਿਪਰੈਸ਼ਨ ਦੇ ਸ਼ਿਕਾਰ ਹੋ ਰਹੇ ਹਨ।

ਇਸ ਦੇ ਚੱਲਦਿਆਂ ਕੈਨੇਡੀਅਨ ਸਮਾਜ 'ਚ ਵਿਰੋਧਤਾਈਆਂ ਤਿੱਖੀਆਂ ਹੋ ਰਹੀਆਂ ਹਨ। ਵੱਡੀਆਂ ਟਰੱਕਿੰਗ ਕੰਪਨੀਆਂ ਸਮੇਤ ਹੋਰ ਬਹੁਤ ਸਾਰੇ ਬਿਜ਼ਨਸ ਬੈਂਕ ਕਰੱਪਸੀਆਂ ਵੀ ਫ਼ਾਇਲ ਕਰ ਰਹੇ ਹਨ। ਕੈਨੇਡਾ ਵਿਚ ਅਗਲੇ ਸਾਲ ਵੋਟਾਂ ਹਨ। ਜ਼ਿਆਦਾਤਰ ਕੈਨੇਡੀਅਨ ਮੌਜੂਦਾ ਲਿਬਰਲ ਪਾਰਟੀ (ਜਸਟਿਸ ਟਰੂਡੋ) ਤੋਂ ਖੁਸ਼ ਨਹੀਂ ਹਨ ਤੇ ਉਹ ਸਮਝਦੇ ਹਨ ਕਿ ਕੈਨੇਡਾ ਜਿਨ੍ਹਾਂ ਮੁਸ਼ਕਿਲਾਂ ਵਿਚ ਫਸਿਆ ਹੋਇਆ ਹੈ, ਉਸ ਦੀ ਜ਼ਿੰਮੇਵਾਰ ਇਹ ਪਾਰਟੀ ਹੈ। ਦੂਜੇ ਨੰਬਰ ਦੀ ਕੰਜ਼ਰਵੇਟਿਵ ਪਾਰਟੀ ਸੱਤਾ ਵਿਚ ਆਉਣ ਲਈ ਤਰਲੋਮੱਛੀ ਹੋ ਰਹੀ ਹੈ। ਇਹ ਦੋਵੇਂ ਪਾਰਟੀਆਂ ਸਿੱਧੇ-ਅਸਿੱਧੇ ਤੌਰ 'ਤੇ ਕੈਨੇਡਾ ਦੇ ਇਨ੍ਹਾਂ ਹਾਲਤਾਂ ਲਈ ਪ੍ਰਵਾਸੀਆਂ ਨੂੰ ਦੋਸ਼ੀ ਬਣਾ ਕੇ ਪੇਸ਼ ਕਰ ਰਹੇ ਹਨ। ਸੋਸ਼ਲ ਮੀਡੀਆ ਤੇ ਹੋਰ ਮੀਡੀਆ ਰਾਹੀਂ ਇਹ ਭੰਬਲਭੂਸਾ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਪ੍ਰਵਾਸੀਆਂ ਨੇ ਤੁਹਾਡੀਆਂ ਨੌਕਰੀਆਂ ਖੋਹ ਲਈਆਂ ਹਨ, ਘਰਾਂ ਦੀ ਘਾਟ ਲਈ ਵੀ ਇਹ ਹੀ ਜ਼ਿੰਮੇਵਾਰ ਹਨ ਅਤੇ ਹੋਰ ਤਰ੍ਹਾਂ-ਤਰ੍ਹਾਂ ਦੇ ਝੂਠ ਬੋਲੇ ਜਾ ਰਹੇ ਹਨ। ਜਿਸ ਨਾਲ ਕੈਨੇਡਾ ਵਿਚ ਰੰਗ, ਨਸਲ ਦੇ ਆਧਾਰ 'ਤੇ ਨਫ਼ਰਤ ਦੀਆਂ ਘਟਨਾਵਾਂ ਵਿਚ ਵਾਧਾ ਹੋ ਰਿਹਾ ਹੈ। ਜਿਸ ਦਾ ਸਭ ਤੋਂ ਵੱਧ ਸ਼ਿਕਾਰ ਅੰਤਰਰਾਸ਼ਟਰੀ ਵਿਦਿਆਰਥੀ ਬਣ ਰਹੇ ਹਨ।

ਇਸ ਸਮੇਂ ਬਰੈਂਪਟਨ ਵਿਚ ਨੌਜਵਾਨ ਸੁਪੋਰਟ ਨੈੱਟਵਰਕ ਜਥੇਬੰਦੀ ਦੀ ਅਗਵਾਈ ਵਿਚ ਪੋਸਟ ਗ੍ਰੈਜੂਏਟ ਵਰਕ ਪਰਮਿਟ ਹੋਲਡਰ ਦੀ ਬਣੀ ਕਮੇਟੀ ਵੱਲੋਂ ਦਿਨ-ਰਾਤ ਦਾ ਧਰਨਾ 12ਵੇਂ ਦਿਨ ਵਿਚ ਦਾਖਲ ਹੋ ਗਿਆ ਹੈ। ਇਸ ਧਰਨੇ ਦੀਆਂ ਚਾਰ ਮੁੱਖ ਮੰਗਾਂ ਹਨ:-

1. 2024-25 ਵਿਚ ਜਿਨ੍ਹਾਂ ਦਾ ਵਰਕ ਪਰਮਿਟ ਮੁੱਕ ਰਿਹਾ ਹੈ, ਉਸ ਨੂੰ 2 ਸਾਲ ਲਈ ਵਧਾਇਆ ਜਾਵੇ।
2. ਐਕਸਪ੍ਰੈੱਸ ਐਂਟਰੀ ਅਤੇ ਪੀ.ਐੱਨ.ਪੀ. ਦੇ ਲਗਾਤਾਰ ਡਰਾਅ ਕੱਢੇ ਜਾਣ।
3. ਐੱਲ.ਐੱਮ.ਆਈ. ਦੇ ਨਾਮ 'ਤੇ ਹੁੰਦੀ ਲੁੱਟ ਬੰਦ ਕੀਤੀ ਜਾਵੇ।
4. ਅੰਤਰਰਾਸ਼ਟਰੀ ਵਿਦਿਆਰਥੀ ਜੋ ਪੜ੍ਹ ਰਹੇ ਨੇ, ਉਨ੍ਹਾਂ ਨੂੰ ਦੋ ਦੀ ਜਗ੍ਹਾ 5 ਸਾਲ ਦਾ ਵਰਕ ਪਰਮਿਟ ਦਿੱਤਾ ਜਾਵੇ।

ਪ੍ਰਦਰਸ਼ਨ ਕਰ ਰਹੇ ਇਨ੍ਹਾਂ ਕਾਮਿਆਂ ਦਾ ਕਹਿਣਾ ਹੈ ਕਿ ਪਿਛਲੇ 6 ਮਹੀਨੇ ਤੋਂ ਲਗਾਤਾਰ ਵੱਖ-ਵੱਖ ਪਾਰਟੀਆਂ ਨਾਲ ਮੀਟਿੰਗਾਂ ਹੋਈਆਂ, ਜੋ ਗੱਲ ਸੁਣ ਤੇ ਸਮਝ ਰਹੇ ਹਨ। ਅੰਦਰਖਾਤੇ ਮੰਨ ਵੀ ਰਹੇ ਨੇ ਕਿ ਸਰਕਾਰ ਨੇ ਲੋੜ ਤੋਂ ਜ਼ਿਆਦਾ ਵਿਦਿਆਰਥੀ ਬੁਲਾਏ ਅਤੇ ਪੀ.ਆਰ. ਦਾ ਕੋਟਾ ਨਹੀਂ ਵਧਾਇਆ ਤੇ ਕੋਵਿਡ ਤੋਂ ਬਾਅਦ ਲਗਾਤਾਰ ਡਰਾਅ ਨਾ ਕੱਢਣ ਕਰਕੇ ਇਹ ਸਥਿਤੀ ਬਣੀ ਪਰ ਉਹ ਹੱਲ ਕਰਨ ਵੱਲ ਨਹੀਂ ਵੱਧ ਰਹੇ ਕਿਉਂਕਿ ਅਗਲੇ ਸਾਲ ਵੋਟਾਂ ਹਨ ਅਤੇ ਸਟੂਡੈਂਟ ਵੋਟਰ ਨਹੀਂ ਤੇ ਜਿਨ੍ਹਾਂ ਦੀਆਂ ਵੋਟਾਂ ਹਨ, ਉਨ੍ਹਾਂ ਨੂੰ ਜਚਾਇਆ ਜਾ ਰਿਹਾ ਕਿ ਇਹ ਕੈਨੇਡਾ ਦੇ ਮਾੜੇ ਹਾਲਤਾਂ ਲਈ ਜ਼ਿੰਮੇਵਾਰ ਹਨ।

ਇਸ ਕਰਕੇ ਹੁਣ ਕੋਈ ਹੱਲ ਨਾ ਦਿਸਣ 'ਤੇ ਆਪਣੀ ਏਕਤਾ ਵਧਾਉਣ ਤੇ ਲਗਾਤਾਰ ਰੋਸ ਮੁਜ਼ਾਹਰਿਆਂ ਤੋਂ ਬਾਅਦ, ਹੋਰ ਲੋਕਾਂ ਤੋਂ ਸਾਥ ਲੈਣ ਲਈ ਦਿਨ-ਰਾਤ ਦਾ ਧਰਨਾ ਸ਼ੁਰੂ ਕਰ ਦਿੱਤਾ। ਇੱਥੇ ਸ਼ਨੀਵਾਰ ਨੂੰ ਇੱਕ ਰੈਲੀ ਕੀਤੀ ਗਈ, ਜਿਸ ਵਿਚ 12 ਦੇ ਕਰੀਬ ਹੋਰ ਕਾਮਿਆਂ ਦੀਆਂ ਜਥੇਬੰਦੀਆਂ ਨੇ ਇਨ੍ਹਾਂ ਦਾ ਸਾਥ ਦਿੱਤਾ ਤੇ ਹੋਰਾਂ ਨੂੰ ਅੱਗੇ ਆਉਣ ਦੀ ਅਪੀਲ ਕੀਤੀ। ਸੋਸ਼ਲ ਮੀਡੀਆ ਤੇ ਵਿਰੋਧ ਦੇ ਬਾਵਜੂਦ ਹੋਰ ਵੀ ਲੋਕਾਂ ਦਾ ਸਾਥ ਵੀ ਮਿਲ ਰਿਹਾ ਹੈ ਅਤੇ ਜਦੋਂ ਤੱਕ ਕੋਈ ਹੱਲ ਨਹੀਂ ਮਿਲਦਾ, ਉਦੋਂ ਤੱਕ ਇਹ ਧਰਨਾ ਚੱਲੇਗਾ ਤੇ ਹੋਰ ਐਕਸ਼ਨ ਵੀ ਕੀਤੇ ਜਾਣਗੇ।

ਪ੍ਰਭਾਵਿਤ ਹੋਣ ਵਾਲੇ ਲੱਖਾਂ 'ਚ ਹਨ ਅਤੇ ਲੜਨ ਵਾਲੇ ਸੈਂਕੜੇ ਵੀ ਨਹੀਂ, ਅਜੇ ਜ਼ਿਆਦਾਤਰ ਲੋਕ ਸ਼ੰਘਰਸ਼ ਦੀ ਬਜਾਏ ਆਪਣਾ ਆਪਣਾ ਹੋਰ ਹੱਲ ਲੱਭਣ ਵਿਚ ਲੱਗੇ ਹੋਏ ਹਨ, ਜੋ ਕਿ ਅਸਲ ਵਿਚ ਹੈ ਨਹੀਂ। ਇਮੀਗ੍ਰੇਸ਼ਨ ਏਜੰਟ ਉਨ੍ਹਾਂ ਨੂੰ ਗਲਤ ਸਲਾਹਾਂ ਦੇ ਰਹੇ ਹਨ। ਲੋਕ ਕੈਨੇਡਾ ਤੋਂ ਅਮਰੀਕਾ ਨੂੰ ਡੌਂਕੀ ਲਾ ਰਹੇ ਹਨ। ਧਰਨਾਕਾਰੀ ਉਨ੍ਹਾਂ ਨੂੰ ਜਥੇਬੰਦ ਹੋਣ ਲਈ ਅਪੀਲ ਕਰ ਰਹੇ ਹਨ।

ਜਿਹੜੇ ਲੋਕ ਲਿਬਰਲ ਪਾਰਟੀ ਨੂੰ ਸੱਤਾ ਤੋਂ ਲਾਹ ਕੇ ਕੰਜ਼ਰਵੇਟਿਵ ਦੀ ਸਰਕਾਰ ਬਣਾਉਣਾ ਚਾਹੁੰਦੇ ਹਨ, ਉਨ੍ਹਾਂ ਨੂੰ ਸਮਝ ਜਾਣਾ ਚਾਹੀਦਾ ਹੈ ਕਿ ਵੋਟਾਂ ਨਾਲ ਪਾਰਟੀ ਬਦਲ ਸਕਦੇ ਹੋ, ਸਿਸਟਮ ਨਹੀਂ ਤੇ ਮੌਜੂਦਾ ਸਮੱਸਿਆਵਾਂ ਜਿਵੇਂ ਬੇਰੁਜ਼ਗਾਰੀ, ਮਹਿੰਗਾਈ, ਵਧਦੀਆਂ ਲੋਨ ਦਰਾਂ, ਘਰਾਂ ਦੀ ਕਿੱਲਤ ਮਹਿੰਗੀ ਇੰਸ਼ੋਰੈਂਸ ਅਤੇ ਹੋਰ ਇਹ ਸਭ ਸਰਮਾਏਦਾਰੀ ਸਿਸਟਮ ਦੀ ਦੇਣ ਹੈ, ਜੋ ਲੋਕ ਪੱਖੀ ਨਹੀਂ ਕੁੱਝ ਕੁ ਸਰਮਾਏਦਾਰ ਘਰਾਣਿਆਂ ਪੱਖੀ ਹੈ। ਕਾਮਿਆਂ ਤੇ ਕੰਮ ਮਾਲਕਾਂ ਵਿਚ ਆਰਥਿਕ ਪਾੜਾ ਲਗਾਤਾਰ ਵੱਧ ਰਿਹਾ ਹੈ ਅਤੇ ਆਉਣ ਵਾਲੇ ਦਿਨਾਂ ਵਿਚ ਹੋਰ ਲੋਕ ਵੀ ਆਪਣੀਆਂ ਮੰਗਾਂ ਲਈ ਸੰਘਰਸ਼ ਕਰਨਗੇ।

Global Allianz
LAW FIRM LLP
ਕਾਨੂੰਨੀ ਸਲਾਹਾਂ

Atul Kapoor
C.E.O
- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ

Asylum & Deportation Defense

Neat Allen Sawyer
Attorney at law
Designed By Punjab Mail USA
555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਹੈਰਿਸ ਵੱਲੋਂ ਕੈਪੀਟਲ ਗੇਨ ਟੈਕਸ ਦਰ ਨੂੰ 28 ਫੀਸਦੀ ਕਰਨ ਦਾ ਪ੍ਰਸਤਾਵ

ਨਾਰਥ ਹੈਂਪਟਨ, (ਪੰਜਾਬ ਮੇਲ)- ਡੈਮੋਕਰੇਟਿਕ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ ਕਮਲਾ ਹੈਰਿਸ ਨੇ ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਆਪਣੇ ਵਿੱਤੀ ਸਾਲ 2025 ਦੇ ਬਜਟ ਵਿਚ ਪ੍ਰਸਤਾਵਿਤ 39.6 ਫੀਸਦੀ ਦਰ ਦੀ ਬਜਾਏ 1 ਮਿਲੀਅਨ ਡਾਲਰ ਜਾਂ ਇਸ ਤੋਂ ਵੱਧ ਕਮਾਈ ਕਰਨ ਵਾਲਿਆਂ ਲਈ ਪੂੰਜੀ ਲਾਭ ਟੈਕਸ ਦਰ ਨੂੰ 28 ਫੀਸਦੀ ਕਰਨ ਦਾ ਪ੍ਰਸਤਾਵ ਕੀਤਾ ਹੈ।



ਵਾਈਸ ਪ੍ਰੈਜ਼ੀਡੈਂਟ ਹੈਰਿਸ ਨੇ ਸਮਰਥਕਾਂ ਨੂੰ ਕਿਹਾ ਕਿ ਉਹ ਨਵੇਂ ਛੋਟੇ ਕਾਰੋਬਾਰਾਂ ਲਈ 50,000 ਡਾਲਰ ਟੈਕਸ ਕਟੌਤੀ ਲਈ ਜ਼ੋਰ ਦੇਵੇਗੀ, ਜੋ ਮੌਜੂਦਾ ਟੈਕਸ ਬਰੇਕ ਤੋਂ 10 ਗੁਣਾ ਵੱਧ ਹੈ।

ਹੈਰਿਸ ਨੇ ਕਿਹਾ, "ਰਾਸ਼ਟਰਪਤੀ ਹੋਣ ਦੇ ਨਾਤੇ, ਮੇਰੀ ਸਭ ਤੋਂ ਉੱਚੀ ਤਰਜੀਹ ਅਮਰੀਕਾ ਦੇ ਛੋਟੇ ਕਾਰੋਬਾਰਾਂ ਨੂੰ ਮਜ਼ਬੂਤ ਕਰਨਾ ਹੋਵੇਗੀ, ਇਹ ਨੋਟ ਕਰਦੇ ਹੋਏ ਕਿ ਛੋਟੇ ਕਾਰੋਬਾਰ ਸੰਯੁਕਤ ਰਾਜ ਵਿਚ ਪ੍ਰਾਈਵੇਟ ਸੈਕਟਰ ਦੇ ਅੱਧੇ ਕਰਮਚਾਰੀਆਂ ਨੂੰ ਨੌਕਰੀ ਦਿੰਦੇ ਹਨ"। ਸਮਾਲ ਬਿਜ਼ਨਸ ਐਡਮਿਨਿਸਟ੍ਰੇਸ਼ਨ ਦੇ ਅਨੁਸਾਰ, 2023 ਵਿਚ ਰਿਕਾਰਡ 5.5 ਮਿਲੀਅਨ ਨਵੀਆਂ ਬਿਜ਼ਨਸ ਐਪਲੀਕੇਸ਼ਨਾਂ ਦਾਇਰ ਕੀਤੀਆਂ ਗਈਆਂ ਸਨ।

ਹੈਰਿਸ ਨੇ ਕਿਹਾ ਕਿ ਉਹ ਛੋਟੇ ਕਾਰੋਬਾਰਾਂ ਨੂੰ ਘੱਟ ਅਤੇ ਬਿਨਾਂ ਵਿਆਜ ਦੇ ਕਰਜ਼ੇ ਦੇਣ ਦੀ ਵੀ ਯੋਜਨਾ ਬਣਾ ਰਹੀ ਹੈ।

ਉਸਨੇ ਕਿਹਾ ਕਿ ਉਸਨੇ ਬਾਇਡਨ ਦੁਆਰਾ ਪ੍ਰਸਤਾਵਿਤ ਅਰਬਪਤੀਆਂ ਲਈ ਇੱਕ ਘੱਟੋ-ਘੱਟ ਟੈਕਸ ਦਾ ਸਮਰਥਨ ਕੀਤਾ।

ਹੈਰਿਸ ਨੇ ਆਪਣੇ ਰਿਪਬਲਿਕਨ ਵਿਰੋਧੀ, ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਉਸ ਦੀਆਂ ਯੋਜਨਾਵਾਂ ਸੰਘੀ ਪ੍ਰੋਗਰਾਮਾਂ ਨੂੰ ਕੱਟ ਦੇਣਗੀਆਂ, ਜੋ ਛੋਟੇ ਕਾਰੋਬਾਰਾਂ ਨੂੰ ਕਰਜ਼ੇ ਦੀ ਪੇਸ਼ਕਸ਼ ਕਰਦੇ ਹਨ, ਕਾਰਪੋਰੇਟ ਟੈਕਸ ਦਰਾਂ ਨੂੰ ਘਟਾਉਂਦੇ ਹਨ ਅਤੇ ਯੂ.ਐੱਸ. ਘਾਟੇ ਨੂੰ ਉੱਚਾ ਕਰਦੇ ਹਨ।

## ਹੁਣ ਟਰੰਪ ਦਾ ਪੰਨਾ ਬੰਦ ਕਰਨ ਦਾ ਸਮਾਂ : ਕਮਲਾ ਹੈਰਿਸ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਦੀ ਉਪ-ਰਾਸ਼ਟਰਪਤੀ ਕਮਲਾ ਹੈਰਿਸ ਨੇ ਰਾਸ਼ਟਰਪਤੀ ਦੌੜ 'ਚ ਪ੍ਰਵੇਸ਼ ਕਰਨ ਤੋਂ ਬਾਅਦ ਆਪਣੇ ਪਹਿਲੀ ਟੀ.ਵੀ. ਇੰਟਰਵਿਊ 'ਚ ਅਮਰੀਕਾ ਦੇ ਉਤਸ਼ਾਹੀ ਲੋਕਾਂ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਦੀਬਾਸ਼ ਨਾਲ ਇਕ ਇੰਟਰਵਿਊ 'ਚ ਸਰਹੱਦ ਪਾਰ ਘੁਸਪੈਠ (ਮੈਕਸੀਕਨਾਂ ਤੋਂ) ਦਾ ਮੁਕਾਬਲਾ ਕਰਨ ਲਈ ਇਕ ਵਿਆਪਕ ਬਿੱਲ ਪੇਸ਼ ਕਰਨ ਦਾ ਵਾਅਦਾ ਵੀ ਕੀਤਾ ਸੀ।

ਇਸ ਇੰਟਰਵਿਊ 'ਚ ਕਮਲਾ ਹੈਰਿਸ ਨੇ ਸਾਬਕਾ ਰਾਸ਼ਟਰਪਤੀ ਅਤੇ ਉਨ੍ਹਾਂ ਦੇ ਵਿਰੋਧੀ ਡੋਨਾਲਡ ਟਰੰਪ 'ਤੇ ਵਰ੍ਹਦਿਆਂ ਟਰੰਪ 'ਤੇ ਦੇਸ਼ ਦੀ ਆਰਥਿਕਤਾ ਨੂੰ ਬਰਬਾਦ ਕਰਨ ਦਾ ਦੋਸ਼ ਲਗਾਇਆ। ਇਸ ਦੇ ਨਾਲ ਉਨ੍ਹਾਂ ਨੇ ਕਿਹਾ ਕਿ ਟਰੰਪ ਨੇ ਬਹੁਤ ਵਾਅਦੇ ਕੀਤੇ ਸਨ ਪਰ ਉਨ੍ਹਾਂ 'ਚੋਂ ਇਕ ਵੀ ਪੂਰਾ ਨਹੀਂ ਕਰ ਸਕੇ। ਰਾਸ਼ਟਰਪਤੀ ਜੋਅ ਬਾਇਡਨ ਦੀ ਵੀ ਤਾਰੀਫ ਕਰਦਿਆਂ ਹੈਰਿਸ ਨੇ ਕਿਹਾ, 'ਮੈਂ ਚਾਰ ਸਾਲਾਂ ਤੋਂ ਉਨ੍ਹਾਂ ਨਾਲ ਕੰਮ ਕੀਤਾ ਹੈ ਅਤੇ ਮੈਂ ਕਦੀ ਵੀ ਕਿਸੇ ਨੂੰ ਇੰਨਾ ਬੁੱਧੀਮਾਨ ਅਤੇ ਮੁਸ਼ਕਲ ਤੋਂ ਬਾਹਰ ਨਿਕਲਣ ਦਾ ਰਸਤਾ ਲੱਭਣ ਦੇ ਯੋਗ ਨਹੀਂ ਦੇਖਿਆ ਹੈ। ਇਜ਼ਰਾਈਲ ਨੂੰ ਹਥਿਆਰ ਦੇਣ ਦੇ ਬਾਇਡਨ ਦੇ ਫੈਸਲੇ ਨੂੰ ਜਾਇਜ਼ ਠਹਿਰਾਉਂਦੇ ਹੋਏ ਹੈਰਿਸ ਨੇ ਕਿਹਾ ਕਿ ਇਜ਼ਰਾਈਲ ਨੂੰ ਸਵੈ-ਰੱਖਿਆ ਦਾ ਪੂਰਾ ਅਧਿਕਾਰ ਹੈ ਅਤੇ ਇਸ ਲਈ ਉਸ ਨੂੰ ਹਰ ਸੰਭਵ ਮਦਦ ਦਿੱਤੀ ਜਾਣੀ ਚਾਹੀਦੀ ਹੈ। ਇਸ ਦੇ ਨਾਲ ਹੀ ਉਨ੍ਹਾਂ ਫਲਸਤੀਨ ਦੀ ਆਜ਼ਾਦੀ ਦਾ ਵੀ ਪੱਖ ਪੂਰਿਆ।

ਕਮਲਾ ਹੈਰਿਸ ਨੂੰ ਇਕ ਪੱਤਰਕਾਰ ਵੱਲੋਂ ਪੁੱਛਿਆ ਗਿਆ ਕਿ ਡੋਨਾਲਡ ਟਰੰਪ ਵੱਲੋਂ ਆਪਣੇ ਕਾਲੇ ਪੁਰਖਾਂ ਅਤੇ ਉਸਦੇ ਭਾਰਤੀ ਵੰਸ਼ ਦੀ ਤਿੱਖੀ

## 90 ਤੋਂ ਵੱਧ ਕੰਪਨੀਆਂ ਦੇ ਸੀਨੀਅਰ ਅਧਿਕਾਰੀਆਂ ਵੱਲੋਂ ਹੈਰਿਸ ਲਈ ਸਮਰਥਨ ਦਾ ਐਲਾਨ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਚੋਣਾਂ 'ਚ ਭਾਰਤੀ ਮੂਲ ਦੀ ਡੈਮੋਕ੍ਰੇਟਿਕ ਉਮੀਦਵਾਰ ਕਮਲਾ ਹੈਰਿਸ ਨੂੰ ਨਾ ਸਿਰਫ ਆਮ ਅਮਰੀਕੀਆਂ ਦਾ ਸਗੋਂ ਨਾਮੀ ਕੰਪਨੀਆਂ ਦੇ ਸੀਨੀਅਰ ਅਧਿਕਾਰੀਆਂ ਦਾ ਵੀ ਪੂਰਾ ਸਮਰਥਨ ਮਿਲ ਰਿਹਾ ਹੈ। 90 ਤੋਂ ਵੱਧ ਕੰਪਨੀਆਂ ਦੇ ਉੱਚ ਅਧਿਕਾਰੀਆਂ ਨੇ ਹੈਰਿਸ ਲਈ ਆਪਣੇ ਸਮਰਥਨ ਦਾ ਖੁਲਾਸਾ ਕੀਤਾ।



ਹੈਰਿਸ ਦਾ ਸਮਰਥਨ ਕਰਨ ਵਾਲੇ ਇਨ੍ਹਾਂ ਅਧਿਕਾਰੀਆਂ ਵਿਚ ਯੈਲਪ ਅਤੇ ਚੋਬਾਨੀ ਦੇ ਮੁੱਖ ਕਾਰਜਕਾਰੀ ਦੇ ਨਾਲ-ਨਾਲ ਪੈਪਸੀਕੋ, ਫੋਰਡ ਮੋਟਰਜ਼ ਅਤੇ ਯਾਹੂ ਦੇ ਸਾਬਕਾ ਸੀ.ਈ.ਓ. ਸ਼ਾਮਲ ਹਨ। ਇਨ੍ਹਾਂ ਵਿਚ ਖੇਡ ਅਤੇ ਨਿਵੇਸ਼ ਖੇਤਰ ਦੇ ਉੱਚ ਅਧਿਕਾਰੀ ਸ਼ਾਮਲ ਹਨ।

ਹੈਰਿਸ ਦੀ ਮੁਹਿੰਮ ਟੀਮ ਦੁਆਰਾ ਪ੍ਰਦਾਨ ਕੀਤੇ ਗਏ ਪੱਤਰ ਦੇ ਅਨੁਸਾਰ, ਅਰਬਪਤੀ ਮਾਰਕ ਕਿਊਬਨ, ਸਾਬਕਾ 21ਵੀਂ ਸੈਂਚੁਰੀ ਫੌਕਸ ਦੇ ਸੀ.ਈ.ਓ. ਜੇਮਸ ਮਰਡੋਕ ਅਤੇ ਅਰਵਿਨ 'ਮੈਜਿਕ' ਜਾਨਸਨ ਨੇ ਹੈਰਿਸ ਦਾ ਸਮਰਥਨ ਕੀਤਾ ਹੈ।

ਇਨ੍ਹਾਂ ਤੋਂ ਇਲਾਵਾ ਮਰਕ, ਏਟਨਾ, ਗੋਡੈਡੀ, ਬਲੈਕਸਟੋਨ ਅਤੇ ਸਟਾਰਬਕਸ ਦੇ ਸਾਬਕਾ ਮੁੱਖ ਕਾਰਜਕਾਰੀ, ਐਮਰਸਨ ਕਲੈਕਟਿਵ ਦੇ ਮੁਖੀ ਲੌਰੇਨ ਪਾਵੇਲ ਜੌਬਸ ਅਤੇ ਐਪਲ ਦੇ ਸਾਬਕਾ ਸੀ.ਈ.ਓ. ਸਟੀਵ ਜੌਬਸ ਦੀ ਪਤਨੀ ਵੀ ਹੈਰਿਸ ਦੇ ਸਮਰਥਨ ਵਿਚ ਸਾਹਮਣੇ ਆਏ ਹਨ।

ਇਨ੍ਹਾਂ ਸਾਰਿਆਂ ਨੇ ਸਾਂਝੇ ਪੱਤਰ ਵਿਚ ਕਿਹਾ ਹੈ ਕਿ ਉਨ੍ਹਾਂ ਨੂੰ ਭਰੋਸਾ ਹੈ ਕਿ 5 ਨਵੰਬਰ ਨੂੰ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਵਿਚ ਰਿਪਬਲਿਕਨ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਸਾਹਮਣਾ ਕਰਨ ਜਾ ਰਹੇ ਡੈਮੋਕ੍ਰੇਟਿਕ ਉਮੀਦਵਾਰ ਹੈਰਿਸ ਅਰਥਵਿਵਸਥਾ ਨੂੰ ਮਜ਼ਬੂਤ ਕਰਨ ਅਤੇ ਅਮਰੀਕੀ ਲੋਕਤੰਤਰ ਦੀ ਰੱਖਿਆ ਲਈ ਕੰਮ ਕਰਦੇ ਰਹਿਣਗੇ।

ਉਸਨੇ ਪੱਤਰ ਵਿਚ ਲਿਖਿਆ ਹੈ ਕਿ ਹੈਰਿਸ ਦਾ ਅਮਰੀਕਾ ਵਿਚ ਵਪਾਰਕ ਨਿਵੇਸ਼ ਨੂੰ ਉਤਸ਼ਾਹਿਤ ਕਰਨ ਅਤੇ ਅਮਰੀਕੀ ਕਾਰੋਬਾਰਾਂ ਨੂੰ ਗਲੋਬਲ ਮਾਰਕੀਟ ਵਿਚ ਮੁਕਾਬਲਾ ਕਰਨ ਅਤੇ ਜਿੱਤਣ ਨੂੰ ਯਕੀਨੀ ਬਣਾਉਣ ਦਾ ਚੰਗਾ ਟਰੈਕ ਰਿਕਾਰਡ ਹੈ।

ਸਮੂਹ ਨੇ ਅੱਗੇ ਕਿਹਾ ਕਿ ਉਹ ਉਮੀਦ ਕਰਦਾ ਹੈ ਕਿ ਹੈਰਿਸ ਨਿਰਪੱਖ ਅਤੇ ਲਾਭਕਾਰੀ ਨੀਤੀਆਂ ਨੂੰ ਜਾਰੀ ਰੱਖੇਗਾ ਜੋ ਕਾਨੂੰਨ ਦੇ ਸ਼ਾਸਨ, ਸਥਿਰਤਾ ਅਤੇ ਬਿਹਤਰ ਕਾਰੋਬਾਰੀ ਮਾਹੌਲ ਨੂੰ ਯਕੀਨੀ ਬਣਾਉਂਦੀਆਂ ਹਨ। ਉਹ ਹਰ ਅਮਰੀਕੀ ਨੂੰ ਉਨ੍ਹਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਦਾ ਮੌਕਾ ਦੇਣ ਦੀ ਕੋਸ਼ਿਸ਼ ਕਰੇਗੀ।

ਤੁਹਾਨੂੰ ਦੱਸ ਦੇਈਏ ਕਿ ਕਮਲਾ

# ਅਮਰੀਕਾ ਦੇ 248 ਸਾਲਾਂ ਦੇ ਇਤਿਹਾਸ 'ਚ ਟਰੰਪ ਤੋਂ ਵੱਡਾ ਕੋਈ ਖਤਰਾ ਨਹੀਂ: ਸਾਬਕਾ ਅਮਰੀਕੀ ਉਪ ਰਾਸ਼ਟਰਪਤੀ ਡਿਕ ਚੇਨੀ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਚੋਣਾਂ ਵਿਚ ਭਾਰਤੀ ਮੂਲ ਦੀ ਕਮਲਾ ਹੈਰਿਸ ਦਾ ਸਮਰਥਨ ਕਰਨ ਵਾਲੇ ਲੋਕਾਂ ਦੀ ਗਿਣਤੀ ਦਿਨੋਂ-ਦਿਨ ਵਧਦੀ ਜਾ ਰਹੀ ਹੈ। ਹੁਣ ਵਿਰੋਧੀ ਰਿਪਬਲਿਕਨ ਪਾਰਟੀ ਦੇ ਇਕ ਸੀਨੀਅਰ ਨੇਤਾ ਨੇ ਆਪਣੀ ਪਾਰਟੀ ਦੇ ਉਮੀਦਵਾਰ ਡੋਨਾਲਡ ਟਰੰਪ ਦੀ ਬਜਾਏ ਹੈਰਿਸ ਨੂੰ ਸਮਰਥਨ ਦੇਣ ਦਾ ਖੁੱਲ੍ਹ ਕੇ ਐਲਾਨ ਕੀਤਾ ਹੈ।

ਰਿਪਬਲਿਕਨ ਪਾਰਟੀ ਦੇ ਨੇਤਾ ਅਤੇ ਸਾਬਕਾ ਉਪ ਰਾਸ਼ਟਰਪਤੀ ਡਿਕ ਚੇਨੀ ਨੇ ਕਿਹਾ ਹੈ ਕਿ 5 ਨਵੰਬਰ ਨੂੰ ਹੋਣ ਵਾਲੀਆਂ ਅਮਰੀਕੀ ਚੋਣਾਂ 'ਚ ਉਹ ਰਿਪਬਲਿਕਨ ਪਾਰਟੀ ਦੇ ਸਾਬਕਾ ਪ੍ਰਧਾਨ ਡੋਨਾਲਡ ਟਰੰਪ ਦੀ ਬਜਾਏ ਡੈਮੋਕ੍ਰੇਟਿਕ ਪਾਰਟੀ ਦੇ ਰਾਸ਼ਟਰਪਤੀ



ਅਹੁਦੇ ਦੀ ਉਮੀਦਵਾਰ ਕਮਲਾ ਹੈਰਿਸ ਨੂੰ ਵੋਟ ਪਾਉਣਗੇ।

5 ਨਵੰਬਰ ਨੂੰ ਹੋਣ ਵਾਲੀਆਂ ਚੋਣਾਂ ਲਈ ਟਰੰਪ ਅਤੇ ਹੈਰਿਸ ਵਿਚਾਲੇ ਸਖ਼ਤ ਮੁਕਾਬਲਾ ਹੈ। ਆਪਣੀ ਪਾਰਟੀ 'ਤੇ ਟਰੰਪ ਦੇ ਕੰਟਰੋਲ ਅਤੇ ਉਸ ਦੀਆਂ ਕਾਰਵਾਈਆਂ ਤੋਂ ਤੰਗ ਆਏ ਕੁਝ ਰਿਪਬਲਿਕਨ ਨੇਤਾਵਾਂ ਨੇ ਹਾਲ ਹੀ 'ਚ ਹੈਰਿਸ ਦਾ ਸਮਰਥਨ ਕਰਨ ਦੀ ਗੱਲ ਕਹੀ ਹੈ। ਇਨ੍ਹਾਂ ਵਿਚ ਦਰਜਨਾਂ ਲੋਕ ਸ਼ਾਮਲ ਹਨ, ਜੋ ਸਾਬਕਾ ਰਾਸ਼ਟਰਪਤੀ ਜਾਰਜ ਐੱਚ. ਡਬਲਯੂ ਬੁਸ਼ ਅਤੇ ਜਾਰਜ ਡਬਲਯੂ ਬੁਸ਼ ਦੇ ਕਰਮਚਾਰੀ ਸਨ।

ਯਾਦ ਰਹੇ ਕਿ ਡਿਕ ਚੇਨੀ 2001 ਤੋਂ 2009 ਤੱਕ ਰਿਪਬਲਿਕਨ ਰਾਸ਼ਟਰਪਤੀ ਜਾਰਜ ਡਬਲਯੂ ਬੁਸ਼ ਦੀ ਸਰਕਾਰ ਵਿਚ ਉਪ ਰਾਸ਼ਟਰਪਤੀ ਰਹੇ ਸਨ। ਉਸ ਨੂੰ ਕਈ ਸਾਲਾਂ ਤੋਂ ਮਨੁੱਖੀ ਅਧਿਕਾਰ ਸਮੂਹਾਂ ਦੀ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਹੈ ਕਿਉਂਕਿ ਉਹ ਅਫਗਾਨਿਸਤਾਨ ਅਤੇ ਇਰਾਕ ਵਿਚ ਅਮਰੀਕੀ ਯੁੱਧਾਂ ਦਾ ਮੁੱਖ ਯੋਜਨਾਕਾਰ ਸੀ। ਇਨ੍ਹਾਂ ਯੁੱਧਾਂ ਵਿਚ ਵੱਡੀ ਗਿਣਤੀ 'ਚ ਲੋਕ ਮਾਰੇ ਗਏ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋਈ। ਇਰਾਕ ਦੀ ਲੜਾਈ ਇਸ ਝੂਠ 'ਤੇ ਆਧਾਰਿਤ ਸੀ ਕਿ ਬਗਦਾਦ ਕੋਲ ਵਿਆਪਕ ਤਬਾਹੀ ਦੇ ਹਥਿਆਰ ਸਨ, ਜੋ ਕਦੇ ਨਹੀਂ ਮਿਲੇ ਸਨ।

# ਚੋਣ ਫੰਡਿੰਗ 'ਚ ਕਮਲਾ ਹੈਰਿਸ ਆਪਣੇ ਵਿਰੋਧੀ ਟਰੰਪ ਤੋਂ ਤਿੰਨ ਕਦਮ ਅੱਗੇ !

ਵਾਸ਼ਿੰਗਟਨ, (ਪੰਜਾਬ ਮੇਲ)- ਹਾਲਾਂਕਿ ਅਮਰੀਕੀ ਰਾਸ਼ਟਰਪਤੀ ਚੋਣਾਂ 'ਚ ਵੋਟਿੰਗ 'ਚ ਅਜੇ ਸਮਾਂ ਬਾਕੀ ਹੈ ਪਰ ਜੇਕਰ ਚੋਣ ਫੰਡਿੰਗ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਕਮਲਾ ਹੈਰਿਸ ਆਪਣੇ ਵਿਰੋਧੀ ਡੋਨਾਲਡ ਟਰੰਪ ਤੋਂ ਤਿੰਨ ਕਦਮ ਅੱਗੇ ਹਨ। ਜੇਕਰ ਅਸੀਂ ਅਗਸਤ ਮਹੀਨੇ 'ਚ ਦੋਵਾਂ ਦੀ ਚੋਣ ਫੰਡਿੰਗ 'ਤੇ ਨਜ਼ਰ ਮਾਰੀਏ ਤਾਂ ਹੈਰਿਸ ਨੂੰ ਟਰੰਪ ਦੇ ਮੁਕਾਬਲੇ ਤਿੰਨ ਗੁਣਾ ਰਾਸ਼ੀ ਮਿਲੀ ਹੈ।

ਕਮਲਾ ਹੈਰਿਸ ਦੀ ਰਾਸ਼ਟਰਪਤੀ ਮੁਹਿੰਮ ਅਤੇ ਡੈਮੋਕ੍ਰੇਟਿਕ ਪਾਰਟੀ ਨੇ ਅਗਸਤ ਮਹੀਨੇ ਵਿੱਚ 361 ਮਿਲੀਅਨ ਡਾਲਰ ਇਕੱਠੇ ਕੀਤੇ। ਇਸ ਕਾਰਨ ਹੈਰਿਸ ਮੁਹਿੰਮ ਨੇ ਸਤੰਬਰ ਦੀ ਸ਼ੁਰੂਆਤ ਤੱਕ ਚੋਣ ਖਰਚਿਆਂ ਲਈ 404 ਮਿਲੀਅਨ ਡਾਲਰ ਦੀ ਨਕਦੀ ਇਕੱਠੀ ਕੀਤੀ ਹੈ।

ਇਸ ਦੇ ਨਾਲ ਹੀ ਰਿਪਬਲਿਕਨ ਉਮੀਦਵਾਰ ਟਰੰਪ ਦੀ ਪ੍ਰਚਾਰ ਟੀਮ ਨੇ ਕਿਹਾ ਹੈ ਕਿ ਉਸ ਨੇ ਅਤੇ ਰਿਪਬਲਿਕਨ ਪਾਰਟੀ ਨੇ ਮਿਲ ਕੇ ਅਗਸਤ ਮਹੀਨੇ ਵਿਚ 130 ਮਿਲੀਅਨ ਡਾਲਰ ਦੀ ਰਕਮ ਇਕੱਠੀ ਕੀਤੀ ਹੈ। ਇਸ ਤਰ੍ਹਾਂ, ਉਸ ਕੋਲ ਇਸ ਸਮੇਂ ਚੋਣ ਖਰਚਿਆਂ ਲਈ 295

**■ ਅਗਸਤ 'ਚ ਟਰੰਪ ਨਾਲੋਂ ਤਿੰਨ ਗੁਣਾ ਵਧ ਰਕਮ ਮਿਲੀ**



ਮਿਲੀਅਨ ਡਾਲਰ ਦੀ ਨਕਦੀ ਬਚੀ ਹੈ।

ਅੰਦਾਜ਼ਾ ਹੈ ਕਿ ਇਸ ਚੋਣ ਵਿਚ ਦੋਵਾਂ ਉਮੀਦਵਾਰਾਂ ਦੇ ਪ੍ਰਚਾਰ ਮੁਹਿੰਮਾਂ 'ਤੇ ਇਕ ਅਰਬ ਡਾਲਰ ਤੋਂ ਵੱਧ ਖਰਚ ਕੀਤੇ ਜਾਣਗੇ। ਜੇਕਰ ਅਜਿਹਾ ਹੁੰਦਾ ਹੈ, ਤਾਂ ਇਹ ਆਪਣੇ ਆਪ ਵਿਚ ਇੱਕ ਰਿਕਾਰਡ ਹੋਵੇਗਾ। ਟਰੰਪ ਅਤੇ ਹੈਰਿਸ ਇਸ ਫੰਡਿੰਗ ਦੀ ਵਰਤੋਂ ਇਸ਼ਤਿਹਾਰਾਂ ਅਤੇ ਨਜ਼ਦੀਕੀ ਮੁਕਾਬਲੇ ਵਾਲੇ ਰਾਜਾਂ ਵਿਚ ਆਪਣੀਆਂ ਮੁਹਿੰਮਾਂ 'ਤੇ ਕਰ ਰਹੇ ਹਨ।

ਉਮੀਦਵਾਰਾਂ ਦੇ ਫੰਡ ਇਕੱਠਾ ਕਰਨ ਦੀਆਂ ਮੁਹਿੰਮਾਂ ਦੀ ਅਮਰੀਕੀ ਚੋਣ ਰੈਗੂਲੇਟਰਾਂ ਦੁਆਰਾ ਨੇੜਿਓਂ ਨਿਗਰਾਨੀ ਕੀਤੀ ਜਾਂਦੀ ਹੈ। ਇਸ ਰਕਮ ਨੂੰ ਉਮੀਦਵਾਰਾਂ ਨੂੰ ਮਿਲੇ ਸਮਰਥਨ ਦਾ ਸੂਚਕ ਵੀ ਮੰਨਿਆ ਜਾਂਦਾ ਹੈ। ਇਸ ਰਕਮ ਵਿਚ ਉਮੀਦਵਾਰਾਂ ਦਾ ਸਮਰਥਨ ਕਰਨ ਵਾਲੇ ਬਾਹਰੀ ਸਮੂਹਾਂ ਦੁਆਰਾ ਇਕੱਠੀ ਕੀਤੀ ਗਈ ਰਕਮ ਸ਼ਾਮਲ ਨਹੀਂ ਹੈ।

ਚੋਣ ਫੰਡਿੰਗ ਦੇ ਇਹ ਅੰਕੜੇ ਹੈਰਿਸ ਅਤੇ ਟਰੰਪ ਵਿਚਕਾਰ ਪਹਿਲੀ ਟੈਲੀਵਿਜ਼ਨ ਬਹਿਸ ਤੋਂ ਪਹਿਲਾਂ ਆਏ ਹਨ। ਰਾਸ਼ਟਰਪਤੀ ਜੋਅ ਬਾਇਡਨ ਦੇ ਦੌੜ ਤੋਂ ਪਿੱਛੇ ਹਟਣ ਅਤੇ 21 ਜੁਲਾਈ ਨੂੰ ਹੈਰਿਸ ਨੂੰ ਆਪਣਾ ਉੱਤਰਾਧਿਕਾਰੀ ਘੋਸ਼ਿਤ ਕਰਨ ਦੇ ਨਾਲ, ਡੈਮੋਕਰੇਟਿਕ ਪਾਰਟੀ ਫੰਡਰੇਜ਼ਰ ਅਤੇ ਦਾਨਕਰਤਾ ਬਹੁਤ ਸਰਗਰਮ ਹੋ ਗਏ ਹਨ।

ਹੈਰਿਸ ਦੀ ਮੁਹਿੰਮ ਦਾ ਦਾਅਵਾ ਹੈ ਕਿ ਅਗਸਤ ਵਿਚ ਹੈਰਿਸ ਲਈ ਆਪਣੇ ਬਟੂਏ ਖੋਲ੍ਹਣ ਵਾਲੇ 1.3 ਮਿਲੀਅਨ ਨਵੇਂ ਦਾਨੀਆਂ ਵਿਚੋਂ ਤਿੰਨ ਚੌਥਾਈ ਉਹ ਹਨ, ਜਿਨ੍ਹਾਂ ਨੇ 2020 ਦੀਆਂ ਰਾਸ਼ਟਰਪਤੀ ਚੋਣਾਂ ਵਿਚ ਯੋਗਦਾਨ ਨਹੀਂ ਪਾਇਆ। ਅਗਸਤ ਵਿਚ ਫੰਡ ਦੇਣ ਵਾਲੇ 10 ਵਿਚੋਂ 6 ਤੋਂ ਵੱਧ ਦਾਨੀ ਔਰਤਾਂ ਸਨ, ਜਦੋਂਕਿ ਪੰਜ ਵਿਚੋਂ ਇੱਕ ਰਜਿਸਟਰਡ ਰਿਪਬਲਿਕਨ ਜਾਂ ਸੁਤੰਤਰ ਵੋਟਰ ਸੀ।




## ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦਾ ਜਨਮ ਦਿਹਾੜਾ 4, 5 ਅਤੇ 6 ਅਕਤੂਬਰ ਨੂੰ ਮਨਾਉਣ ਸੰਬੰਧੀ ਤਿਆਰੀਆਂ ਸ਼ੁਰੂ

**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)-** ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦੇ 4, 5 ਅਤੇ 6 ਅਕਤੂਬਰ 2024 ਨੂੰ ਜਨਮ ਦਿਨ ਮਨਾਉਣ ਵਾਸਤੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਬਾਬਾ ਬੁੱਢਾ ਜੀ ਸੰਸਥਾ ਦੇ ਪ੍ਰਧਾਨ ਡਾਕਟਰ ਸੁਰਿੰਦਰ ਪਾਲ ਸਿੰਘ ਤੁੰਗ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਅਸੀਂ 4, 5 ਅਤੇ 6 ਅਕਤੂਬਰ ਨੂੰ ਬੜੀ ਸ਼ਰਧਾ ਨਾਲ ਬਾਬਾ ਬੁੱਢਾ ਜੀ ਦਾ ਜਨਮ ਦਿਹਾੜਾ ਮਨਾ ਰਹੇ ਹਾਂ। ਗੁਰੂ ਘਰ ਦੀ ਕਮੇਟੀ ਵੱਲੋਂ ਅਤੇ ਬਾਬਾ ਬੁੱਢਾ ਜੀ ਸੰਸਥਾ ਵੱਲੋਂ ਹੁੰਮਹੁਮਾ ਕੇ ਪਰਿਵਾਰਾਂ ਸਮੇਤ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਇਸ ਮੌਕੇ



ਮੁੱਖ ਤੌਰ 'ਤੇ ਗਿਆਨੀ ਹਰਪਾਲ ਸਿੰਘ ਜੀ ਫਤਿਹਗੜ੍ਹ ਸਾਹਿਬ ਵਾਲੇ ਬਾਬਾ ਜੀ ਦੀ ਜੀਵਨੀ ਬਾਰੇ ਚਾਨਣਾ ਪਾਉਣਗੇ।

## ਕਮਲਾ ਹੈਰਿਸ ਜਿੱਤੇਗੀ ਅਮਰੀਕੀ ਨੋਸਟ੍ਰਾਡੇਮਸ ਵਿਸ਼ਲੇਸ਼ਕ ਐਲਨ ਲਿਚਮੈਨ ਦੀ ਭਵਿੱਖਬਾਣੀ

**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਚੋਣਾਂ ਦੇ ਨੋਸਟ੍ਰਾਡੇਮਸ ਵਜੋਂ ਜਾਣੇ ਜਾਂਦੇ ਚੋਣ ਵਿਸ਼ਲੇਸ਼ਕ ਐਲਨ ਲਿਚਮੈਨ ਨੇ ਇਸ ਵਾਰ ਅਮਰੀਕੀ ਰਾਸ਼ਟਰਪਤੀ ਚੋਣਾਂ ਦੇ ਜੇਤੂ ਦਾ ਐਲਾਨ ਕੀਤਾ ਹੈ। ਉਨ੍ਹਾਂ ਭਵਿੱਖਬਾਣੀ ਕੀਤੀ ਕਿ ਡੈਮੋਕ੍ਰੇਟਿਕ ਉਮੀਦਵਾਰ ਕਮਲਾ ਹੈਰਿਸ ਵ੍ਹਾਈਟ ਹਾਊਸ ਦੀ ਸੀਟ ਜਿੱਤੇਗੀ। ਉਨ੍ਹਾਂ ਕਿਹਾ ਕਿ 'ਹੈਰਿਸ ਇੱਕ ਮਹਾਂਸ਼ਕਤੀ ਦੇ ਭਵਿੱਖ ਦੇ ਰਾਸ਼ਟਰਪਤੀ ਹੋਣ ਦਾ ਜ਼ਿਕਰ ਕੀਤਾ ਗਿਆ ਹੈ। ਸਾਬਕਾ ਰਾਸ਼ਟਰਪਤੀ ਰਿਪਬਲਿਕਨ ਡੋਨਾਲਡ ਟਰੰਪ ਅਤੇ ਡੈਮੋਕ੍ਰੇਟਿਕ ਪਾਰਟੀ ਦੀ ਕਮਲਾ ਹੈਰਿਸ ਇਸ ਚੋਣ ਵਿਚ ਦੋ ਉਮੀਦਵਾਰ ਮੁਕਾਬਲਾ ਕਰ




ਰਹੇ ਹਨ। ਐਲਨ ਲਿਚਮੈਨ ਪਿਛਲੇ 40 ਸਾਲਾਂ ਤੋਂ 'ਕੀਜ਼ ਟੂ ਵ੍ਹਾਈਟ ਹਾਊਸ' ਦੀ ਨੀਤੀ ਦੇ ਤਹਿਤ ਸਹੀ ਭਵਿੱਖਬਾਣੀ ਕਰ ਰਿਹਾ ਹੈ ਕਿ ਅਮਰੀਕਾ ਦਾ ਰਾਸ਼ਟਰਪਤੀ ਕੌਣ ਹੋਵੇਗਾ।

## ਖੁਫੀਆ ਅਧਿਕਾਰੀਆਂ ਵੱਲੋਂ ਖੁਲਾਸਾ; ਰੂਸ, ਚੀਨ ਤੇ ਈਰਾਨ ਅਮਰੀਕੀ ਚੋਣਾਂ ਨੂੰ ਪ੍ਰਭਾਵਿਤ ਕਰਨ ਦੀ ਕਰ ਰਹੇ ਨੇ ਕੋਸ਼ਿਸ਼

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਖੁਫੀਆ ਅਧਿਕਾਰੀਆਂ ਦਾ ਮੰਨਣਾ ਹੈ ਕਿ ਰੂਸ, ਚੀਨ ਅਤੇ ਈਰਾਨ 5 ਨਵੰਬਰ ਨੂੰ ਹੋਣ ਵਾਲੀ ਰਾਸ਼ਟਰਪਤੀ ਚੋਣ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਇਕ ਸੀਨੀਅਰ ਅਮਰੀਕੀ ਖੁਫੀਆ ਅਧਿਕਾਰੀ ਦੇ ਹਵਾਲੇ ਨਾਲ ਰਾਇਟਰਜ਼ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਰੂਸ ਅਮਰੀਕੀ ਚੋਣਾਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰਨ ਵਾਲਾ ਸਭ ਤੋਂ ਸਰਗਰਮ ਵਿਰੋਧੀ ਹੈ, ਜਦੋਂਕਿ ਚੀਨ ਡਾਊਨ-ਬੈਲਟ ਰੇਸ ਨੂੰ ਪ੍ਰਭਾਵਿਤ ਕਰਨ 'ਤੇ ਧਿਆਨ ਦੇ ਰਿਹਾ ਹੈ।

ਅਧਿਕਾਰੀ ਨੇ ਦਾਅਵਾ ਕੀਤਾ ਕਿ ਈਰਾਨ ਪਿਛਲੀਆਂ ਚੋਣਾਂ ਦੇ ਮੁਕਾਬਲੇ ਇਸ ਵਾਰ ਜ਼ਿਆਦਾ ਸਰਗਰਮ ਹੈ ਅਤੇ ਰਾਸ਼ਟਰਪਤੀ ਅਤੇ ਸੰਸਦੀ ਚੋਣਾਂ 'ਚ ਵੋਟਰਾਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਮੀਡੀਆ ਨਾਲ ਗੱਲਬਾਤ ਕਰਦਿਆਂ ਅਧਿਕਾਰੀ ਨੇ ਕਿਹਾ ਕਿ ਖੁਫੀਆ ਭਾਈਚਾਰਾ ਵਿਦੇਸ਼ੀ ਪ੍ਰਭਾਵ ਨੂੰ ਰੋਕਣ ਲਈ ਪਹਿਲਾਂ ਨਾਲੋਂ ਜ਼ਿਆਦਾ ਗਿਣਤੀ 'ਚ ਨਿੱਜੀ ਚਿਤਾਵਨੀਆਂ ਜਾਰੀ ਕਰ ਰਿਹਾ ਹੈ।

ਰੂਸ ਦੇ ਸਰਕਾਰੀ ਮੀਡੀਆ ਨੈੱਟਵਰਕ ਆਰਟੀ ਦੇ ਦੋ ਕਰਮਚਾਰੀਆਂ ਦੇ ਖਿਲਾਫ ਅਮਰੀਕਾ ਵਿਚ ਮਨੀ ਲਾਂਡਰਿੰਗ ਦੇ ਦੋਸ਼ ਦਾਇਰ ਕੀਤੇ ਜਾਣ ਤੋਂ ਬਾਅਦ ਹੋਈ ਇਸ ਬ੍ਰੀਫਿੰਗ ਵਿਚ, ਅਧਿਕਾਰੀਆਂ ਨੇ ਕਿਹਾ ਕਿ ਇੱਕ



ਅਮਰੀਕੀ ਕੰਪਨੀ ਦੀਆਂ ਸੇਵਾਵਾਂ ਦੀ ਵਰਤੋਂ ਆਨਲਾਈਨ ਸਮੱਗਰੀ ਬਣਾਉਣ ਲਈ ਕੀਤੀ ਗਈ ਸੀ, ਜੋ 2024 ਦੀਆਂ ਰਾਸ਼ਟਰਪਤੀ ਚੋਣਾਂ ਦੀਆਂ ਤਿਆਰੀਆਂ ਨੂੰ ਪ੍ਰਭਾਵਤ ਕਰ ਸਕਦੀ ਸੀ ਚੱਲ ਰਹੇ ਸਨ।

ਨਿਆਂ ਵਿਭਾਗ ਦੇ ਅਧਿਕਾਰੀਆਂ ਨੇ ਕਿਹਾ ਕਿ ਦੋ ਰੂਸੀ ਟੀ.ਵੀ. ਕਰਮਚਾਰੀਆਂ ਨੇ ਅਮਰੀਕਾ ਵਿਚ ਰਾਜਨੀਤਿਕ ਵੰਡ ਨੂੰ ਭੜਕਾਉਣ ਦੇ ਉਦੇਸ਼ ਨਾਲ ਇੱਕ ਟੈਨੇਸੀ ਕੰਪਨੀ ਨਾਲ ਗੱਲ ਕੀਤੀ ਸੀ। ਕੰਪਨੀ ਨੂੰ ਆਨਲਾਈਨ ਵੀਡੀਓ ਬਣਾਉਣ ਲਈ 10 ਮਿਲੀਅਨ ਡਾਲਰ ਦਾ ਭੁਗਤਾਨ ਕਰਨਾ ਪਿਆ। ਇਹ ਭੁਗਤਾਨ ਸ਼ੈੱਲ ਕੰਪਨੀਆਂ ਅਤੇ ਫਰਜ਼ੀ ਪਛਾਣ ਦੇ ਆਧਾਰ 'ਤੇ ਕੀਤਾ ਜਾ ਰਿਹਾ ਸੀ।

ਇਸ ਤੋਂ ਪਹਿਲਾਂ ਮਈ ਵਿਚ ਅਮਰੀਕੀ ਅਧਿਕਾਰੀਆਂ ਨੇ ਸੈਨੇਟ ਦੀ ਇੱਕ ਕਮੇਟੀ ਨੂੰ ਦੱਸਿਆ ਸੀ ਕਿ ਇਸ ਵਾਰ ਵੱਡੀ ਗਿਣਤੀ ਵਿਚ ਵਿਦੇਸ਼ੀ ਤਾਕਤਾਂ ਚੋਣਾਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਇਨ੍ਹਾਂ ਵਿਚ ਰੂਸ, ਚੀਨ ਅਤੇ ਈਰਾਨ ਸਭ ਤੋਂ ਅੱਗੇ ਹਨ। ਉਹ ਆਪਣੇ ਗੈਰ ਸਰਕਾਰੀ

## ਅਮਰੀਕਾ 'ਚ ਦਾਖਲ ਹੋਣ ਲਈ 'ਨਰਕ' ਵਰਗੇ ਰਾਹਾਂ ਤੋਂ ਲੰਘਦੇ ਹਨ ਭਾਰਤੀ

**ਵਾਸ਼ਿੰਗਟਨ, (ਪੰਜਾਬ ਮੇਲ)-** ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖਲ ਹੋਣ ਵਾਲੇ 10-12 ਫੀਸਦੀ ਲੋਕ ਜਾਂ ਤਾਂ ਮਰ ਜਾਂਦੇ ਹਨ ਜਾਂ ਰਸਤੇ ਵਿਚ ਹੀ ਮਾਰੇ ਜਾਂਦੇ ਹਨ। 'ਡੰਕੀ ਰੂਟ' ਇੱਕ ਮੁਨਾਫ਼ੇ ਵਾਲਾ ਕਾਰੋਬਾਰ ਬਣ ਗਿਆ ਹੈ। ਮਨੁੱਖੀ ਤਸਕਰ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਅਮਰੀਕਾ ਲਿਜਾਣ ਲਈ ਪ੍ਰਤੀ ਵਿਅਕਤੀ 50 ਹਜ਼ਾਰ ਤੋਂ 1 ਲੱਖ ਡਾਲਰ (ਕਰੀਬ 40 ਲੱਖ ਤੋਂ 80 ਲੱਖ ਰੁਪਏ) ਵਸੂਲਦੇ ਹਨ। ਅਮਰੀਕਾ ਪਹੁੰਚਣ ਅਤੇ



'ਅਮਰੀਕਨ ਸੁਪਨੇ' ਨੂੰ ਪੂਰਾ ਕਰਨ ਦੀ ਬੇਚੈਨੀ ਭਾਰਤ ਵਿਚ ਬੇਰੁਜ਼ਗਾਰੀ, ਘੱਟ ਆਮਦਨੀ ਅਤੇ ਪੇਂਡੂ ਅਰਥਚਾਰੇ ਵਿਚ ਸੰਕਟ ਕਾਰਨ ਹੈ। ਬਹੁਤ ਸਾਰੇ ਪਰਿਵਾਰ ਇਨ੍ਹਾਂ ਗੈਰ-ਕਾਨੂੰਨੀ ਪਰਵਾਸ ਸੇਵਾਵਾਂ ਲਈ ਭੁਗਤਾਨ ਕਰਨ ਲਈ ਆਪਣੀ ਜ਼ਮੀਨ, ਗਹਿਣੇ ਅਤੇ ਇੱਥੋਂ ਤੱਕ ਕਿ ਆਪਣੇ ਘਰ ਵੀ ਵੇਚ ਦਿੰਦੇ ਹਨ।

ਹਜ਼ਾਰਾਂ ਭਾਰਤੀ ਡੰਕੀ ਰੂਟ ਜਾਂ ਡੰਕੀ ਫਲਾਈਟ ਜ਼ਰੀਏ ਹਰ ਸਾਲ ਅਮਰੀਕਾ, ਬ੍ਰਿਟੇਨ ਜਾਂ ਕਿਸੇ ਹੋਰ ਯੂਰਪੀ ਦੇਸ਼ ਪਹੁੰਚਣ ਦੀ ਕੋਸ਼ਿਸ਼ ਕਰਦੇ ਹਨ। ਇਸ ਯਾਤਰਾ ਵਿਚ ਵੱਖ-ਵੱਖ ਦੇਸ਼ਾਂ ਵਿਚ ਕਈ ਸਟਾਪਾਂ ਤੋਂ ਲੰਘਣਾ ਪੈਂਦਾ ਹੈ, ਜਿਸ ਵਿਚ ਪਨਾਮਾ, ਕੋਸਟਾ ਰੀਕਾ, ਅਲ ਸੈਲਵਾਡੋਰ ਅਤੇ ਗੁਆਟੇਮਾਲਾ ਵਰਗੇ ਮੱਧ ਅਮਰੀਕੀ ਦੇਸ਼ ਸ਼ਾਮਲ ਹਨ, ਜਿੱਥੇ ਭਾਰਤੀ ਨਾਗਰਿਕ ਆਸਾਨੀ ਨਾਲ ਵੀਜ਼ਾ ਪ੍ਰਾਪਤ ਕਰ ਸਕਦੇ ਹਨ। ਮੈਕਸੀਕੋ ਅਤੇ ਦੱਖਣੀ ਅਮਰੀਕਾ ਦੇ ਵਿਚਕਾਰ ਸਥਿਤ, ਇਹ ਦੇਸ਼ ਮੈਕਸੀਕੋ ਰਾਹੀਂ ਅਮਰੀਕਾ ਵਿਚ ਦਾਖਲ ਹੋਣ ਵਾਲੇ ਗੈਰ-ਕਾਨੂੰਨੀ ਪ੍ਰਵਾਸੀਆਂ ਲਈ ਪ੍ਰਵੇਸ਼ ਦੁਆਰ ਵਜੋਂ ਕੰਮ ਕਰਦੇ ਹਨ। ਜਾਂਚ ਮੁਤਾਬਕ ਇਸ ਖ਼ਤਰਨਾਕ ਸਫ਼ਰ ਨੂੰ ਦੋ ਸਾਲ ਲੱਗ ਸਕਦੇ ਹਨ। ਅਪਰਾਧਿਕ ਗਿਰੋਹਾਂ ਦੇ ਹੱਥੋਂ ਲੁੱਟ, ਗੰਭੀਰ ਸੱਟਾਂ, ਬਲਾਤਕਾਰ ਅਤੇ ਮੌਤ ਸਮੇਤ ਬਹੁਤ ਸਾਰੇ ਜੋਖਮ ਸ਼ਾਮਲ ਹਨ। ਇਹ ਇਕੋ ਇਕ ਰਸਤਾ ਨਹੀਂ ਹੈ, ਜਿਸ ਰਾਹੀਂ ਗੈਰ-ਕਾਨੂੰਨੀ ਪ੍ਰਵਾਸੀ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਹਨ। ਗੈਰ-ਕਾਨੂੰਨੀ ਪ੍ਰਵਾਸੀ ਕੈਨੇਡਾ ਰਾਹੀਂ ਵੀ ਜਾਣ ਦੀ ਕੋਸ਼ਿਸ਼ ਕਰਦੇ ਹਨ।




# ਮੇਰੇ ਨਾਨਾ ਜੀ ਭਾਰਤ ਦੀ ਆਜ਼ਾਦੀ ਲਈ ਲੜੇ : ਕਮਲਾ ਹੈਰਿਸ

**ਵਾਸ਼ਿੰਗਟਨ, (ਰਾਜ ਗੋਗਨਾ/ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਚੋਣ ਲਈ ਡੈਮੋਕ੍ਰੇਟਿਕ ਨਾਮਜ਼ਦਗੀ ਲਈ ਚੋਣ ਮੈਦਾਨ 'ਚ ਅਮਰੀਕੀ ਉਪ-ਰਾਸ਼ਟਰਪਤੀ ਕਮਲਾ ਹੈਰਿਸ ਨੇ ਗ੍ਰੈਂਡ ਪੇਰੈਂਟਸ ਡੇਅ ਦੇ ਮੌਕੇ 'ਤੇ ਆਪਣੇ ਨਾਨਾ-ਨਾਨੀ ਨੂੰ ਯਾਦ ਕਰਦੇ ਹੋਏ ਐਕਸ 'ਤੇ ਇਕ ਭਾਵੁਕ ਪੋਸਟ ਕੀਤੀ ਹੈ। ਪੋਸਟ ਵਿਚ ਕਮਲਾ ਨੇ ਆਪਣੇ ਨਾਨਾ-ਨਾਨੀ ਪੀ.ਵੀ. ਗੋਪਾਲਨ ਅਤੇ ਰਾਜਮ ਗੋਪਾਲਨ ਨੂੰ ਯਾਦ ਕਰਦਿਆਂ ਇੱਕ ਪੁਰਾਣੀ ਪਰਿਵਾਰਕ ਫੋਟੋ ਵੀ ਸਾਂਝੀ ਕੀਤੀ ਅਤੇ ਭਾਰਤ ਵਿਚ ਬਿਤਾਏ ਦਿਨਾਂ ਨੂੰ ਵੀ ਯਾਦ ਕੀਤਾ। ਕਮਲਾ ਹੈਰਿਸ ਨੇ ਪੋਸਟ ਕੀਤਾ ਹੈ ਕਿ 'ਜਦੋਂ ਮੈਂ ਭਾਰਤ 'ਚ ਆਪਣੇ ਨਾਨਾ-ਨਾਨੀ ਨੂੰ ਮਿਲਣ ਜਾਂਦੀ ਸੀ, ਤਾਂ ਮੇਰੇ ਨਾਨਾ ਜੀ ਮੈਨੂੰ ਸਵੇਰ ਦੀ ਸੈਰ 'ਤੇ ਲੈ ਜਾਂਦੇ ਸਨ ਅਤੇ ਮੇਰੇ ਨਾਲ ਅਸਮਾਨਤਾ ਅਤੇ ਭ੍ਰਿਸ਼ਟਾਚਾਰ ਨਾਲ ਲੜਨ ਦੇ ਮਹੱਤਵ 'ਤੇ ਚਰਚਾ ਕਰਦੇ ਸਨ।



ਉਹ ਇੱਕ ਸੇਵਾਮੁਕਤ ਸਿਵਲ ਸੇਵਕ ਸੀ, ਜੋ ਭਾਰਤ ਦੀ ਆਜ਼ਾਦੀ ਅੰਦੋਲਨ ਦਾ ਵੀ ਹਿੱਸਾ ਸੀ।' ਉਨ੍ਹਾਂ ਦੇ ਮਾਰਗ 'ਤੇ ਚੱਲਦੇ ਬਿਹਤਰ ਭਵਿੱਖ ਲਈ ਕੰਮ ਕਰਨ ਦੀ ਵਚਨਬੱਧਤਾ ਅਜੇ ਵੀ ਮੇਰੇ ਅੰਦਰ ਜ਼ਿੰਦਾ ਹੈ। ਕਮਲਾ ਹੈਰਿਸ ਦੇ ਨਾਨਾ ਪੀ.ਵੀ. ਗੋਪਾਲਨ ਨੇ ਬਸਤੀਵਾਦੀ ਦੌਰ ਦੌਰਾਨ ਦੇਸ਼ ਦੀ ਆਜ਼ਾਦੀ ਤੋਂ ਬਾਅਦ ਭਾਰਤ ਸਰਕਾਰ ਅਤੇ ਬ੍ਰਿਟਿਸ਼ ਪ੍ਰਸ਼ਾਸਨ ਦੋਵਾਂ ਲਈ ਕੰਮ ਕੀਤਾ। ਕੁਝ ਰਿਪੋਰਟਾਂ ਅਨੁਸਾਰ, ਗੋਪਾਲਨ ਨੇ ਪੂਰਬੀ ਪਾਕਿਸਤਾਨ (ਹੁਣ ਬੰਗਲਾਦੇਸ਼) ਤੋਂ ਸ਼ਰਨਾਰਥੀਆਂ ਨੂੰ ਭਾਰਤ ਲਿਆਉਣ ਵਿਚ ਵੀ ਮਦਦ ਕੀਤੀ ਸੀ। ਉਸ ਨੇ ਜ਼ੈਂਬੀਆ ਦੇ ਸਾਬਕਾ ਰਾਸ਼ਟਰਪਤੀ ਕੇਨੇਥ ਕੌਂਡਾ ਦੇ

## ਸਾਬਕਾ ਰਾਸ਼ਟਰਪਤੀ ਜਾਰਜ ਬੁੱਸ਼ ਟਰੰਪ ਜਾਂ ਹੈਰਿਸ ਵਿਚੋਂ ਕਿਸੇ ਦਾ ਵੀ ਨਹੀਂ ਕਰਨਗੇ ਸਮਰਥਨ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਸਾਬਕਾ ਅਮਰੀਕੀ ਰਾਸ਼ਟਰਪਤੀ ਜਾਰਜ ਡਬਲਯੂ ਬੁੱਸ਼ 2024 ਦੀਆਂ ਰਾਸ਼ਟਰਪਤੀ ਚੋਣਾਂ 'ਚ ਰਿਪਬਲੀਕਨ ਉਮੀਦਵਾਰ ਡੋਨਾਲਡ ਟਰੰਪ ਜਾਂ ਡੈਮੋਕਰੈਟਿਕ ਉਮੀਦਵਾਰ ਕਮਲਾ ਹੈਰਿਸ ਵਿਚੋਂ ਕਿਸੇ ਦਾ ਵੀ ਸਮਰਥਨ ਨਹੀਂ ਕਰਨਗੇ ਤੇ ਉਸ ਦੀ ਪਤਨੀ ਸਾਬਕਾ ਪ੍ਰਥਮ ਔਰਤ ਲੌਰਾ ਬੁੱਸ਼ ਦੀ ਆਪਣੀ ਵੋਟ ਪਾਉਣ ਬਾਰੇ ਕੋਈ ਯੋਜਨਾ ਨਹੀਂ ਹੈ। ਬੁਲਾਰੇ ਨੇ ਕਿਹਾ ਕਿ ਸਾਬਕਾ ਰਾਸ਼ਟਰਪਤੀ ਬੁੱਸ਼ ਕਈ ਸਾਲ ਪਹਿਲਾਂ ਹੀ ਰਾਜਨੀਤੀ ਤਿਆਗ ਚੁੱਕੇ ਹਨ। ਜਾਰਜ ਬੁੱਸ਼ ਦੇ ਸਾਬਕਾ ਉੱਪ ਰਾਸ਼ਟਰਪਤੀ ਡਿੱਕ ਚੇਨੀ ਵੱਲੋਂ ਰਾਸ਼ਟਰਪਤੀ ਚੋਣਾਂ ਵਿਚ ਪਾਰਟੀ ਲਾਈਨ ਪਾਰ ਕਰਕੇ ਕਮਲਾ ਹੈਰਿਸ ਨੂੰ ਵੋਟ ਪਾਉਣ ਦਾ ਐਲਾਨ ਕੀਤੇ ਜਾਣ ਤੋਂ ਬਾਅਦ ਬੁਲਾਰੇ ਦਾ ਉਕਤ ਬਿਆਨ ਆਇਆ ਹੈ। ਚੇਨੀ, ਜਿਨ੍ਹਾਂ ਨੇ ਬੁੱਸ਼ ਤਹਿਤ 2001 ਤੋਂ 2009 ਤੱਕ ਉੱਪ ਰਾਸ਼ਟਰਪਤੀ ਵਜੋਂ ਸੇਵਾਵਾਂ ਨਿਭਾਈਆਂ ਸਨ, ਨੇ ਬੀਤੇ ਦਿਨੀਂ ਕਿਹਾ ਸੀ ਕਿ "ਸਾਡੇ ਦੇਸ਼ ਦੇ 248 ਸਾਲਾਂ ਦੇ ਇਤਿਹਾਸ ਵਿਚ ਵਿਅਕਤੀਗਤ ਤੌਰ 'ਤੇ ਕੋਈ ਵੀ ਵਿਅਕਤੀ ਲੋਕਤੰਤਰ ਲਈ ਓਨਾ ਵੱਡਾ ਖਤਰਾ ਨਹੀਂ ਬਣਿਆ, ਜਿੰਨਾ ਡੋਨਾਲਡ ਟਰੰਪ ਹੈ। ਚੇਨੀ ਨੇ ਟਰੰਪ ਨੂੰ ਕਾਇਰ ਕਰਾਰ ਦਿੱਤਾ ਸੀ। ਹੈਰਿਸ ਨੇ ਚੇਨੀ ਦੇ ਐਲਾਨ ਦਾ ਸਵਾਗਤ ਕਰਦਿਆਂ ਕਿਹਾ ਸੀ ਕਿ ਉਨ੍ਹਾਂ ਵਿਚ ਰਾਜਸੀ ਪਾਰਟੀ ਦੀ ਬਜਾਏ ਦੇਸ਼ ਨੂੰ ਉਪਰ ਰਖਣ ਦਾ ਹੌਂਸਲਾ ਤੇ ਜ਼ੁਅਰਤ ਹੈ। ਇਸੇ ਦੌਰਾਨ ਮਾਈਕ ਪੈਂਸ ਜਿਸ ਨੇ 4 ਸਾਲ ਟਰੰਪ ਦੇ ਉੱਪ ਰਾਸ਼ਟਰਪਤੀ ਵਜੋਂ ਸੇਵਾਵਾਂ ਨਿਭਾਈਆਂ ਸਨ, ਨੇ ਕਿਹਾ ਹੈ ਕਿ ਉਹ ਆਪਣੇ ਸਾਬਕਾ ਬੌਸ ਦਾ ਸਮਰਥਨ ਨਹੀਂ ਕਰਨਗੇ ਪਰੰਤੂ ਹੈਰਿਸ ਦੀ ਪਿੱਠ ਵੀ ਨਹੀਂ ਥਾਪੜਨਗੇ।

## ਮਿਲਵਾਕੀ ਦੇ ਗੁਰਦੁਆਰਾ ਦੇ ਮੁੱਖ ਸੇਵਾਦਾਰ ਅਤੇ ਸਮਾਜ ਸੇਵੀ ਹਰਭਜਨ ਸਿੰਘ ਸੰਧਾਵਾਲੀਆ ਦਾ ਸਿਆਟਲ ਵਿਖੇ ਸਨਮਾਨ ਅਤੇ ਸਵਾਗਤ



**ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਰਹੇ ਸ. ਹਰਭਜਨ ਸਿੰਘ ਸੰਧਾਵਾਲੀਆ ਦਾ ਸਵਾਗਤ ਕਰਦੇ ਸਮੇਂ।**

**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)**- ਸ. ਹਰਭਜਨ ਸਿੰਘ ਸੰਧਾਵਾਲੀਆ ਆਪਣੀ ਪਤਨੀ ਹਰਵਿੰਦਰ ਬੀਰ ਕੌਰ ਸੰਧਾਵਾਲੀਆ ਨਾਲ ਵਿਆਹ ਸਮਾਗਮ ਵਿਚ ਹਾਜ਼ਰੀ ਭਰਨ ਲਈ ਸਿਆਟਲ ਪਹੁੰਚੇ, ਜਿੱਥੇ ਉਨ੍ਹਾਂ ਦਾ ਨਿੱਘਾ ਸਵਾਗਤ ਅਤੇ ਸਨਮਾਨ ਕੀਤਾ ਗਿਆ। ਗੁਰਦੀਪ ਸਿੰਘ ਸਿੱਧੂ ਨੇ ਸ਼ਾਲ ਪਾ ਕੇ ਗੁਰਦੁਆਰਾ ਸਾਹਿਬ ਦੇ ਸਾਬਕਾ ਪ੍ਰਧਾਨ ਅਤੇ ਸਮਾਜ ਸੇਵੀ ਸ. ਹਰਭਜਨ ਸਿੰਘ ਸੰਧਾਵਾਲੀਆ ਤੇ ਉਨ੍ਹਾਂ ਦੀ ਪਤਨੀ ਦਾ ਨਿੱਘਾ ਸਵਾਗਤ ਅਤੇ ਸਨਮਾਨ ਕੀਤਾ। ਇਸ ਮੌਕੇ ਦੱਸਿਆ ਗਿਆ ਕਿ ਇਹ ਨਾਮਵਾਰੀ ਸਮਾਜ ਸੇਵੀ ਹਨ, ਜੋ ਕਿ ਸਾਂਝੇ ਕਮਿਊਨਿਟੀ ਦੇ ਕੰਮਾਂ ਵਿਚ ਵੱਧ-ਚੜ੍ਹ ਕੇ ਦਾਨ ਪੂਜਾ ਅਤੇ ਵਧੀਆਂ ਸੇਵਾਵਾਂ ਨਿਭਾਉਂਦੇ ਹਨ। ਪ੍ਰਧਾਨ ਹੁੰਦਿਆਂ ਉਨ੍ਹਾਂ ਗੁਰਦੁਆਰੇ ਲਈ ਅਜਿਹੇ ਕੰਮ ਕੀਤੇ, ਜਿਨ੍ਹਾਂ ਨਾਲ ਉਨ੍ਹਾਂ ਨੂੰ ਅਜੇ ਵੀ ਯਾਦ ਕੀਤਾ ਜਾਂਦਾ ਹੈ।

# ਟਰੰਪ ਦੀ ਦੁਨੀਆਂ ਭਰ ਦੇ ਦੇਸ਼ਾਂ ਨੂੰ ਖੁੱਲ੍ਹੀ ਧਮਕੀ!

- **ਕਿਹਾ: 'ਡਾਲਰ' ਛੱਡਣ ਵਾਲੇ ਦੇਸ਼ਾਂ ਨੂੰ ਭੁਗਤਣਾ ਪਵੇਗਾ ਅੰਜਾਮ**
- **ਅਮਰੀਕਾ ਦੀ ਅਰਥਵਿਵਸਥਾ ਤੋਂ ਦੁਨੀਆਂ ਦਾ ਭਰੋਸਾ ਡਗਮਗਾਇਆ**

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਡੋਨਾਲਡ ਟਰੰਪ ਨੇ ਦੁਨੀਆਂ ਭਰ ਦੇ ਦੇਸ਼ਾਂ ਨੂੰ ਖੁੱਲ੍ਹੀ ਧਮਕੀ ਦਿੱਤੀ ਹੈ। ਵਿਸਕਾਨਸਿਨ ਸੂਬੇ 'ਚ ਇਕ ਰੈਲੀ ਦੌਰਾਨ ਟਰੰਪ ਨੇ ਕਿਹਾ ਕਿ ਜੇਕਰ ਤੁਸੀਂ 'ਡਾਲਰ' ਦੀ ਵਰਤੋਂ ਛੱਡ ਰਹੇ ਹੋ, ਤਾਂ ਤੁਸੀਂ ਅਮਰੀਕਾ ਨਾਲ ਵਪਾਰ ਕਰਨਾ ਭੁੱਲ ਜਾਓ ਕਿਉਂਕਿ ਅਸੀਂ ਤੁਹਾਡੇ 'ਤੇ 100 ਫੀਸਦੀ ਟੈਰਿਫ ਲਗਾਵਾਂਗੇ। ਟਰੰਪ ਦੇ ਇਸ ਬਿਆਨ ਨੂੰ ਬ੍ਰਿਕਸ ਦੇਸ਼ਾਂ 'ਤੇ ਹਮਲਾ ਮੰਨਿਆ ਜਾ ਰਿਹਾ ਹੈ, ਜੋ ਡਾਲਰ ਦੀ ਬਜਾਏ ਕਿਸੇ ਹੋਰ ਕਰੰਸੀ ਨੂੰ ਅੰਤਰਰਾਸ਼ਟਰੀ ਕਰੰਸੀ ਬਣਾਉਣਾ ਚਾਹੁੰਦੇ ਹਨ। ਬ੍ਰਿਕਸ ਦੇਸ਼ਾਂ ਤੋਂ ਇਲਾਵਾ ਹੋਰ ਵੀ ਕਈ ਦੇਸ਼ ਹਨ, ਜੋ ਆਪਸੀ ਵਪਾਰ ਦੇ ਸਮੇਂ ਡਾਲਰ ਨੂੰ ਬਾਈਪਾਸ ਕਰਨ ਬਾਰੇ ਸੋਚਦੇ ਹਨ।

'ਅਮਰੀਕਾ ਫਸਟ' ਦੀ ਨੀਤੀ ਦੇ ਨਾਲ ਆਪਣੇ ਪਿਛਲੇ ਕਾਰਜਕਾਲ ਦੌਰਾਨ ਸੁਰੱਖਿਆਵਾਦੀ ਰਵੱਈਆ ਰੱਖਣ ਵਾਲੇ ਟਰੰਪ ਨੇ ਰੈਲੀ ਦੌਰਾਨ ਕਿਹਾ ਕਿ ਪਿਛਲੇ ਅੱਠ ਸਾਲਾਂ ਵਿਚ ਡਾਲਰ ਇੱਕ ਵੱਡੀ ਘੇਰਾਬੰਦੀ ਦਾ ਸ਼ਿਕਾਰ ਰਿਹਾ ਹੈ। ਬੀਤੇ ਸਾਲ ਇਕ ਸਮੂਹ ਦੇ ਸੰਮੇਲਨ ਵਿਚ ਡੀ-ਡਾਲਰਾਈਜ਼ੇਸ਼ਨ ਨੂੰ ਲੈ ਕੇ ਵੀ ਚਰਚਾ ਹੋਈ। ਟਰੰਪ ਨੇ ਕਿਹਾ ਕਿ ਮੈਂ ਚਾਹੁੰਦਾ ਹਾਂ ਕਿ ਡਾਲਰ ਦੁਨੀਆਂ ਦੀ ਰਿਜ਼ਰਵ ਕਰੰਸੀ ਬਣਿਆ ਰਹੇ ਅਤੇ ਮੈਂ ਇਸ ਮਕਸਦ ਲਈ ਕੁਝ ਵੀ ਕਰਨ ਲਈ ਤਿਆਰ ਹਾਂ। ਆਈ.ਐੱਮ.ਐੱਫ. ਅਨੁਸਾਰ ਅਮਰੀਕੀ ਮੁਦਰਾ ਅਜੇ ਵੀ 2024 ਦੀ ਪਹਿਲੀ ਤਿਮਾਹੀ ਵਿਚ ਵਿਦੇਸ਼ੀ ਮੁਦਰਾ ਭੰਡਾਰ ਦਾ 59 ਪ੍ਰਤੀਸ਼ਤ ਹੈ, ਜਦੋਂਕਿ ਯੂਰੋ ਲਗਭਗ 20 ਪ੍ਰਤੀਸ਼ਤ ਦੇ ਨਾਲ ਦੂਜੇ ਸਥਾਨ 'ਤੇ ਹੈ।

ਡੋਨਾਲਡ ਟਰੰਪ ਨੂੰ ਭਾਰਤ ਪੱਖੀ ਰਾਸ਼ਟਰਪਤੀ ਵਜੋਂ ਦੇਖਿਆ ਜਾਂਦਾ ਹੈ। ਹਾਲਾਂਕਿ ਟਰੰਪ ਦੇ ਪਿਛਲੇ ਕਾਰਜਕਾਲ ਦੌਰਾਨ ਲਾਗੂ ਸੁਰੱਖਿਆਵਾਦੀ ਨੀਤੀਆਂ ਕਾਰਨ ਭਾਰਤ ਨੂੰ ਵੀ ਨੁਕਸਾਨ ਹੋਇਆ ਹੈ। ਚੀਨ ਤੇ ਅਮਰੀਕਾ ਵਿਚਾਲੇ ਸਿੱਧੀ ਟੈਰਿਫ ਜੰਗ ਹੋਣ ਦੇ ਬਾਵਜੂਦ ਭਾਰਤੀ ਕੰਪਨੀਆਂ ਨੂੰ ਇਸ 'ਚ ਨੁਕਸਾਨ ਵੀ ਝੱਲਣਾ ਪਿਆ। ਭਾਰਤ ਬ੍ਰਿਕਸ ਸਮੂਹ ਦਾ ਹਿੱਸਾ ਹੈ, ਜੋ ਡੀ-ਡਾਲਰਾਈਜ਼ੇਸ਼ਨ ਦੀ ਗੱਲ ਕਰਦਾ ਹੈ। ਭਾਰਤ ਵੀ ਲਗਾਤਾਰ ਆਪਣੇ ਵਪਾਰ ਨੂੰ ਡਾਲਰਾਂ ਤੋਂ ਦੂਰ ਅਤੇ ਆਪਣੇ ਰੁਪਏ ਵਿਚ ਤਬਦੀਲ ਕਰਨਾ ਚਾਹੁੰਦਾ ਹੈ। ਯੂਕ੍ਰੇਨ ਯੁੱਧ ਦੌਰਾਨ ਭਾਰਤ ਨੇ ਰੂਸ ਨਾਲ ਜੋ ਵੀ ਵਪਾਰ ਕੀਤਾ, ਉਹ ਕਰੰਸੀ ਐਕਸਚੇਂਜ ਜਾਂ ਕਿਸੇ ਹੋਰ ਕਰੰਸੀ ਦੇ ਰੂਪ ਵਿਚ ਕੀਤਾ ਗਿਆ। ਇਸ ਤੋਂ ਇਲਾਵਾ ਭਾਰਤ ਕੱਚੇ ਤੇਲ ਦਾ ਇੱਕ ਵੱਡਾ ਦਰਾਮਦਕਾਰ ਹੈ, ਅਸੀਂ ਸਾਊਦੀ ਸਮੇਤ ਕਈ ਦੇਸ਼ਾਂ ਨਾਲ ਆਪਣੇ ਸਬੰਧਾਂ ਵਿਚ ਸੁਧਾਰ ਕੀਤਾ ਹੈ ਅਤੇ ਉਨ੍ਹਾਂ ਦੇਸ਼ਾਂ ਨਾਲ ਆਪਣੀ ਮੁਦਰਾ ਵਿਚ ਵਪਾਰ ਵਧਾਇਆ ਹੈ।

ਇਸ ਤੋਂ ਇਲਾਵਾ ਭਾਰਤੀ ਰਿਜ਼ਰਵ ਬੈਂਕ ਵੀ ਅਮਰੀਕਾ ਦੀ ਪੇਮੈਂਟ ਸਿਸਟਮ SWIFT ਦੀ ਥਾਂ ਭਾਰਤੀ ਯੂ.ਪੀ.ਆਈ. ਸਥਾਪਤ ਕਰਨਾ ਚਾਹੁੰਦਾ ਹੈ। ਇਸ ਲਈ ਟਰੰਪ ਦੀ ਇਸ ਧਮਕੀ ਨੂੰ ਭਾਰਤ ਨਾਲ ਵੀ ਜੋੜਿਆ ਜਾ ਰਿਹਾ ਹੈ ਕਿਉਂਕਿ ਜੇਕਰ ਟਰੰਪ ਅਜਿਹਾ ਕਰਦੇ ਹਨ, ਤਾਂ ਇਸ ਦਾ ਅਸਰ ਭਾਰਤ ਦੇ ਵਪਾਰ 'ਤੇ ਪੈਣਾ ਯਕੀਨੀ ਹੈ। ਭਾਰਤ ਤੋਂ ਇਲਾਵਾ ਹੋਰ ਦੇਸ਼ ਵੀ ਡਾਲਰ 'ਤੇ ਨਿਰਭਰਤਾ ਖਤਮ ਕਰਨਾ ਚਾਹੁੰਦੇ ਹਨ, ਸਾਊਦੀ ਅਰਬ, ਚੀਨ ਅਤੇ ਰੂਸ ਇਸ 'ਚ ਸਭ ਤੋਂ ਵੱਡੇ ਖਿਡਾਰੀ ਸਾਬਤ ਹੋਏ ਹਨ।

ਦਰਅਸਲ ਦੁਨੀਆਂ ਭਰ 'ਚ ਡਾਲਰ ਖ਼ਿਲਾਫ਼ ਵਧਦੀ ਵਿਰੋਧ ਦੀ ਆਵਾਜ਼ ਨੇ ਅਮਰੀਕਾ ਨੂੰ ਪਰੇਸ਼ਾਨ ਕਰ ਦਿੱਤਾ ਹੈ। ਟਰੰਪ ਨੇ ਇਹ ਬਿਆਨ ਆਪਣੇ ਆਰਥਿਕ ਸਲਾਹਕਾਰਾਂ ਨਾਲ ਚਰਚਾ ਕਰਨ ਤੋਂ ਬਾਅਦ ਹੀ ਦਿੱਤਾ ਹੈ। ਟਰੰਪ ਜਾਂ ਕੋਈ ਵੀ ਅਮਰੀਕੀ ਰਾਸ਼ਟਰਪਤੀ ਦੁਨੀਆਂ 'ਚ ਡਾਲਰ ਦੇ ਦਬਦਬੇ ਨੂੰ ਘੱਟ ਨਹੀਂ ਹੋਣ ਦੇਣਾ ਚਾਹੇਗਾ ਕਿਉਂਕਿ ਜੇਕਰ ਅਜਿਹਾ ਹੁੰਦਾ ਹੈ, ਤਾਂ ਦੁਨੀਆ 'ਤੇ ਉਨ੍ਹਾਂ ਦਾ ਪ੍ਰਭਾਵ ਘੱਟ ਜਾਵੇਗਾ। ਅਮਰੀਕੀ ਅਰਥਚਾਰੇ ਨੂੰ ਡਾਲਰ ਦੇ ਗਲੋਬਲ ਮੁਦਰਾ ਹੋਣ ਦਾ ਬਹੁਤ ਫ਼ਾਇਦਾ ਹੁੰਦਾ ਹੈ। ਇਸ ਨਾਲ ਅਮਰੀਕਾ ਲਈ ਕਰਜ਼ਾ ਲੈਣਾ ਆਸਾਨ ਹੋ ਜਾਂਦਾ ਹੈ। ਅਮਰੀਕਾ ਹਰ ਸਾਲ ਆਪਣੇ ਬਾਂਡ ਜਾਰੀ ਕਰਦਾ ਹੈ ਅਤੇ ਲੋਕਾਂ ਤੋਂ ਮੁਦਰਾ ਇਕੱਠਾ ਕਰਦਾ ਹੈ। ਇਸ ਨਾਲ ਅਮਰੀਕਾ ਦੀ ਆਰਥਿਕਤਾ ਨੂੰ ਵਧਣਾ ਜਾਰੀ ਰੱਖਣਾ ਆਸਾਨ ਹੋ ਜਾਂਦਾ ਹੈ। ਜਾਪਾਨ ਨੇ ਲਗਭਗ 1 ਟ੍ਰਿਲੀਅਨ ਡਾਲਰ ਦੇ ਅਮਰੀਕੀ ਬਾਂਡ ਖਰੀਦੇ ਹਨ, ਜਦਕਿ ਚੀਨ ਨੇ ਲਗਭਗ 750 ਬਿਲੀਅਨ ਡਾਲਰ ਖਰੀਦੇ ਹਨ, ਪਰ ਪਿਛਲੇ ਕੁਝ ਸਾਲਾਂ ਵਿਚ ਅਮਰੀਕਾ ਦੀ ਆਰਥਿਕ ਸਥਿਤੀ ਨੂੰ ਦੇਖਦੇ ਹੋਏ, ਲੋਕ ਡਾਲਰ ਦੀ ਬਜਾਏ ਕਿਸੇ ਹੋਰ ਕਰੰਸੀ ਨੂੰ ਨਵੀਂ ਅੰਤਰਰਾਸ਼ਟਰੀ ਮੁਦਰਾ ਬਣਾਉਣਾ ਚਾਹੁੰਦੇ ਹਨ। ਚੀਨ ਦਾ ਯੁਆਨ ਇਸ ਦੌੜ ਵਿਚ ਸਭ ਤੋਂ ਅੱਗੇ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# ਪੇਸ਼ੀ 'ਚ ਦੋਸ਼ੀ ਨਾ ਹੋਣ ਦੀ ਦਲੀਲ ਦੇਣਗੇ ਟਰੰਪ

- **ਖ਼ੁਦ ਅਗਲੀ ਪੇਸ਼ੀ 'ਤੇ ਅਦਾਲਤ 'ਚ ਹਾਜ਼ਰ ਨਹੀਂ ਟਰੰਪ**
- **ਆਪਣੇ ਵਕੀਲਾਂ ਨੂੰ ਦਲੀਲਾਂ ਪੇਸ਼ ਕਰਨ ਦਾ ਦਿੱਤਾ ਅਧਿਕਾਰ**

**ਵਾਸ਼ਿੰਗਟਨ, (ਪੰਜਾਬ ਮੇਲ)**- ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ



ਅਦਾਲਤ ਵਿਚ ਦਾਇਰ ਕੀਤੀ ਇੱਕ ਪਟੀਸ਼ਨ ਵਿਚ ਕਿਹਾ ਕਿ ਉਹ ਅਪਰਾਧਿਕ ਦੋਸ਼ਾਂ ਲਈ ਦੋਸ਼ੀ ਨਾ ਹੋਣ ਦੀ ਦਲੀਲ ਦੇਵੇਗਾ। ਇਲਜ਼ਾਮ ਵਿਚ ਉਸ ਉੱਤੇ 2020 ਦੀਆਂ ਚੋਣਾਂ ਵਿਚ ਆਪਣੀ ਹਾਰ ਨੂੰ ਉਲਟਾਉਣ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਗਾਇਆ ਗਿਆ ਹੈ।

5 ਨਵੰਬਰ ਨੂੰ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਵਿਚ ਰਿਪਬਲਿਕਨ ਉਮੀਦਵਾਰ ਟਰੰਪ ਨੇ ਅਦਾਲਤ ਵਿਚ ਪੇਸ਼ ਹੋਣ ਦਾ ਆਪਣਾ ਅਧਿਕਾਰ ਛੱਡ ਦਿੱਤਾ ਹੈ ਅਤੇ ਆਪਣੇ ਵਕੀਲਾਂ ਨੂੰ ਆਪਣੀ ਤਰਫੋਂ ਪਟੀਸ਼ਨ ਦਾਖਲ ਕਰਨ ਦਾ ਅਧਿਕਾਰ ਦਿੱਤਾ ਹੈ।

ਵਿਸ਼ੇਸ਼ ਵਕੀਲ ਜੈਕ ਸਮਿਥ ਦੁਆਰਾ ਪਿਛਲੇ ਹਫ਼ਤੇ ਪ੍ਰਾਪਤ ਕੀਤੇ ਗਏ ਸੋਧੇ ਹੋਏ ਦੋਸ਼ਾਂ ਵਿਚ ਉਹੀ ਚਾਰ ਦੋਸ਼ ਸ਼ਾਮਲ ਹਨ, ਜੋ ਇਸਤਗਾਸਾ ਨੇ ਪਿਛਲੇ ਸਾਲ ਟਰੰਪ ਦੇ ਖਿਲਾਫ ਲਾਏ ਸਨ। ਉਸ 'ਤੇ ਸੰਯੁਕਤ ਰਾਜ ਨੂੰ ਧੋਖਾ ਦੇਣ, ਚੋਣਾਂ ਦੇ ਕਾਂਗਰਸ ਦੇ ਪ੍ਰਮਾਣੀਕਰਣ ਵਿਚ ਰੁਕਾਵਟ ਪਾਉਣ ਅਤੇ ਵੋਟਰਾਂ ਨੂੰ ਨਿਰਪੱਖ ਤੌਰ 'ਤੇ ਵੋਟ ਪਾਉਣ ਦੇ ਉਨ੍ਹਾਂ ਦੇ ਅਧਿਕਾਰ ਤੋਂ ਵਾਂਝੇ ਕਰਨ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਗਾਇਆ ਗਿਆ ਸੀ।

ਯੂ.ਐੱਸ. ਸੁਪਰੀਮ ਕੋਰਟ ਨੇ ਨਿਸ਼ਚਿਤ ਕੀਤਾ ਕਿ ਟਰੰਪ ਨੂੰ ਰਾਸ਼ਟਰਪਤੀ ਵਜੋਂ ਕੀਤੀਆਂ ਗਈਆਂ ਅਧਿਕਾਰਤ ਕਾਰਵਾਈਆਂ 'ਤੇ ਅਪਰਾਧਿਕ ਮੁਕੱਦਮੇ ਤੋਂ ਵਿਆਪਕ ਛੋਟ ਹੈ। ਇਸ ਤੋਂ ਬਾਅਦ ਨਵੇਂ ਦੋਸ਼ ਵਿਚ ਕੁਝ ਦੋਸ਼ਾਂ ਨੂੰ ਹਟਾ ਦਿੱਤਾ ਗਿਆ ਅਤੇ ਦੁਬਾਰਾ ਤਿਆਰ ਕੀਤੇ ਗਏ।

ਟਰੰਪ ਅਗਸਤ 2023 ਵਿਚ ਵਾਸ਼ਿੰਗਟਨ 'ਚ ਸੰਘੀ ਅਦਾਲਤ ਵਿਚ ਪੇਸ਼ ਹੋਏ ਤਾਂ ਕਿ ਉਹ ਸ਼ੁਰੂਆਤੀ ਦੋਸ਼ਾਂ ਲਈ ਦੋਸ਼ੀ ਨਾ ਹੋਣ ਦੀ ਦਲੀਲ ਦੇ ਸਕਣ।

# ਪ੍ਰਵਾਸੀਆਂ ਨੂੰ ਬੰਧਕ ਬਣਾਉਣ 'ਤੇ ਪਾਬੰਦੀ ਲਗਾਉਣਗੇ ਟਰੰਪ

**ਵਾਸ਼ਿੰਗਟਨ, (ਪੰਜਾਬ ਮੇਲ)**- ਟਰੰਪ ਦਾ ਕਹਿਣਾ ਹੈ ਕਿ ਡੈਮੋਕ੍ਰੇਟਸ ਇਮੀਗ੍ਰੇਸ਼ਨ ਨੂੰ ਲੈ ਕੇ ਨਰਮ ਰਵੱਈਆ ਅਪਣਾ ਰਹੇ ਹਨ ਅਤੇ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਆਉਣ ਵਾਲੇ ਪ੍ਰਵਾਸੀਆਂ ਨੂੰ ਡਿਪੋਰਟ ਕੀਤਾ ਜਾਣਾ ਚਾਹੀਦਾ ਹੈ। ਉਸ ਨੇ ਕਿਹਾ ਕਿ ਉਹ ਕੈਲੀਫੋਰਨੀਆ 'ਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਪ੍ਰਵਾਸੀਆਂ ਨੂੰ ਬੰਧਕ ਬਣਾਉਣ 'ਤੇ ਪਾਬੰਦੀ ਲਗਾਉਣਗੇ ਕਿਉਂਕਿ ਉਨ੍ਹਾਂ ਦੇ ਕਾਰਨ ਰਿਹਾਇਸ਼ ਦੀ ਕੀਮਤ ਵਧ ਰਹੀ ਹੈ।

ਹਾਲਾਂਕਿ, ਟਰੰਪ ਨੇ ਆਪਣੇ ਦੋਸ਼ਾਂ ਦੇ ਸਮਰਥਨ ਲਈ ਕੋਈ ਸਬੂਤ ਨਹੀਂ ਦਿੱਤਾ। ਉਸ ਨੇ ਇਹ ਵੀ ਖਾਸ ਜਾਣਕਾਰੀ ਨਹੀਂ ਦਿੱਤੀ ਕਿ ਉਹ ਇਸ ਪਾਬੰਦੀ ਨੂੰ ਕਿਵੇਂ ਲਾਗੂ ਕਰਨਗੇ।

# ਡੋਨਾਲਡ ਟਰੰਪ ਵੱਲੋਂ ਮੁੱਖ ਆਰਥਿਕ ਭਾਸ਼ਣ ਵਿਚ ਇਮੀਗ੍ਰੇਸ਼ਨ 'ਤੇ ਧਿਆਨ ਕੇਂਦਰਿਤ

**ਵਾਸ਼ਿੰਗਟਨ, (ਪੰਜਾਬ ਮੇਲ)**- ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਨਿਊਯਾਰਕ ਦੇ ਆਰਥਿਕ ਕਲੱਬ ਵਿਚ ਇੱਕ ਭਾਸ਼ਣ ਦਿੱਤਾ, ਜਿਸ ਵਿਚ ਰਾਸ਼ਟਰਪਤੀ ਦੇ ਰੂਪ ਵਿਚ ਦੂਜੇ ਕਾਰਜਕਾਲ ਲਈ ਆਪਣੇ ਆਰਥਿਕ ਦ੍ਰਿਸ਼ਟੀਕੋਣ ਦੀ ਰੂਪਰੇਖਾ ਦਿੱਤੀ ਗਈ। ਪੂਰੇ ਭਾਸ਼ਣ ਦੌਰਾਨ, ਟਰੰਪ ਨੇ ਵਾਰ-ਵਾਰ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਕਿਵੇਂ ਸਰਹੱਦਾਂ ਨੂੰ ਸੁਰੱਖਿਅਤ ਕਰਨ ਅਤੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਰੋਕਣ ਦੀ ਲੋੜ ਹੈ।

ਖਾਸ ਤੌਰ 'ਤੇ, ਟਰੰਪ ਨੇ ਚਰਚਾ ਕੀਤੀ ਕਿ ਕਿਵੇਂ ਇਮੀਗ੍ਰੇਸ਼ਨ ਨੌਕਰੀਆਂ ਅਤੇ ਤਨਖਾਹਾਂ ਨੂੰ ਪ੍ਰਭਾਵਤ ਕਰਦੀ ਹੈ। ਉਸਨੇ ਔਸਤ ਅਮਰੀਕੀਆਂ ਦੇ ਆਰਥਿਕ ਸੰਘਰਸ਼ ਨੂੰ ਉਜਾਗਰ ਕਰਦੇ ਹੋਏ ਕਿਹਾ ਕਿ ਲੱਖਾਂ ਅਮਰੀਕੀ ਦੂਜੀਆਂ ਨੌਕਰੀਆਂ ਕਰ ਰਹੇ ਹਨ, ਜਾਂ ਘੱਟ ਤਨਖਾਹ ਪ੍ਰਾਪਤ ਕਰ ਰਹੇ ਹਨ। ਉਸਨੇ ਉਸ ਸੰਘਰਸ਼ ਨੂੰ ਸਾਡੀਆਂ ਸਰਹੱਦਾਂ 'ਤੇ ਗੈਰ-ਕਾਨੂੰਨੀ ਪਰਦੇਸੀਆਂ ਦੀ ਵੱਡੀ ਆਮਦ ਲਈ ਜ਼ਿੰਮੇਵਾਰ ਠਹਿਰਾਇਆ।

ਟਰੰਪ ਨੇ ਦਲੀਲ ਦਿੱਤੀ ਕਿ ਪਿਛਲੇ ਸਾਲ ਵਿਚ ਬਣਾਈਆਂ ਗਈਆਂ ਸਾਰੀਆਂ ਨੌਕਰੀਆਂ ਗੈਰ-ਕਾਨੂੰਨੀ ਪਰਦੇਸੀਆਂ ਨੂੰ ਗਈਆਂ ਹਨ। ਬਿਊਰੋ ਆਫ ਲੇਬਰ ਸਟੈਟਿਸਟਿਕਸ (ਬੀ.ਐੱਲ.ਐੱਸ.) ਦੇ ਅੰਕੜਿਆਂ ਅਨੁਸਾਰ, ਪਿਛਲੇ 12 ਮਹੀਨਿਆਂ ਵਿਚ 1.3 ਮਿਲੀਅਨ ਤੋਂ ਵੱਧ ਮੂਲ-ਜਨਮੇ ਅਮਰੀਕੀ ਨੌਕਰੀਆਂ ਗੁਆ ਚੁੱਕੇ ਹਨ।

ਟਰੰਪ ਨੇ ਇਹ ਵੀ ਚਰਚਾ ਕੀਤੀ ਕਿ ਕਿਵੇਂ ਗੈਰ-ਕਾਨੂੰਨੀ ਇਮੀਗ੍ਰੇਸ਼ਨ ਲਾਭ ਪ੍ਰੋਗਰਾਮਾਂ ਨੂੰ ਪ੍ਰਭਾਵਤ ਕਰਦਾ ਹੈ। ਭਾਸ਼ਣ ਦੇ ਸਬੰਧ ਵਿਚ ਇੱਕ ਸੋਸ਼ਲ ਮੀਡੀਆ ਪੋਸਟ ਵਿਚ, ਆਰਥਿਕ ਕਲੱਬ ਨੇ ਕਿਹਾ ਕਿ ਉਸਨੇ ਡੈਮੋਕ੍ਰੇਟਿਕ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ ਕਮਲਾ ਹੈਰਿਸ ਨੂੰ ਆਪਣੇ ਮੈਂਬਰਾਂ ਦੇ ਸਾਹਮਣੇ ਬੋਲਣ ਦਾ ਸੱਦਾ ਵੀ ਦਿੱਤਾ ਹੈ। ਉਸ ਨੇ ਇਹ ਸੱਦਾ ਸਵੀਕਾਰ ਨਹੀਂ ਕੀਤਾ ਹੈ।

# ਜੇ ਟਰੰਪ ਚੁਣਿਆ ਜਾਂਦਾ ਹੈ, ਤਾਂ ਯੂਨੀਵਰਸਿਟੀਆਂ ਨੂੰ ਮਾਨਤਾ ਅਤੇ ਸੰਘੀ ਸਮਰਥਨ ਹੋ ਜਾਵੇਗਾ ਖਤਮ

**ਲਾਸ ਵੇਗਾਸ, (ਪੰਜਾਬ ਮੇਲ)**- ਰਿਪਬਲਿਕਨ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਡੋਨਾਲਡ ਟਰੰਪ ਨੇ ਯਹੂਦੀ ਦਾਨੀਆਂ ਨੂੰ ਕਿਹਾ ਕਿ ਜੇਕਰ ਉਹ ਵ੍ਹਾਈਟ ਹਾਊਸ ਲਈ ਚੁਣਿਆ ਜਾਂਦਾ ਹੈ, ਤਾਂ ਯੂਨੀਵਰਸਿਟੀਆਂ ਨੂੰ ਮਾਨਤਾ ਅਤੇ ਸੰਘੀ ਸਮਰਥਨ ਖਤਮ ਹੋ ਜਾਵੇਗਾ, ਜਿਸ ਨੂੰ ਉਸਨੇ "ਸੈਮੀਟਿਕ ਪ੍ਰਚਾਰ" ਵਜੋਂ ਦਰਸਾਇਆ ਹੈ। ਲਾਸ ਵੇਗਾਸ ਵਿਚ 1,000 ਤੋਂ ਵੱਧ ਰਿਪਬਲਿਕਨ ਯਹੂਦੀ ਗੱਠਜੋੜ ਦੇ ਦਾਨੀਆਂ ਦੀ ਭੀੜ ਨਾਲ ਰਿਮੋਟ ਤੌਰ 'ਤੇ ਬੋਲਦੇ ਹੋਏ, ਟਰੰਪ ਨੇ ਕਿਹਾ, "ਕਾਲਜਾਂ ਨੂੰ ਯਹੂਦੀ ਵਿਰੋਧੀ ਪ੍ਰਚਾਰ ਨੂੰ ਖਤਮ ਕਰਨਾ ਚਾਹੀਦਾ ਹੈ ਜਾਂ ਉਹ ਆਪਣੀ ਮਾਨਤਾ ਅਤੇ ਸੰਘੀ ਸਮਰਥਨ ਗੁਆ ਦੇਣਗੇ।" ਵਿਦਿਆਰਥੀਆਂ ਨੇ ਗਾਜ਼ਾ ਵਿਚ ਇਜ਼ਰਾਈਲ ਦੇ ਫੌਜੀ ਹਮਲੇ ਦਾ ਵਿਰੋਧ ਕਰਨ ਅਤੇ ਸੰਸਥਾਵਾਂ ਨੂੰ ਇਜ਼ਰਾਈਲ ਦੀ ਹਮਾਇਤ ਕਰਨ ਵਾਲੀਆਂ ਕੰਪਨੀਆਂ ਨਾਲ ਕਾਰੋਬਾਰ ਕਰਨਾ ਬੰਦ ਕਰਨ ਦੀ ਮੰਗ ਕਰਦਿਆਂ ਬਸੰਤ ਰੁੱਤ ਵਿਚ ਕਾਲਜ ਕੈਂਪਸ ਵਿਚ ਰੋਸ ਪ੍ਰਦਰਸ਼ਨ ਕੀਤਾ। ਟਰੰਪ ਨੇ ਇਹ ਵੀ ਕਿਹਾ ਕਿ ਉਹ ਗਾਜ਼ਾ ਵਰਗੇ "ਅੱਤਵਾਦ ਪ੍ਰਭਾਵਿਤ" ਖੇਤਰਾਂ ਤੋਂ ਸ਼ਰਨਾਰਥੀਆਂ ਦੇ ਪੁਨਰਵਾਸ 'ਤੇ ਪਾਬੰਦੀ ਲਗਾਵੇਗਾ ਅਤੇ "ਹਮਾਸ ਪੱਖੀ ਠੱਗਾਂ" ਨੂੰ ਗ੍ਰਿਫਤਾਰ ਕਰੇਗਾ, ਜੋ ਭੰਨਤੋੜ ਵਿਚ ਸ਼ਾਮਲ ਹਨ।

# ਸ਼ਿਕਾਗੋ 'ਚ ਪੰਜਾਬੀ ਸਟੋਰ ਮਾਲਕ ਦੀ ਕਾਲੇ ਮੂਲ ਦੇ ਵਿਅਕਤੀ ਵੱਲੋਂ ਗੋਲੀ ਮਾਰ ਕੇ ਹੱਤਿਆ






**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)-** ਅਮਰੀਕਾ ਦੇ ਸ਼ਿਕਾਗੋ 'ਚ ਗਲੇਨਵੁੱਡ ਚ' ਸਥਿਤ ਇਕ ਸ਼ਰਾਬ ਸਟੋਰ ਦੇ ਅੰਦਰ ਗੋਲੀ ਮਾਰ ਕੇ ਇਕ ਪੰਜਾਬੀ ਸਟੋਰ ਮਾਲਕ ਨਵੀਨ ਸਿੰਘ (52) ਸਾਲ ਦੀ ਹੱਤਿਆ ਕਰ ਦੇਣ ਦੀ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਮ੍ਰਿਤਕ ਦਾ ਪੰਜਾਬ ਤੋਂ ਪਿਛੋਕੜ ਕਸਬਾ ਨਡਾਲਾ, ਜ਼ਿਲ੍ਹਾ ਕਪੂਰਥਲਾ ਸੀ। ਪੁਲਿਸ ਨੇ ਬਾਅਦ ਵਿਚ ਦੋਸ਼ੀ ਨੂੰ ਹਿਰਾਸਤ ਵਿਚ ਲੈ ਲਿਆ। ਦੋਸ਼ੀ ਵਿਅਕਤੀ ਨੇ ਲਿਕਰ ਸਟੋਰ ਦੇ ਅੰਦਰ ਕਿਸੇ ਗੱਲ ਤੋਂ ਹੋਈ ਬਹਿਸ ਦੌਰਾਨ ਲਿਕਰ ਸਟੋਰ ਮਾਲਕ ਨੂੰ ਗੋਲੀ ਮਾਰ ਕੇ ਮਾਰ ਦਿੱਤਾ। ਗਲੇਨਵੁੱਡ ਪੁਲਿਸ ਦੇ ਮੁਖੀ ਡੇਰੇਕ ਪੇਡੀਕੋਰਡ ਨੇ ਇੱਕ ਬਿਆਨ ਵਿਚ ਕਿਹਾ ਕਿ 339 ਈਸਟ ਗਲੇਨਵੁੱਡ ਲੈਂਸਿੰਗ ਰੋਡ 'ਤੇ ਸਥਿਤ ਐਂਪੋਰੀਅਮ ਲਿਕਰਜ਼ 'ਤੇ ਸ਼ਾਮ 6:45 ਵਜੇ ਦੇ ਕਰੀਬ ਇੱਕ ਸ਼ੱਕੀ ਬੰਦੂਕਧਾਰੀ ਨਾਲ ਝਗੜੇ ਦੌਰਾਨ ਇਹ ਮੰਦਭਾਗੀ ਘਟਨਾ ਵਾਪਰੀ ਸੀ। ਪੈਡੀਕੋਰਡ ਨੇ ਕਿਹਾ ਕਿ ਘਟਨਾ ਦੌਰਾਨ, ਸ਼ੱਕੀ ਨੇ ਬੰਦੂਕ ਕੱਢ ਲਈ ਅਤੇ ਨਵੀਨ ਸਿੰਘ ਨੂੰ ਗੋਲੀ ਮਾਰ ਦਿੱਤੀ, ਜਿਸਦੀ ਬਾਅਦ ਵਿਚ ਜ਼ਖ਼ਮਾਂ ਦੀ ਤਾਬ ਨਾ ਝੱਲਦੇ ਹੋਏ ਮੌਤ ਹੋ ਗਈ। ਕੁੱਕ ਕਾਊਂਟੀ ਦੇ ਮੈਡੀਕਲ ਜਾਂਚਕਰਤਾ ਨੇ ਪੀੜਤ ਦੀ ਪਛਾਣ ਸ਼ਿਕਾਗੋ ਹਾਈਟਸ ਦੇ 52 ਸਾਲਾ ਨਵੀਨ ਸਿੰਘ ਵਜੋਂ ਕੀਤੀ ਹੈ, ਜੋ ਪਿਛਲੇ 30 ਸਾਲ ਤੋਂ ਸ਼ਿਕਾਗੋ ਵਿਚ ਰਹਿ ਰਿਹਾ ਸੀ। ਪੁਲਿਸ ਵੱਲੋਂ ਜਾਂਚ ਜਾਰੀ ਹੈ। ਗਲੇਨਵੁੱਡ ਦੇ ਮੇਅਰ ਰੋਨਾਲਡ ਗਾਰਡੀਨਰ ਨੇ ਇਕ ਬਿਆਨ ਜਾਰੀ ਕੀਤਾ ਅਤੇ ਕਿਹਾ ਕਿ ਸਾਡੇ ਭਾਈਚਾਰੇ ਨੇ ਇੱਕ ਵਪਾਰਕ ਮਾਲਕ ਅਤੇ ਦੋਸਤ ਨੂੰ ਬੇਸਮਝ ਬੰਦੂਕ ਹਿੰਸਾ ਕਾਰਨ ਗੁਆ ਦਿੱਤਾ। ਨਵੀਨ ਸਿੰਘ ਇੱਕ ਦਿਆਲੂ ਵਿਅਕਤੀ ਸੀ, ਜਿਸਨੇ ਆਪਣੀ ਐਂਪੋਰੀਅਮ ਸ਼ਰਾਬ ਦੀ ਦੁਕਾਨ ਨੂੰ ਜ਼ਿੰਮੇਵਾਰੀ ਨਾਲ ਅਤੇ ਹਮੇਸ਼ਾ ਮੁਸਕਰਾਹਟ ਨਾਲ ਚਲਾਇਆ। ਇਸ ਮੰਦਭਾਗੀ ਘਟਨਾ ਦਾ ਅਮਰੀਕਾ 'ਚ ਰਹਿੰਦੇ ਪੰਜਾਬੀ ਭਾਈਚਾਰੇ ਵਿਚ ਕਾਫੀ ਸੋਗ ਪਾਇਆ ਜਾ ਰਿਹਾ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

# ਨਸ਼ਾ ਤਸਕਰੀ ਦੇ ਦੋਸ਼ ਹੇਠ ਅਮਰੀਕਾ 'ਚ 2 ਪੰਜਾਬੀ ਗ੍ਰਿਫ਼ਤਾਰ

**ਮਿਸ਼ੀਗਨ, (ਪੰਜਾਬ ਮੇਲ)-** ਅਮਰੀਕੀ ਅਧਿਕਾਰੀਆਂ ਨੇ ਕੈਨੇਡਾ ਤੇ ਅਮਰੀਕਾ ਦੀ ਸਰਹੱਦ 'ਤੇ ਨਸ਼ਾ ਤਸਕਰੀ ਦੇ ਮਾਮਲੇ 'ਚ 2 ਪੰਜਾਬੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਕੈਨੇਡਾ ਅਤੇ ਅਮਰੀਕਾ ਦੀ ਸਰਹੱਦ 'ਤੇ ਇਕਬਾਲ ਅਤੇ ਰਣਜੀਤ ਦੇ ਟਰੱਕ ਵਿਚੋਂ 37.5 ਲੱਖ ਡਾਲਰ ਦੇ ਮੁੱਲ ਦੀ ਕੋਕੀਨ ਮਿਲਣ ਤੋਂ ਬਾਅਦ ਅਮਰੀਕੀ ਅਧਿਕਾਰੀਆਂ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ। ਉਹ ਕੈਨੇਡਾ ਦੇ ਰਹਿਣ ਵਾਲੇ ਹਨ ਤੇ ਮਿਸ਼ੀਗਨ (ਅਮਰੀਕਾ) ਤੋਂ ਬਲੂ ਵਾਟਰ ਬਰਿੱਜ ਰਾਹੀਂ ਸਾਰਨੀਆ (ਕੈਨੇਡਾ) ਵੱਲ੍ਹ ਜਾ ਰਹੇ ਸਨ। ਕਸਟਮਜ਼ ਅਧਿਕਾਰੀਆਂ ਨੇ ਉਨ੍ਹਾਂ ਦਾ ਟਰੱਕ ਰੋਕ ਕੇ ਤਲਾਸ਼ੀ ਲਈ ਤਾਂ ਟਰੱਕ ਵਿਚੋਂ ਇਕ ਕੁਇੰਟਲ ਤੋਂ ਵੱਧ ਕੋਕੀਨ ਦੀਆਂ 115 ਇੱਟਾਂ ਦੇ ਭਰੇ ਹੋਏ 27 ਬੈਗ ਮਿਲੇ ਸਨ। ਅਧਿਕਾਰੀਆਂ ਦਾ ਮੰਨਣਾ ਹੈ ਕਿ ਇਕਬਾਲ ਤੇ ਰਣਜੀਤ ਵੱਡੇ ਪੱਧਰ 'ਤੇ ਨਸ਼ੇ ਦੇ ਧੰਦੇ ਵਿਚ ਸ਼ਾਮਲ ਹਨ। ਦੋਵਾਂ ਨੂੰ ਮੌਕੇ ਤੋਂ ਗ੍ਰਿਫ਼ਤਾਰ ਕਰਕੇ ਅਦਾਲਤ ਵਿਚ ਪੇਸ਼ ਕੀਤਾ ਜਾ ਚੁੱਕਾ ਹੈ।

ਇਸ ਤੋਂ ਇਲਾਵਾ ਦੋ ਕੁ ਮਹੀਨੇ ਪਹਿਲਾਂ ਵੀ ਅਮਰੀਕਾ ਅਤੇ ਕੈਨੇਡਾ ਦੀ ਸਰਹੱਦ ਉੱਪਰ ਬਣੇ ਇਸੇ ਪੁਲ 'ਤੇ ਪੰਜਾਬੀ ਨੌਜਵਾਨ ਜਸਦੀਪ ਬਰਾੜ ਕੋਲੋਂ 1 ਕਿੱਲੋ ਕੋਕੀਨ ਬਰਾਮਦ ਹੋਈ ਸੀ। ਪੁਲਸ ਵੱਲੋਂ ਉਸ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ ਸੀ।

# ਕੈਲੀਫੋਰਨੀਆ 'ਚ ਪ੍ਰਵਾਸੀਆਂ ਦਾ ਘਰ ਬਣਾਉਣ ਦਾ ਸੁਪਨਾ ਟੁੱਟਿਆ

## ਗਵਰਨਰ ਨੇ ਮਹੱਤਵਪੂਰਨ ਬਿੱਲ ਨੂੰ ਕੀਤਾ ਵੀਟੋ



**ਸੈਕਰਾਮੈਂਟੋ, (ਪੰਜਾਬ ਮੇਲ)-** ਕੈਲੀਫੋਰਨੀਆ ਗਵਰਨਰ ਗੈਵਿਨ ਨਿਊਸਮ ਨੇ ਪ੍ਰਵਾਸੀਆਂ ਨਾਲ ਸਬੰਧਤ ਇੱਕ ਮਹੱਤਵਪੂਰਨ ਬਿੱਲ ਨੂੰ ਵੀਟੋ ਕਰ ਦਿੱਤਾ ਹੈ। ਇਸ ਬਿੱਲ ਵਿਚ ਗੈਰ-ਦਸਤਾਵੇਜ਼ ਪ੍ਰਵਾਸੀਆਂ ਨੂੰ ਘਰ ਖਰੀਦਣ ਲਈ ਸਰਕਾਰੀ ਫੰਡਾਂ ਦੀ ਵਰਤੋਂ ਕਰਨ ਦੀ ਇਜਾਜ਼ਤ ਦੇਣ ਦੀ ਵਿਵਸਥਾ ਸੀ। ਪਰ ਡੈਮੋਕ੍ਰੇਟਿਕ ਗਵਰਨਰ ਗੈਵਿਨ ਨਿਊਸਮ ਨੇ ਘੱਟ ਸਰਕਾਰੀ ਫੰਡਾਂ ਦਾ ਹਵਾਲਾ ਦਿੰਦੇ ਹੋਏ ਬਿੱਲ ਨੂੰ ਵੀਟੋ ਕਰ ਦਿੱਤਾ ਹੈ।

ਇਹ ਬਿੱਲ ਕੈਲੀਫੋਰਨੀਆ ਦੇ ਸੰਸਦ ਮੈਂਬਰ ਜੋਕਿਨ ਅਰਾਮਬੁਲਾ ਨੇ ਪੇਸ਼ ਕੀਤਾ ਸੀ, ਜਿਸ ਨੂੰ ਰਾਜ ਵਿਧਾਨ ਸਭਾ ਨੇ ਮਨਜ਼ੂਰੀ ਦੇ ਦਿੱਤੀ ਹੈ। ਪਿਛਲੇ ਹਫ਼ਤੇ ਇਸ ਨੂੰ ਰਾਜਪਾਲ ਦੀ ਮਨਜ਼ੂਰੀ ਲਈ ਭੇਜਿਆ ਗਿਆ ਸੀ।

ਨਿਊਸਮ ਨੇ ਇੱਕ ਬਿਆਨ ਵਿਚ ਕਿਹਾ ਕਿ ਰਾਜ ਦੇ ਸਾਲਾਨਾ ਬਜਟ ਵਿਚ ਕੈਲੀਫੋਰਨੀਆ ਹਾਊਸਿੰਗ ਫਾਈਨਾਂਸ ਏਜੰਸੀ ਲਈ ਉਪਲਬਧ ਸੀਮਤ ਫੰਡਾਂ ਨੂੰ ਦੇਖਦੇ ਹੋਏ ਪ੍ਰੋਗਰਾਮ ਲਈ ਯੋਗਤਾ ਦਾ ਵਿਸਥਾਰ ਕਰਨ ਨੂੰ ਧਿਆਨ ਨਾਲ ਵਿਚਾਰਿਆ ਜਾਣਾ ਚਾਹੀਦਾ ਹੈ। ਸਾਨੂੰ ਇਹ ਦੇਖਣਾ ਹੋਵੇਗਾ ਕਿ ਅਸੀਂ ਆਪਣੇ ਸਾਧਨਾਂ ਦੀ ਪ੍ਰਭਾਵਸ਼ਾਲੀ ਢੰਗ ਨਾਲ ਵਰਤੋਂ ਕਿਵੇਂ ਕਰ ਸਕਦੇ ਹਾਂ। ਇਸ ਲਈ ਮੈਂ ਇਸ ਬਿੱਲ (ਏਬੀ 1840) 'ਤੇ ਦਸਤਖਤ ਕਰਨ ਤੋਂ ਅਸਮਰੱਥ ਹਾਂ।

ਬਿਲ ਪੇਸ਼ ਕਰਦੇ ਹੋਏ, ਅਰਾਮਬੁਲਾ ਨੇ ਕਿਹਾ ਕਿ ਏਬੀ 1840 ਮਿਹਨਤੀ, ਜ਼ਿੰਮੇਵਾਰ ਲੋਕਾਂ ਨੂੰ ਇੱਕ ਮੌਕਾ ਪ੍ਰਦਾਨ ਕਰਨ ਬਾਰੇ ਹੈ, ਜੋ ਆਪਣੇ ਘਰ ਦੇ ਮਾਲਕ ਹੋਣ ਦਾ ਸੁਪਨਾ ਲੈਂਦੇ ਹਨ ਅਤੇ ਇਹ ਵਿਰਾਸਤ ਆਪਣੇ ਬੱਚਿਆਂ ਨੂੰ ਸੌਂਪਦੇ ਹਨ। ਇਨ੍ਹਾਂ ਲੋਕਾਂ ਵਿਚ ਗੈਰ-ਦਸਤਾਵੇਜ਼ੀ ਪ੍ਰਵਾਸੀ ਵੀ ਸ਼ਾਮਲ ਹਨ, ਜੋ ਦਹਾਕਿਆਂ ਤੋਂ ਇੱਥੇ ਰਹਿ ਰਹੇ ਹਨ ਅਤੇ ਆਪਣੇ ਟੈਕਸ ਅਦਾ ਕਰ ਰਹੇ ਹਨ।

ਬਿੱਲ ਦਾ ਵਿਰੋਧ ਕਰਨ ਵਾਲੇ ਰਿਪਬਲਿਕਨ ਨੇਤਾਵਾਂ ਨੇ ਕਿਹਾ ਕਿ ਕਾਨੂੰਨੀ ਤੌਰ 'ਤੇ ਅਮਰੀਕਾ ਆਉਣ ਵਾਲੇ ਪਰਿਵਾਰਾਂ ਲਈ ਰਿਹਾਇਸ਼ੀ ਸਹਾਇਤਾ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ, ਨਾ ਕਿ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਨੂੰ।

ਇਹ ਘਟਨਾਕ੍ਰਮ ਅਜਿਹੇ ਸਮੇਂ ਵਿਚ ਹੋਇਆ ਹੈ, ਜਦੋਂ ਆਗਾਮੀ ਚੋਣਾਂ ਵਿਚ ਪਰਵਾਸ ਇੱਕ ਵੱਡੇ ਮੁੱਦੇ ਵਜੋਂ ਉਭਰਿਆ ਹੈ। ਡੈਮੋਕ੍ਰੇਟਿਕ ਉਮੀਦਵਾਰ ਕਮਲਾ ਹੈਰਿਸ ਅਤੇ ਰਿਪਬਲਿਕਨ ਡੋਨਾਲਡ ਟਰੰਪ ਦੋਵੇਂ ਇਸ ਮੁੱਦੇ 'ਤੇ ਜ਼ੋਰਦਾਰ ਕਦਮ ਚੁੱਕ ਰਹੇ ਹਨ।




# ਨਿਊਯਾਰਕ 'ਚ ਦੋ ਤੇਲਗੂ ਮੂਲ ਦੀਆਂ ਛੋਟੀਆਂ ਸਕੀਆਂ ਭੈਣਾਂ ਦੀ ਪਾਣੀ 'ਚ ਡੁੱਬਣ ਕਾਰਨ ਮੌਤ

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)-** ਬੀਤੇ ਦਿਨੀਂ ਲੌਂਗ ਆਈਲੈਂਡ, ਨਿਊਯਾਰਕ ਵਿਚ ਹੋਏ ਇੱਕ ਦਰਦਨਾਕ ਹਾਦਸੇ 'ਚ ਭਾਰਤ ਦੇ ਤੇਲਗੂ ਮੂਲ ਦੇ ਪਰਿਵਾਰ ਦੀਆਂ ਦੋ ਛੋਟੀਆਂ ਸਕੀਆਂ ਭੈਣਾਂ ਦੀ ਪਾਣੀ ਵਿਚ ਡੁੱਬਣ ਕਾਰਨ ਮੌਤ ਹੋ ਜਾਣ ਦੀ ਮੰਦਭਾਗੀ ਖਬਰ ਮਿਲੀ ਹੈ। ਭਾਰਤ ਦੇ ਤੇਲਗੂ ਮੂਲ ਦੇ ਜੋੜੇ ਦੀਆਂ ਦੋ ਛੋਟੀਆਂ ਬੱਚੀਆਂ ਹੋਲਟਸਵਿਲੇ ਵਿਚ ਅਪਾਰਟਮੈਂਟ ਵਿਚ ਰਹਿੰਦੇ ਸਨ, ਜਿਨ੍ਹਾਂ ਦਾ ਨਾਂ ਰੂਥ ਇਵੈਂਜਲਿਨ ਗੈਲੀ (4) ਅਤੇ ਸੇਲਾਹ ਗ੍ਰੇਸ ਗੈਲੀ ਸੀ। ਮ੍ਰਿਤਕ ਬੱਚੇ ਬੀਤੇ ਦਿਨੀਂ ਸ਼ਨੀਵਾਰ ਨੂੰ ਘਰੋਂ ਖੇਡਣ ਲਈ ਨਿਕਲੇ ਸਨ। ਜਦਕਿ ਉਨ੍ਹਾਂ ਦੀ ਮਾਂ ਘਰ ਵਿਚ ਸੁੱਤੀ ਪਈ ਸੀ। ਰੂਥ ਇਵੈਂਜਲਿਨ ਗੈਲੀ (4) ਸਾਲ ਅਤੇ ਸੇਲਾਹ ਗ੍ਰੇਸ ਗੈਲੀ ਦੋ ਸਾਲ ਚਾਰ ਮਹੀਨੇ ਦੇ ਕਰੀਬ ਬੀਤੇ ਦਿਨੀਂ ਸ਼ਨੀਵਾਰ ਨੂੰ ਦੋਵੇਂ ਖੇਡਣ ਲਈ ਘਰ ਤੋਂ ਬਾਹਰ ਗਈਆਂ ਸਨ। ਪਰ ਕਾਫੀ ਦੇਰ ਤੱਕ ਬੱਚੇ ਘਰ ਵਾਪਸ

**■ ਅਮਰੀਕਾ 'ਚ ਭਾਰਤੀਆਂ ਦੀ ਵੱਡੀ ਗਿਣਤੀ**



ਮ੍ਰਿਤਕ ਬੱਚਿਆਂ ਦੀ ਫਾਈਲ ਫੋਟੋ।

ਨਹੀਂ ਆਏ। ਇਸ ਲਈ ਮਾਂ ਨੇ ਘਰ ਦੇ ਚਾਰੇ ਪਾਸੇ ਉਨ੍ਹਾਂ ਦੀ ਭਾਲ ਕੀਤੀ। ਇਹ ਸੋਚ ਕੇ ਕਿ ਉਹ ਲਾਪਤਾ ਹੈ, ਉਸ ਨੇ ਤੁਰੰਤ 911 'ਤੇ ਪੁਲਿਸ ਨੂੰ ਕਾਲ ਕੀਤੀ ਅਤੇ ਪੁਲਿਸ ਨੂੰ ਸੂਚਿਤ ਕੀਤਾ। ਜਾਣਕਾਰੀ ਮੁਤਾਬਕ ਪੁਲਿਸ ਬਚਾਅ ਕਰਮਚਾਰੀਆਂ ਦੇ ਨਾਲ ਉਥੇ ਪਹੁੰਚ ਗਈ। ਬਾਅਦ ਵਿਚ ਉਨ੍ਹਾਂ ਨੇ ਅਪਾਰਟਮੈਂਟ ਦੇ ਆਸਪਾਸ ਦੇ ਇਲਾਕੇ ਵਿਚ ਤਲਾਸ਼ੀ ਲਈ, ਜਿੱਥੇ ਤੇਲਗੂ ਜੋੜਾ ਰਹਿ ਰਿਹਾ ਸੀ। ਇਸ ਸਿਲਸਿਲੇ 'ਚ ਦੋ ਛੋਟੀਆਂ ਬੱਚੀਆਂ ਅਪਾਰਟਮੈਂਟ ਦੇ ਕੋਲ ਬਣੀ ਝੀਲ ਦੇ ਪਾਣੀ 'ਤੇ ਤੈਰਦੀਆਂ ਦਿਖਾਈ ਦਿੱਤੀਆਂ। ਉਨ੍ਹਾਂ ਨੂੰ ਤੁਰੰਤ ਬਾਹਰ ਕੱਢ ਕੇ ਨਜ਼ਦੀਕੀ ਸਟੋਨੀ ਬਰੁੱਕ ਯੂਨੀਵਰਸਿਟੀ ਨਾਮੀਂ ਹਸਪਤਾਲ ਲਿਜਾਇਆ ਗਿਆ। ਉੱਥੇ ਜਾਂਚ ਕਰਨ ਵਾਲੇ ਡਾਕਟਰਾਂ ਨੇ ਪੁਸ਼ਟੀ ਕੀਤੀ ਕਿ ਬੱਚੇ ਪਹਿਲਾਂ ਹੀ ਮਰ ਚੁੱਕੇ ਸਨ। ਆਪਣੀਆਂ ਦੋ ਧੀਆਂ ਨੂੰ ਗੁਆਉਣ ਵਾਲੀ ਮਾਂ ਸੁਧਾ ਗੈਲੀ ਦੁਖੀ ਹੋ ਕੇ ਵਿਰਲਾਪ ਕਰ ਰਹੀ ਸੀ। ਜਾਣਕਾਰੀ ਮੁਤਾਬਕ ਪਤਾ ਲੱਗਾ ਹੈ ਕਿ ਬੱਚਿਆਂ ਦਾ ਪਿਤਾ ਡੇਵਿਡ ਵੀਜ਼ਾ ਸਮੱਸਿਆ ਕਾਰਨ ਭਾਰਤ 'ਚ ਹੈ। ਫੰਡ ਇਕੱਠਾ ਕਰਨ ਵਾਲੀ ਸੰਸਥਾ ਕ੍ਰਾਈਸਟਲਾਈਫ ਚਰਚ ਮੁਤਾਬਕ ਉਸ ਨੂੰ ਐਮਰਜੈਂਸੀ ਵੀਜ਼ੇ 'ਤੇ ਅਮਰੀਕਾ ਲਿਆਉਣ ਦੀਆਂ ਕੋਸ਼ਿਸ਼ਾਂ ਚੱਲ ਰਹੀਆਂ ਹਨ। ਦੱਸਿਆ ਜਾ ਰਿਹਾ ਹੈ ਕਿ ਬੱਚਿਆਂ ਦਾ ਅੰਤਿਮ ਸੰਸਕਾਰ ਉਸ ਦੇ ਅਮਰੀਕਾ ਰਵਾਨਾ ਹੋਣ ਤੋਂ ਬਾਅਦ ਹੀ ਕੀਤਾ ਜਾਵੇਗਾ।

# ਕੈਨੇਡਾ 'ਚ ਨਸ਼ੇ ਤਸਕਰੀ ਦੇ ਮਾਮਲੇ 'ਚ 2 ਪੰਜਾਬੀ ਗ੍ਰਿਫ਼ਤਾਰ

**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ ਪੁਲਿਸ ਵੱਲੋਂ ਨਸ਼ਾ ਤਸਕਰੀ ਦੇ ਮਾਮਲੇ 'ਚ 2 ਪੰਜਾਬੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਜਾਣਕਾਰੀ ਮੁਤਾਬਕ ਓਨਟਾਰੀਓ ਦੀ ਪੁਲਿਸ ਨੇ ਟੋਰਾਂਟੋ ਨੇੜੇ ਕਨੇਰਾ ਵਿਖੇ ਜਸ਼ਨਪ੍ਰੀਤ ਸਿੰਘ ਤੇ ਕਰਨਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ ਦੀ ਉਮਰ ਮਸਾਂ ਹੀ 20 ਕੁ ਸਾਲ ਦੇ ਕਰੀਬ ਦੱਸੀ ਜਾ ਰਹੀ ਹੈ। ਉਨ੍ਹਾਂ ਦੀ ਗੱਡੀ ਵਿਚੋਂ ਫੈਂਟਾਨਿਲ (ਰਸਾਇਣਕ ਨਸ਼ਾ) ਦੀਆਂ ਪੁੜੀਆਂ ਮਿਲੀਆਂ ਸਨ, ਜਿਨ੍ਹਾਂ ਦੀ ਕੀਮਤ ਚਾਰ ਲੱਖ ਡਾਲਰ ਦੇ ਕਰੀਬ ਦੱਸੀ ਜਾ ਰਹੀ ਹੈ। ਪੁਲਿਸ ਮੁਤਾਬਕ ਇਹ ਨਸ਼ੇ ਦੀਆਂ ਪੁੜੀਆਂ ਆਲੇ-ਦੁਆਲੇ ਦੇ ਪਿੰਡਾਂ ਵਿਚ ਵੇਚੀਆਂ ਜਾਣੀਆਂ ਸਨ।

# ਐਲੋਨ ਮਸਕ ਸਾਲ 2027 ਤੱਕ ਬਣ ਸਕਦੇ ਨੇ ਦੁਨੀਆਂ ਦੇ ਪਹਿਲੇ ਖਰਬਪਤੀ

**ਨਵੀਂ ਦਿੱਲੀ, (ਪੰਜਾਬ ਮੇਲ)-** ਇਲੈਕਟ੍ਰਿਕ ਕਾਰ ਨਿਰਮਾਤਾ ਕੰਪਨੀ ਟੈਸਲਾ ਅਤੇ ਸਪੇਸ ਐਕਸ ਦੇ ਸੀ.ਈ.ਓ. ਐਲੋਨ ਮਸਕ ਸਾਲ 2027 ਤੱਕ ਦੁਨੀਆਂ ਦੇ ਪਹਿਲ ਖਰਬਪਤੀ ਬਣ ਸਕਦੇ ਹਨ। ਇਹ ਖੁਲਾਸਾ ਇਨਫੌਰਮਾ ਕੁਨੈਕਟ ਅਕਾਦਮੀ ਦੀ ਰਿਪੋਰਟ ਤੋਂ ਹੋਇਆ ਹੈ। ਇਸ ਤੋਂ ਇਲਾਵਾ ਭਾਰਤ ਦੇ ਉੱਘੇ ਕਾਰੋਬਾਰੀ ਗੌਤਮ ਅਡਾਨੀ ਵੀ ਇਹ ਦਰਜਾ ਉਸ ਤੋਂ ਅਗਲੇ ਸਾਲ 2028 ਤੱਕ ਹਾਸਲ ਕਰ ਸਕਦੇ ਹਨ। ਏਸ਼ੀਆ ਦੇ ਸਭ ਤੋਂ ਅਮੀਰ ਵਿਅਕਤੀ ਮੁਕੇਸ਼ ਅੰਬਾਨੀ 2033 ਵਿਚ ਖਰਬਪਤੀ ਬਣ ਸਕਦੇ ਹਨ। ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ 237 ਅਰਬ ਡਾਲਰ ਦੀ ਕੁੱਲ ਜਾਇਦਾਦ ਨਾਲ ਦੁਨੀਆਂ ਦੇ ਸਭ ਤੋਂ ਅਮੀਰ ਵਿਅਕਤੀ ਮਸਕ ਲਈ ਦੁਨੀਆਂ ਦੇ ਪਹਿਲੇ ਖਰਬਪਤੀ ਬਣਨ ਲਈ 110 ਫੀਸਦੀ ਦੀ ਔਸਤ ਸਾਲਾਨਾ ਦਰ ਨਾਲ ਵਿਕਾਸ ਕਰਨ ਦੀ ਲੋੜ ਹੈ। ਅਡਾਨੀ ਕੋਲ ਇਸ ਵੇਲੇ 100 ਅਰਬ ਡਾਲਰ ਤੋਂ ਘੱਟ ਦੀ ਦੌਲਤ ਹੈ ਤੇ ਉਹ ਵਿਸ਼ਵ ਅਰਬਪਤੀ ਸੂਚਕ ਅੰਕ ਵਿਚ 13ਵੇਂ ਸਥਾਨ 'ਤੇ ਹੈ ਤੇ ਉਹ ਸਾਲ 2028 ਤੱਕ ਦੂਜੇ ਖਰਬਪਤੀ ਬਣ ਸਕਦੇ ਹਨ। ਅੰਬਾਨੀ 111 ਅਰਬ ਡਾਲਰ ਦੀ ਜਾਇਦਾਦ ਨਾਲ ਏਸ਼ੀਆ ਦੇ ਸਭ ਤੋਂ ਅਮੀਰ ਵਿਅਕਤੀ ਹਨ ਤੇ ਉਹ 2033 ਵਿਚ ਇਹੀ ਦਰਜਾ ਪ੍ਰਾਪਤ ਕਰ ਸਕਦੇ ਹਨ। ਇਸ ਤੋਂ ਇਲਾਵਾ ਹੋਰ ਕੰਪਨੀਆਂ ਵੀ ਖਰਬਪਤੀਆਂ ਦੀ ਸੂਚੀ ਵਿਚ ਆਉਣ ਲਈ ਤਿਆਰ ਹਨ। ਇਨ੍ਹਾਂ ਵਿਚ ਤਾਇਵਾਨ ਦੀ ਸੈਮੀਕੰਡਕਟਰ ਨਿਰਮਾਤਾ ਕੰਪਨੀ ਟੀ.ਐੱਸ.ਐੱਮ.ਸੀ. ਸ਼ਾਮਲ ਹੈ।



# ਕੈਨੇਡਾ ਘੁੰਮਣ ਆਏ ਲੋਕ ਹੁਣ ਵਿਦਿਆਰਥੀ ਵੀਜ਼ਾ ਅਪਲਾਈ ਕਰਨ ਬਾਰੇ ਸੋਚਣ ਲੱਗੇ

**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ ਵੱਲੋਂ ਵਿਜ਼ਟਰ ਜਾਂ ਟੂਰਿਸਟ ਵੀਜ਼ਾ 'ਤੇ ਲੋਕਾਂ ਲਈ ਵਰਕ ਪਰਮਿਟ ਜਾਰੀ ਕਰਨ 'ਤੇ ਰੋਕ ਲਗਾਉਣ ਦੇ ਨਾਲ, ਬਹੁਤ ਸਾਰੇ ਭਾਰਤੀ, ਖਾਸ ਕਰਕੇ ਪੰਜਾਬ ਤੋਂ, ਹੁਣ ਲੰਬੇ ਸਮੇਂ ਤੱਕ ਰਹਿਣ ਲਈ ਵਿਦਿਆਰਥੀ ਵੀਜ਼ੇ ਲਈ ਅਪਲਾਈ ਕਰਨ ਬਾਰੇ ਸੋਚ ਰਹੇ ਹਨ। ਕੈਨੇਡਾ ਵਿਚ ਵਿਦਿਆਰਥੀ ਵੀਜ਼ਾ ਲਈ ਅਰਜ਼ੀ ਦੇਣ ਲਈ ਕੋਈ ਉਮਰ ਸੀਮਾ ਨਹੀਂ ਹੈ ਅਤੇ ਸੈਲਾਨੀਆਂ ਨੂੰ ਅਜੇ ਵੀ ਇਸ ਲਈ ਅਰਜ਼ੀ ਦੇਣ ਦੀ ਇਜਾਜ਼ਤ ਹੈ।

ਕੈਨੇਡੀਅਨ ਸਰਕਾਰ ਦੀ ਇਮੀਗ੍ਰੇਸ਼ਨ ਵੈੱਬਸਾਈਟ ਦੇ ਅਨੁਸਾਰ, ਇੱਕ ਡੀ.ਐੱਲ.ਆਈ. (ਡਿਜ਼ਾਈਨੇਟਿਡ ਲਰਨਿੰਗ ਇੰਸਟੀਚਿਊਸ਼ਨ) ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਸਵੀਕਾਰ ਕਰਨ ਲਈ ਪ੍ਰਾਂਤ ਜਾਂ ਖੇਤਰ ਦੁਆਰਾ ਪ੍ਰਵਾਨਿਤ ਸਕੂਲ ਹੈ। ਕੈਨੇਡਾ ਵਿਚ ਪੜ੍ਹਨ ਲਈ, ਵਿਦਿਆਰਥੀਆਂ ਨੂੰ ਇਹ ਦਿਖਾਉਣ ਦੀ ਲੋੜ ਹੁੰਦੀ ਹੈ ਕਿ ਉਨ੍ਹਾਂ ਕੋਲ ਕਾਫ਼ੀ ਪੈਸਾ ਹੈ ਅਤੇ ਉਨ੍ਹਾਂ ਕੋਲ ਇੱਕ ਡੀ.ਐੱਲ.ਆਈ. ਵਿਚ ਦਾਖਲ ਹੋਣਾ ਲਾਜ਼ਮੀ ਹੈ। ਉਨ੍ਹਾਂ ਨੂੰ ਆਪਣੇ ਸਟੱਡੀ ਪਰਮਿਟ ਦੇ ਮਨਜ਼ੂਰ ਹੋਣ ਦੀ ਉਡੀਕ ਕਰਦੇ ਹੋਏ ਆਪਣੇ ਵਿਜ਼ਟਰ ਵੀਜ਼ੇ ਨੂੰ ਵਧਾਉਣ ਦੀ ਵੀ ਲੋੜ ਹੋ ਸਕਦੀ ਹੈ।



ਕੈਨੇਡਾ ਨੇ ਹਾਲ ਹੀ ਵਿਚ ਅਗਸਤ 2020 ਵਿਚ ਸ਼ੁਰੂ ਹੋਏ ਇੱਕ ਅਸਥਾਈ ਨਿਯਮ ਦੇ ਤਹਿਤ ਸੈਲਾਨੀਆਂ ਨੂੰ ਵਰਕ ਪਰਮਿਟ ਦੇਣਾ ਬੰਦ ਕਰਨ ਦਾ ਫੈਸਲਾ ਕੀਤਾ ਹੈ। ਇਹ ਨਿਯਮ ਕੋਵਿਡ-19 ਦੌਰਾਨ ਉਨ੍ਹਾਂ ਸੈਲਾਨੀਆਂ ਦੀ ਮਦਦ ਲਈ ਬਣਾਇਆ ਗਿਆ ਸੀ, ਜੋ ਯਾਤਰਾ ਪਾਬੰਦੀਆਂ ਕਾਰਨ ਦੇਸ਼ ਨਹੀਂ ਛੱਡ ਸਕਦੇ ਸਨ। ਇਸਨੇ ਉਨ੍ਹਾਂ ਨੂੰ ਕੈਨੇਡਾ ਛੱਡੇ ਬਿਨਾਂ ਵਰਕ ਪਰਮਿਟ ਲਈ ਅਰਜ਼ੀ ਦੇਣ ਦੀ ਇਜਾਜ਼ਤ ਦਿੱਤੀ, ਤਾਂ ਜੋ ਉਹ ਆਪਣੇ ਆਪ ਨੂੰ ਵਿੱਤੀ ਤੌਰ 'ਤੇ ਸਹਾਇਤਾ ਕਰ ਸਕਣ। ਇਸ ਨਿਯਮ ਦੇ ਰੋਕਣ ਨਾਲ ਹੁਣ ਸੈਲਾਨੀਆਂ ਲਈ ਚੀਜ਼ਾਂ ਹੋਰ ਮੁਸ਼ਕਲ ਹੋ ਗਈਆਂ ਹਨ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com



# ਡਾ. ਓਬਰਾਏ ਦੇ ਯਤਨਾਂ ਸਦਕਾ ਨੌਜਵਾਨ ਦਾ ਮ੍ਰਿਤਕ ਸਰੀਰ ਭਾਰਤ ਪੁੱਜਾ

- ਬੀਤੀ 24 ਅਗਸਤ ਨੂੰ ਦਿਲ ਦਾ ਦੌਰਾ ਪੈਣ ਕਾਰਨ ਦੁਬਈ 'ਚ ਹੋ ਗਈ ਸੀ ਮੌਤ
- ਡਾ. ਓਬਰਾਏ ਨੇ ਹੁਣ ਤੱਕ 370 ਬਦਨਸੀਬ ਲੋਕਾਂ ਦੇ ਮ੍ਰਿਤਕ ਸਰੀਰ ਵਾਰਸਾਂ ਤੱਕ ਪਹੁੰਚਾਏ





ਹਵਾਈ ਅੱਡੇ 'ਤੇ ਪਲਵਿੰਦਰ ਸਿੰਘ ਦੀ ਮ੍ਰਿਤਕ ਦੇਹ ਪਰਿਵਾਰ ਨੂੰ ਸੌਂਪਣ ਮੌਕੇ ਟਰੱਸਟ ਦੇ ਅਹੁਦੇਦਾਰ।

ਅੰਮ੍ਰਿਤਸਰ, (ਪੰਜਾਬ ਮੇਲ) - ਪੂਰੀ ਦੁਨੀਆਂ ਅੰਦਰ ਆਪਣੇ ਨਿਵੇਕਲੇ ਸੇਵਾ ਕਾਰਜਾਂ ਕਾਰਨ ਜਾਣੇ ਜਾਂਦੇ ਦੁਬਈ ਦੇ ਉੱਘੇ ਕਾਰੋਬਾਰੀ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸਰਪ੍ਰਸਤ ਡਾ. ਐੱਸ.ਪੀ. ਸਿੰਘ ਓਬਰਾਏ ਦੇ ਯਤਨਾਂ ਸਦਕਾ ਬੀਤੀ ਰਾਤ ਮਜੀਠਾ ਨੇੜਲੇ ਪਿੰਡ ਸ਼ਾਮ ਨਗਰ ਦੇ 22 ਸਾਲਾ ਪਲਵਿੰਦਰ ਸਿੰਘ ਪੁੱਤਰ ਰਜਿੰਦਰ ਸਿੰਘ ਦਾ ਮ੍ਰਿਤਕ ਸਰੀਰ ਦੁਬਈ ਤੋਂ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਵਿਖੇ ਪਹੁੰਚਿਆ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਡਾ. ਐੱਸ.ਪੀ. ਸਿੰਘ ਓਬਰਾਏ ਨੇ ਦੱਸਿਆ ਕਿ ਪਲਵਿੰਦਰ ਸਿੰਘ ਵੀ ਹੋਰਨਾਂ ਨੌਜਵਾਨਾਂ ਵਾਂਗ ਕੇਵਲ ਦੋ ਮਹੀਨੇ ਪਹਿਲਾਂ ਹੀ ਆਪਣੇ ਬਿਹਤਰ ਭਵਿੱਖ ਦੇ ਸੁਪਨੇ ਲੈ ਕੇ ਦੁਬਈ ਆਇਆ ਸੀ, ਜਿਸ ਦੀ ਬੀਤੀ 24 ਅਗਸਤ ਨੂੰ ਦਿਲ ਦਾ ਦੌਰਾ ਪੈਣ ਕਾਰਨ ਉਸ ਦੀ ਮੌਤ ਹੋ ਗਈ ਸੀ। ਡਾ. ਓਬਰਾਏ ਨੇ ਦੱਸਿਆ ਕਿ ਇਸ ਮੰਦਭਾਗੀ ਘਟਨਾ ਸਬੰਧੀ ਉਨ੍ਹਾਂ ਨੂੰ ਭਾਰਤੀ ਦੂਤਾਵਾਸ ਵੱਲੋਂ ਜਾਣਕਾਰੀ ਦਿੱਤੀ ਗਈ ਸੀ। ਜਿਸ ਉਪਰੰਤ ਉਨ੍ਹਾਂ ਆਪਣੀ ਅੰਮ੍ਰਿਤਸਰ ਟੀਮ ਨੂੰ ਪੀੜਤ ਪਰਿਵਾਰ ਕੋਲ ਭੇਜ ਕੇ ਉਨ੍ਹਾਂ ਨੂੰ ਮ੍ਰਿਤਕ ਦੇਹ ਭਾਰਤ ਲੈ ਕੇ ਆਉਣ ਵਿਚ ਆ ਰਹੀਆਂ ਦਿੱਕਤਾਂ ਬਾਰੇ ਜਾਣਕਾਰੀ ਲੈਣ ਉਪਰੰਤ ਆਪਣੀ ਦੁਬਈ ਵਿਚਲੀ ਟੀਮ ਰਾਹੀਂ ਅਤੇ ਦੁਬਈ ਸਥਿਤ ਭਾਰਤੀ



ਡਾ. ਐੱਸ.ਪੀ. ਸਿੰਘ ਓਬਰਾਏ।

ਦੂਤਾਵਾਸ ਦੇ ਸਹਿਯੋਗ ਨਾਲ ਤੁਰੰਤ ਸਾਰੀ ਲੋੜੀਂਦੀ ਕਾਗਜ਼ੀ ਕਾਰਵਾਈ ਮੁਕੰਮਲ ਕਰਵਾ ਕੇ ਪਲਵਿੰਦਰ ਸਿੰਘ ਦਾ ਦਾ ਮ੍ਰਿਤਕ ਸਰੀਰ ਭਾਰਤ ਭੇਜਿਆ ਹੈ। ਉਨ੍ਹਾਂ ਦੱਸਿਆ ਕਿ ਮ੍ਰਿਤਕ ਸਰੀਰ ਭਾਰਤ ਭੇਜਣ ਲਈ ਆਇਆ ਖਰਚ ਪਲਵਿੰਦਰ ਦੀ ਕੰਮ ਵਾਲੀ ਕੰਪਨੀ ਵੱਲੋਂ ਕੀਤਾ ਗਿਆ ਹੈ ।

ਪਲਵਿੰਦਰ ਸਿੰਘ ਦਾ ਮ੍ਰਿਤਕ ਸਰੀਰ ਲੈਣ ਪਹੁੰਚੇ ਉਸ ਦੇ ਚਾਚੇ ਸਾਹਿਲ ਮੱਟੂ ਤੋਂ ਇਲਾਵਾ ਹਮਜ਼ਾ ਦੇ ਸਰਪੰਚ ਧਰਮਵੀਰ ਭੱਟੀ, ਪਲਵਿੰਦਰ ਦੀ ਮ੍ਰਿਤਕ ਦੇ ਨਾਲ ਦੁਬਈ ਤੋਂ ਆਏ ਉਸ ਦੇ ਰਿਸ਼ਤੇਦਾਰ ਸ਼ਿਪਨ, ਰਵੀਸ਼ੇਰ ਸਿੰਘ, ਹਰਪ੍ਰੀਤ ਸਿੰਘ ਅਤੇ ਨਵਦੀਪ ਸਿੰਘ ਆਦਿ ਨੇ ਭਾਵੁਕ ਹੁੰਦਿਆਂ ਦੱਸਿਆ ਕਿ ਪਲਵਿੰਦਰ ਸਿੰਘ ਆਪਣੇ ਘਰ ਦੀ ਗੁਰਬਤ ਨੂੰ ਦੂਰ ਕਰਨ ਲਈ ਦੁਬਈ ਗਿਆ ਸੀ ਕਿ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਕੁਝ ਦਿਨ ਪਹਿਲਾਂ ਉਸ ਦੀ ਮੌਤ ਹੋ ਗਈ ਸੀ। ਪਲਵਿੰਦਰ ਦੇ ਪਰਿਵਾਰਕ ਮੈਂਬਰਾਂ ਨੇ ਡਾ. ਐੱਸ.ਪੀ. ਸਿੰਘ ਓਬਰਾਏ ਦਾ ਇਸ ਔਖੇ ਘੜੀ ਵੇਲੇ ਉਨ੍ਹਾਂ ਦੀ ਵੱਡੀ ਮਦਦ ਕਰਨ ਲਈ ਉਨ੍ਹਾਂ ਦਾ ਸ਼ੁਕਰਾਨਾ ਕਰਦਿਆਂ ਕਿਹਾ ਕਿ ਉਹ ਉਨ੍ਹਾਂ ਦੇ ਇਸ ਪਰਉਪਕਾਰ ਨੂੰ ਹਮੇਸ਼ਾ ਯਾਦ ਰੱਖਣਗੇ। ਇੱਥੇ ਇਹ ਵੀ ਦੱਸਣਯੋਗ ਹੈ ਕਿ ਪੰਜਾਬ ਦੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਵੱਲੋਂ ਵੀ ਟੈਲੀਫੋਨ ਰਾਹੀਂ ਡਾ. ਐੱਸ.ਪੀ. ਸਿੰਘ ਓਬਰਾਏ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ ਹੈ।

ਪੀੜਤ ਪਰਿਵਾਰ ਨਾਲ ਹਵਾਈ ਅੱਡੇ 'ਤੇ ਦੁੱਖ ਸਾਂਝਾ ਕਰਨ ਪਹੁੰਚੀ ਟਰੱਸਟ ਦੀ ਟੀਮ ਵੱਲੋਂ ਪੰਜਾਬ ਪ੍ਰਧਾਨ ਸੁਖਜਿੰਦਰ ਸਿੰਘ ਹੇਰ, ਮਾਝਾ ਜ਼ੋਨ ਦੇ ਸਲਾਹਕਾਰ ਸੁਖਦੀਪ ਸਿੱਧੂ, ਜ਼ਿਲ੍ਹਾ ਪ੍ਰਧਾਨ ਸ਼ਿਸ਼ਪਾਲ ਸਿੰਘ ਲਾਡੀ, ਜਨਰਲ ਸਕੱਤਰ ਮਨਪ੍ਰੀਤ ਸੰਧੂ ਚਮਿਆਰੀ, ਵਿੱਤ ਸਕੱਤਰ ਨਵਜੀਤ ਸਿੰਘ ਘਈ ਨੇ ਦੱਸਿਆ ਕਿ ਡਾ. ਓਬਰਾਏ ਦੇ ਯਤਨਾਂ ਸਦਕਾ ਹੁਣ ਤੱਕ 370 ਦੇ ਕਰੀਬ ਬਦਨਸੀਬ ਲੋਕਾਂ ਦੇ ਮ੍ਰਿਤਕ ਸਰੀਰ ਉਨ੍ਹਾਂ ਦੇ ਵਾਰਸਾਂ ਤੱਕ ਪਹੁੰਚਾਏ ਜਾ ਚੁੱਕੇ ਹਨ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਲੋਕਾਂ ਨੂੰ ਸਹਾਇਤਾ ਰਾਸ਼ੀ ਜਾਰੀ



ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਬਿਨਾਂ ਕਿਸੇ ਵੀ ਤਰ੍ਹਾਂ ਦੇ ਭੇਦਭਾਵ ਤੋਂ ਮਾਨਵਤਾ ਦੀ ਭਲਾਈ ਲਈ ਕਾਰਜ ਜਾਰੀ ਹਨ। ਇਸ ਲੜੀ ਤਹਿਤ ਸ. ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸ੍ਰੀ ਮੁਕਤਸਰ ਸਾਹਿਬ ਵਿਖੇ ਪਿਛਲੇ ਦਿਨੀਂ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ 17 ਲੋਕਾਂ ਨੂੰ ਆਪਣੇ ਗੁਜ਼ਾਰੇ ਲਈ ਸਹਾਇਤਾ ਰਾਸ਼ੀ ਦੇ ਚੈੱਕ ਤਕਸੀਮ ਕੀਤੇ ਗਏ। ਅਰਵਿੰਦਰ ਪਾਲ ਸਿੰਘ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਲੋਕ ਅਤਿ ਗਰੀਬ ਹਨ ਅਤੇ ਪੜਤਾਲ ਉਪਰੰਤ ਪਤਾ ਲੱਗਾ ਕਿ ਇਨ੍ਹਾਂ ਲੋਕਾਂ ਦੀ ਕਈ ਵਾਰ ਇੱਕ ਡੰਗ ਦੀ ਰੋਟੀ ਵੀ ਨਹੀਂ ਪੱਕਦੀ। ਇਨ੍ਹਾਂ ਦੀ ਫਰਿਆਦ ਡਾਕਟਰ ਐੱਸ.ਪੀ. ਸਿੰਘ ਓਬਰਾਏ ਕੋਲ ਭੇਜੀ ਗਈ ਸੀ ਅਤੇ ਡਾਕਟਰ ਓਬਰਾਏ ਵਲੋਂ ਭੇਜੀ ਰਾਸ਼ੀ ਗੁਰਮੀਤ ਸਿੰਘ ਸਾਬਕਾ ਪੀ.ਏ. ਡਿਪਟੀ ਕਮਿਸ਼ਨਰ ਸਾਹਿਬ ਦੀ ਹਾਜ਼ਰੀ ਵਿਚ ਇਨ੍ਹਾਂ ਲੋਕਾਂ ਨੂੰ ਦਿੱਤੀ ਗਈ ਅਤੇ ਗੁਰਮੀਤ ਸਿੰਘ ਪੀ.ਏ. ਵੱਲੋਂ ਡਾਕਟਰ ਐੱਸ.ਪੀ. ਸਿੰਘ ਉਬਰਾਏ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਗਈ। ਇਸ ਮੌਕੇ ਜਸਪਾਲ ਸਿੰਘ ਰਿਟਾਇਰਡ ਲੈਕਚਰਾਰ ਸੀਨੀਅਰ ਮੀਤ ਪ੍ਰਧਾਨ, ਗੁਰਪਾਲ ਸਿੰਘ, ਗੁਰਜੀਤ ਸਿੰਘ ਜੀਤਾ, ਚਰਨਜੀਤ ਸਿੰਘ, ਸੁਖਬੀਰ ਸਿੰਘ ਜੈਲਦਾਰ ਆਦਿ ਹਾਜ਼ਰ ਸਨ।

# ਮਨੀ ਲਾਂਡਰਿੰਗ ਮਾਮਲਾ: ਈ.ਡੀ. ਵੱਲੋਂ ਭਾਰਤ ਭੂਸ਼ਣ ਆਸ਼ੂ ਦਾ ਕਰੀਬੀ ਗ੍ਰਿਫ਼ਤਾਰ

ਜਲੰਧਰ, (ਪੰਜਾਬ ਮੇਲ)- ਕਾਂਗਰਸੀ ਆਗੂ ਭਾਰਤ ਭੂਸ਼ਣ ਆਸ਼ੂ ਦੇ ਕਥਿਤ ਕਰੀਬੀ ਰਾਜਦੀਪ ਨਾਗਰਾ ਨੂੰ ਈ.ਡੀ. ਨੇ ਟੈਂਡਰ ਘਪਲੇ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ 'ਚ ਗ੍ਰਿਫ਼ਤਾਰ ਕੀਤਾ ਹੈ। ਸੂਤਰਾਂ ਨੇ ਦੱਸਿਆ ਕਿ ਨਾਗਰਾ ਨੂੰ ਖੰਨਾ ਜ਼ਿਲ੍ਹੇ ਸਮੇਤ ਸੂਬੇ ਦੇ ਚਾਰ ਕਾਰੋਬਾਰੀ ਅਤੇ ਰਿਹਾਇਸ਼ੀ ਸਥਾਨਾਂ 'ਤੇ ਦਿਨ ਭਰ ਤਲਾਸ਼ੀ ਲੈਣ ਤੋਂ ਹਿਰਾਸਤ 'ਚ ਲਿਆ ਗਿਆ। ਪੰਜਾਬ ਦੇ ਸਾਬਕਾ ਖਪਤਕਾਰ ਮਾਮਲੇ, ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਕਾਰਜਕਾਰੀ ਪ੍ਰਧਾਨ ਭਾਰਤ ਭੂਸ਼ਣ ਆਸ਼ੂ ਨੂੰ ਇਸ ਮਾਮਲੇ ਵਿਚ ਕੇਂਦਰੀ ਏਜੰਸੀ ਨੇ 1 ਅਗਸਤ ਨੂੰ ਗ੍ਰਿਫ਼ਤਾਰ ਕੀਤਾ ਸੀ। ।ਮਨੀ-ਲਾਂਡਰਿੰਗ ਦੀ ਜਾਂਚ ਪੰਜਾਬ ਵਿਜੀਲੈਂਸ ਬਿਊਰੋ ਦੀ ਐੱਫ.ਆਈ.ਆਰ. ਤੋਂ ਸ਼ੁਰੂ ਹੋਈ ਹੈ, ਜੋ ਪੰਜਾਬ ਦੇ ਖੁਰਾਕ ਵਿਭਾਗ ਵਿਚ ਇੱਕ ਟੈਂਡਰ ਘਪਲੇ ਦੇ ਸਬੰਧ ਵਿਚ ਹੈ। ਜ਼ਿਕਰਯੋਗ ਹੈ ਕਿ ਕਾਂਗਰਸੀ ਆਗੂ ਨੂੰ ਪੰਜਾਬ ਵਿਜੀਲੈਂਸ ਬਿਊਰੋ ਨੇ ਅਗਸਤ 2022 ਵਿਚ ਇਸ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਸੀ। ਇੱਕ ਸਾਲ ਬਾਅਦ ਅਗਸਤ 2023 ਵਿਚ ਈ.ਡੀ. ਨੇ ਆਸ਼ੂ, ਲੁਧਿਆਣਾ ਇੰਪਰੂਵਮੈਂਟ ਟਰੱਸਟ ਦੇ ਸਾਬਕਾ ਚੇਅਰਮੈਨ ਰਮਨ ਬਾਲਾਸੁਬਰਾਮਨੀਅਮ ਅਤੇ ਕੁਝ ਹੋਰਾਂ ਦੇ ਘਰ ਛਾਪਾ ਮਾਰਿਆ ਸੀ।


Global Allianz

ਕਾਨੂੰਨੀ ਸਲਾਹਾਂ

LAW FIRM LLP

- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ



Atul Kapoor
C.E.O

Asylum & Deportation Defense



Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਗੁਜਰਾਤੀ ਔਰਤ ਨੇ ਪਤੀ ਦੀ ਮੌਤ ਤੋਂ ਬਾਅਦ ਗੈਸ ਕੰਪਨੀ 'ਤੇ 7 ਮਿਲੀਅਨ ਡਾਲਰ ਦਾ ਮੁਕੱਦਮਾ ਠੋਕਿਆ

**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)-** ਅਮਰੀਕੀ ਰਾਜ ਜਾਰਜੀਆ 'ਚ ਰਹਿਣ ਵਾਲੀ ਇਕ ਗੁਜਰਾਤੀ ਔਰਤ ਦੀਨਾ ਪਟੇਲ ਨੇ ਆਪਣੇ ਪਤੀ ਦੀ ਅਚਾਨਕ ਮੌਤ ਤੋਂ ਇਕ ਸਾਲ ਅੱਠ ਮਹੀਨੇ ਬਾਅਦ ਗੈਸ ਵੰਡ ਨਾਲ ਜੁੜੀ ਇਕ ਕੰਪਨੀ ਦੇ ਖਿਲਾਫ 70 ਲੱਖ ਡਾਲਰ ਦਾ ਦਾਅਵਾ ਦਾਇਰ ਕੀਤਾ ਹੈ। ਗੁਜਰਾਤੀ ਔਰਤ ਜਿਸ ਦਾ ਨਾਂ ਦੀਨਾ ਪਟੇਲ ਹੈ, ਉਸ ਦੇ ਪਤੀ ਨੀਲੇਸ਼ ਉਰਫ ਨੀਲ ਪਟੇਲ ਦੀ 26 ਜਨਵਰੀ 2023 ਨੂੰ ਮੌਤ ਹੋ ਗਈ ਸੀ। ਮੈਰੀਟਾ ਸਿਟੀ, ਜਾਰਜੀਆ ਦਾ ਵਸਨੀਕ ਨੀਲੇਸ਼ ਪਟੇਲ, ਸਮਾਹਨਾ ਸ਼ਹਿਰ ਦੇ ਕੈਂਡਲਵੁੱਡ ਸੂਟਸ ਨਾਂ ਦੇ ਇੱਕ ਹੋਟਲ ਵਿਚ ਗੈਸ ਲੀਕ ਹੋਣ ਤੋਂ ਬਾਅਦ ਅੱਗ ਲੱਗਣ ਕਾਰਨ ਗੰਭੀਰ ਰੂਪ ਵਿਚ ਝੁਲਸ ਗਿਆ ਸੀ। ਇਹ ਹੋਟਲ ਉਸਾਰੀ ਅਧੀਨ ਸੀ। ਇਹ ਘਟਨਾ 11 ਨਵੰਬਰ 2022 ਨੂੰ ਵਾਪਰੀ। ਘਟਨਾ ਤੋਂ ਬਾਅਦ ਨੀਲੇਸ਼ ਪਟੇਲ ਨੂੰ ਗੰਭੀਰ ਹਾਲਤ 'ਚ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ, ਜਿੱਥੇ ਢਾਈ ਮਹੀਨਿਆਂ ਦੇ ਇਲਾਜ ਤੋਂ ਬਾਅਦ ਉਸਦੀ ਮੌਤ ਹੋ ਗਈ ਸੀ। ਜਦੋਂ 43 ਸਾਲਾ ਨੀਲੇਸ਼ ਪਟੇਲ ਦੀ ਮੌਤ ਹੋਈ, ਤਾਂ ਉਸ ਦੀ ਪਤਨੀ ਦੀਨਾ ਪਟੇਲ ਗਰਭਵਤੀ ਸੀ, ਪਰ ਪਹਿਲੇ ਬੱਚੇ ਨੂੰ ਜਨਮ ਦੇਣ ਤੋਂ ਪਹਿਲਾਂ ਹੀ ਉਸ ਦੇ ਪਤੀ ਦੀ ਮੌਤ ਹੋ ਗਈ। ਦੀਨਾ ਪਟੇਲ ਨੇ ਫੁਲਟਨ ਕਾਉਂਟੀ ਸਟੇਟ ਕੋਰਟ ਵਿਚ 30 ਅਗਸਤ ਨੂੰ ਦਾਇਰ ਕੀਤੇ ਮੁਕੱਦਮੇ ਵਿਚ, ਦੱਖਣੀ ਗੈਸ ਸਪਲਾਈ ਕੰਪਨੀ, ਇਸ ਦੀਆਂ ਸਹਾਇਕ ਕੰਪਨੀਆਂ ਸਾਉਦਰਨ ਕੰਪਨੀ ਗੈਸ, ਅਟਲਾਂਟਾ ਗੈਸ ਲਾਈਟ ਅਤੇ ਗੈਸ ਸਾਊਥ ਉੱਤੇ ਗੈਸ ਲੀਕ ਕਰਨ ਵਿਚ ਲਾਪ੍ਰਵਾਹੀ ਦਾ ਦੋਸ਼ ਲਗਾਇਆ ਹੈ, ਜਿਸ ਕਾਰਨ ਉਸਦੇ ਪਤੀ ਦੀ ਮੌਤ ਹੋ ਗਈ ਸੀ। ਦੀਨਾ ਪਟੇਲ ਨੇ ਕੰਪਨੀ 'ਤੇ ਸੱਤ ਮਿਲੀਅਨ ਡਾਲਰ ਦਾ ਮੁਕੱਦਮਾ ਕੀਤਾ ਹੈ। 11 ਨਵੰਬਰ 2022 ਨੂੰ ਦੁਪਹਿਰ 1 ਵਜੇ ਦੇ ਕਰੀਬ ਨੀਲੇਸ਼ ਪਟੇਲ ਦੇ ਨਿਰਮਾਣ ਅਧੀਨ ਹੋਟਲ ਦੀ ਪੰਜਵੀਂ ਮੰਜ਼ਿਲ ਦੇ ਯੂਟੀਲਿਟੀ ਰੂਮ 'ਚ ਵਾਟਰ ਹੀਟਰ ਦੇ ਫਟਣ ਤੋਂ ਬਾਅਦ ਅੱਗ ਲੱਗੀ। ਉਸ ਸਮੇਂ ਨੀਲ ਪਟੇਲ ਅਤੇ ਇੱਕ ਪਲੰਬਰ ਕਮਰੇ 'ਚ ਸਨ। ਅਦਾਲਤ ਵਿਚ ਪੇਸ਼ ਕੀਤੇ ਰਿਕਾਰਡ ਅਨੁਸਾਰ ਜਦੋਂ ਨੀਲ ਪਟੇਲ ਅਤੇ ਪਲੰਬਰ, ਯੂਟੀਲਿਟੀ ਰੂਮ 'ਚ ਗਏ, ਤਾਂ ਉੱਥੇ ਪਹਿਲਾਂ ਤੋਂ ਹੀ ਗੈਸ ਲੀਕ ਹੋ ਰਹੀ ਸੀ ਪਰ ਉੱਥੇ ਕੋਈ ਬਦਬੂ ਨਾ ਆਉਣ ਕਾਰਨ ਉਨ੍ਹਾਂ ਨੂੰ ਗੈਸ ਲੀਕ ਹੋਣ ਦਾ ਕੋਈ ਪਤਾ ਨਹੀਂ ਲੱਗਾ। ਜਦੋਂ ਪਲੰਬਰ ਨੇ ਲਾਈਟਰ ਜਗਾਇਆ ਤਾਂ ਉੱਥੇ ਗੈਸ ਲੀਕ ਹੋਣ ਕਾਰਨ ਇੱਕ ਜ਼ੋਰਦਾਰ ਧਮਾਕਾ ਹੋਇਆ ਅਤੇ ਨੀਲ ਪਟੇਲ ਗੰਭੀਰ ਰੂਪ ਵਿਚ ਝੁਲਸ ਗਿਆ, ਜਿਸ ਨੂੰ ਦੋ ਮਹੀਨਿਆਂ ਤੋਂ ਵੱਧ ਸਮੇਂ ਤੱਕ ਗ੍ਰੇਡੀ ਮੈਮੋਰੀਅਲ ਹਸਪਤਾਲ ਦੇ ਆਈ.ਸੀ.ਯੂ. ਵਿਚ ਰੱਖਿਆ ਗਿਆ ਸੀ, ਪਰ 21 ਜਨਵਰੀ 2023 ਨੂੰ ਉਸ ਦੀ ਮੌਤ ਹੋ ਗਈ ਸੀ। ਅਦਾਲਤ 'ਚ ਦਾਇਰ ਮੁਕੱਦਮੇ ਮੁਤਾਬਕ ਨੀਲੇਸ਼ ਪਟੇਲ ਦੇ ਇਲਾਜ 'ਤੇ 70 ਲੱਖ ਡਾਲਰ ਤੋਂ ਵੱਧ ਦਾ ਖਰਚ ਆਇਆ ਹੈ। ਇਸ ਘਟਨਾ 'ਚ ਨੀਲ ਪਟੇਲ ਦੇ ਨਾਲ ਜ਼ਖਮੀ ਪਲੰਬਰ ਨੂੰ ਬਚਾ ਲਿਆ ਗਿਆ ਸੀ।



ਨੀਲੇਸ਼ ਪਟੇਲ ਦੀ ਫਾਈਲ ਫੋਟੋ।

# ਰੇਲਵੇ ਵੱਲੋਂ ਵਿਨੇਸ਼ ਫੋਗਾਟ ਤੇ ਬਜਰੰਗ ਪੂਨੀਆ ਦਾ ਅਸਤੀਫਾ ਤੁਰੰਤ ਪ੍ਰਭਾਵ ਤੋਂ ਸਵੀਕਾਰ

**■ ਤਿੰਨ ਮਹੀਨੇ ਦੇ ਨੋਟਿਸ ਪੀਰੀਅਡ ਦੇ ਪ੍ਰਬੰਧ ਵਿਚ ਢਿੱਲ ਦਿੱਤੀ**

**ਨਵੀਂ ਦਿੱਲੀ, (ਪੰਜਾਬ ਮੇਲ)-** ਰੇਲਵੇ ਨੇ ਪਹਿਲਵਾਨ ਵਿਨੇਸ਼ ਫੋਗਾਟ ਅਤੇ ਬਜਰੰਗ ਪੂਨੀਆ ਦੇ ਅਸਤੀਫੇ ਸਵੀਕਾਰ ਕਰ ਲਏ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਜਾਰੀ ਵੱਖ-ਵੱਖ ਨੋਟਿਸਾਂ 'ਚ ਉੱਤਰ ਰੇਲਵੇ ਨੇ ਕਿਹਾ ਕਿ 6 ਸਤੰਬਰ ਨੂੰ ਦਿੱਤੇ ਗਏ ਉਨ੍ਹਾਂ ਦੇ ਅਸਤੀਫਿਆਂ ਨੂੰ ਸਮਰੱਥ ਅਧਿਕਾਰੀ ਵੱਲੋਂ ਤੁਰੰਤ ਪ੍ਰਭਾਵ ਤੋਂ ਸਵੀਕਾਰ ਕਰ ਲਿਆ ਗਿਆ ਹੈ। ਪੂਨੀਆ ਤੇ ਫੋਗਾਟ ਦੋਵੇਂ ਹਾਲ ਹੀ ਵਿਚ ਕਾਂਗਰਸ 'ਚ ਸ਼ਾਮਲ ਹੋਏ ਹਨ। ਫੋਗਾਟ ਨੂੰ ਜੁਲਾਨਾ ਚੋਣ ਖੇਤਰ ਤੋਂ ਹਰਿਆਣਾ ਵਿਧਾਨ ਸਭਾ ਚੋਣਾਂ ਲੜਨ ਲਈ ਪਾਰਟੀ ਵੱਲੋਂ ਟਿਕਟ ਦਿੱਤੀ ਗਈ ਹੈ। ਉੱਤਰ ਰੇਵਲੇ ਨੇ ਦੋਹਾਂ ਦੇ ਮਾਮਲਿਆਂ ਵਿਚ ਤਿੰਨ ਮਹੀਨੇ ਦੇ ਨੋਟਿਸ ਪੀਰੀਅਡ ਦੇ ਪ੍ਰਬੰਧ ਵਿਚ ਢਿੱਲ ਦਿੱਤੀ।



# ਕੈਨੇਡਾ 'ਚ ਵਰਕ ਪਰਮਿਟ 'ਤੇ ਪਾਬੰਦੀ ਮਗਰੋਂ ਪੰਜਾਬੀ ਨੌਜਵਾਨ ਗੈਰ ਕਾਨੂੰਨੀ ਢੰਗ ਨਾਲ ਜਾ ਰਹੇ ਨੇ ਅਮਰੀਕਾ

**ਕੈਨੇਡਾ, ਪੰਜਾਬ ਮੇਲ) -** ਕੈਨੇਡਾ ਸਰਕਾਰ ਨੇ ਪ੍ਰਵਾਸੀਆਂ ਦੀ ਗਿਣਤੀ ਘੱਟ ਕਰਨ ਲਈ ਸਖ਼ਤ ਫੈਸਲੇ ਲਏ ਹਨ। ਇਸ ਦੇ ਤਹਿਤ ਕੈਨੇਡਾ 'ਚ 28 ਅਗਸਤ ਤੋਂ ਵਰਕ ਪਰਮਿਟ 'ਤੇ ਪਾਬੰਦੀ ਲੱਗ ਚੁੱਕੀ ਹੈ। ਇਸ ਦਾ ਮਤਲਬ ਹੈ ਕਿ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਵਰਕ ਪਰਮਿਟ 'ਤੇ ਕੰਮ ਕਰ ਰਹੇ ਨੌਜਵਾਨਾਂ ਦਾ ਵਰਕ ਵੀਜ਼ਾ ਨਹੀਂ ਵਧਾਇਆ ਜਾਵੇਗਾ। ਉਨ੍ਹਾਂ ਨੂੰ ਸਵਦੇਸ਼ ਪਰਤਣਾ ਪਵੇਗਾ। ਸਰਕਾਰ ਦੇ ਇਸ ਫ਼ੈਸਲੇ ਨਾਲ ਕੈਨੇਡਾ ਵਿਚ ਰੌਲਾ ਪਿਆ ਹੈ। ਜਿੱਥੇ ਨੌਜਵਾਨ ਸੜਕਾਂ 'ਤੇ ਹਨ, ਉੱਥੇ ਹੀ ਹੁਣ ਕਈ ਨੌਜਵਾਨਾਂ ਨੇ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਜਾਣਾ ਸ਼ੁਰੂ ਕਰ ਦਿੱਤਾ ਹੈ। ਕੈਨੇਡਾ ਦੇ ਇਸ ਫ਼ੈਸਲੇ ਦਾ ਪੰਜਾਬੀ ਨੌਜਵਾਨਾਂ 'ਤੇ ਭਾਰੀ ਅਸਰ ਪੈਣ ਵਾਲਾ ਹੈ। ਲਗਭਗ 70 ਹਜ਼ਾਰ ਭਾਰਤੀ ਪ੍ਰਭਾਵਿਤ ਹੋਣ ਵਾਲੇ ਹਨ। ਦਰਅਸਲ ਕੈਨੇਡਾ ਵਿਚ ਬੇਰੁਜ਼ਗਾਰੀ ਤੇਜ਼ੀ ਨਾਲ ਵਧੀ ਹੈ। 2024 ਦੇ ਅੰਤ ਤੱਕ ਕੈਨੇਡਾ ਵਿਚ ਭਾਰਤੀਆਂ ਦੀ ਗਿਣਤੀ 20 ਲੱਖ ਤੱਕ ਪਹੁੰਚਣ ਦੀ ਉਮੀਦ ਹੈ। ਸਾਲ 2022 ਵਿਚ 118,095 ਭਾਰਤੀ ਕੈਨੇਡਾ ਵਿਚ ਪੱਕੇ ਨਿਵਾਸੀ ਬਣ ਗਏ ਹਨ। ਕੈਨੇਡਾ ਸਰਕਾਰ ਅਨੁਸਾਰ ਜਿਨ੍ਹਾਂ ਲੋਕਾਂ ਨੇ 28 ਅਗਸਤ, 2024 ਤੋਂ ਪਹਿਲਾਂ ਅਪਲਾਈ ਕੀਤਾ ਹੈ, ਉਨ੍ਹਾਂ ਨੂੰ ਪੁਰਾਣੇ ਨਿਯਮਾਂ ਅਨੁਸਾਰ ਮੰਨਿਆ ਜਾਵੇਗਾ। ਇਸ ਫ਼ੈਸਲੇ ਬਾਰੇ ਮਾਹਿਰਾਂ ਦਾ ਕਹਿਣਾ ਹੈ ਕਿ ਦੇਸ਼ ਤੋਂ ਪ੍ਰਵਾਸੀਆਂ ਦੀ ਗਿਣਤੀ ਘਟਾਉਣ ਦਾ ਇਹ ਇਕ ਹੋਰ ਨਵਾਂ ਤਰੀਕਾ ਹੈ।


## ਮੈਟਰੀਮੋਨੀਅਲ

ਅਮਰੀਕਾ 'ਚ ਵੈਲ ਸੈਟਲਡ, ਗੁਰਸਿੱਖ ਪਰਿਵਾਰ ਨੂੰ ਆਪਣੇ ਪ੍ਰੋਫੈਸ਼ਨਲੀ ਕੁਆਲੀਫਾਈਡ ਅੰਮ੍ਰਿਤਧਾਰੀ, 1987 ਬੌਰਨ, ਕੱਦ 5'-11", ਅਮਰੀਕਾ ਤੋਂ ਮਾਸਟਰਜ਼ ਡਿਗਰੀ ਹੋਲਡਰ, ਸਾਫਟਵੇਅਰ ਇੰਜੀਨੀਅਰਿੰਗ ਪ੍ਰੋਡਕਟ ਮੈਨੇਜਰ ਦੀ ਵਧੀਆ ਜੌਬ ਕਰਦੇ, ਸਾਨ-ਫਰਾਂਸਿਸਕੋ, ਬੇ ਏਰੀਆ, ਕੈਲੀਫੋਰਨੀਆ (ਅਮਰੀਕਾ) 'ਚ ਆਪਣੇ ਘਰ ਦੇ ਮਾਲਕ, ਵਿਆਹ ਤੋਂ ਸਿਰਫ 4 ਮਹੀਨੇ ਵਿਚ ਇਨੋਸੈਂਟਲੀ ਡਾਇਵੋਰਸਡ (ਕੋਈ ਬੱਚਾ ਨਹੀਂ), ਲੜਕੇ ਲਈ ਗੁਰਸਿੱਖ, ਅੰਮ੍ਰਿਤਧਾਰੀ, ਪੜ੍ਹੀ-ਲਿਖੀ, ਸੋਹਣੀ, ਵੈਸ਼ਨੂੰ, ਪਰਿਵਾਰਕ ਲੜਕੀ ਦੀ ਲੋੜ ਹੈ। ਅਮਰੀਕਾ/ਕੈਨੇਡਾ ਦੀ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਹੋਰ ਵਧੇਰੇ ਜਾਣਕਾਰੀ ਲਈ 1-510-281-7065 ਜਾਂ ਫਿਰ ਵਟਸਅਪ : +91-98993-79442 'ਤੇ ਫੋਨ ਕਰ ਸਕਦੇ ਹੋ ਜਾਂ ਫਿਰ ਆਪਣੇ ਵੇਰਵੇ ਈਮੇਲ: CJSINGH55@gmail.com 'ਤੇ ਭੇਜ ਸਕਦੇ ਹੋ।

## ਮੈਟਰੀਮੋਨੀਅਲ

ਅਮਰੀਕਾ ਦੇ ਵਰਕ ਪਰਮਿਟ ਹੋਲਡਰ, ਸੁਨਿਆਰ ਲੜਕੀ, ਉਮਰ 29 ਸਾਲ, ਕੱਦ 5'-1", ਬੈਚਲਰਸ ਆਫ ਡੈਂਟਲ ਸਰਜਰੀ (ਬੀ.ਡੀ.ਐੱਸ.) ਡੈਂਟਿਸਟ ਲਈ ਲੜਕੇ ਦੀ ਲੋੜ ਹੈ। ਸਿਰਫ ਅਮਰੀਕਨ ਫੈਮਿਲੀ ਹੀ ਸੰਪਰਕ ਕਰਨ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : 98761-42597

## ਮੈਟਰੀਮੋਨੀਅਲ

ਅਮਰੀਕਾ ਦੇ ਵਰਕ ਪਰਮਿਟ ਹੋਲਡਰ, ਸੁਨਿਆਰ ਲੜਕਾ, ਉਮਰ 28 ਸਾਲ, ਗ੍ਰੈਜੂਏਟ ਲੜਕੇ ਲਈ ਅਮਰੀਕੀ ਨਾਗਰਿਕਤਾ ਪ੍ਰਾਪਤ ਲੜਕੀ ਦੀ ਲੋੜ ਹੈ। ਸਿਰਫ ਅਮਰੀਕਨ ਫੈਮਿਲੀ ਹੀ ਸੰਪਰਕ ਕਰਨ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : 98761-42597

## ਪੰਜਾਬ ਮੇਲ 'ਚ ਮੁਫਤ ਮੈਟਰੀਮੋਨੀਅਲ ਇਸ਼ਤਿਹਾਰ ਲਗਾਉਣ ਲਈ 916-320-9444 'ਤੇ ਸੰਪਰਕ ਕਰੋ।

## ਮੈਟਰੀਮੋਨੀਅਲ

ਜੱਟ ਸਿੱਖ, 42 ਸਾਲ, 5'-4", ਵਧੀਆ ਨੌਕਰੀ, ਅਮਰੀਕਨ ਸਿਟੀਜ਼ਨ, ਤਲਾਕਸ਼ੁਦਾ ਲੜਕੀ ਲਈ ਅਮਰੀਕਾ ਵਿਚ ਰਹਿੰਦੇ ਵਧੀਆ ਸਥਾਪਿਤ ਜੱਟ ਸਿੱਖ ਪਰਿਵਾਰ ਦੇ ਬਿਨਾਂ ਬੱਚੇ ਤੋਂ ਜੀਵਨ ਸਾਥੀ ਦੀ ਲੋੜ ਹੈ। ਚਾਹਵਾਨ ਵਟਸਐਪ 540-479-0603 'ਤੇ ਸੰਪਰਕ ਕਰ ਸਕਦੇ ਹਨ।

## MATRIMONIAL

ਖੱਤਰੀ ਰਾਮਗੜ੍ਹੀਆ ਸਿੱਖ ਲੜਕਾ 26, ਬੀ.ਏ., 6'-2" ਬਰੈਂਪਟਨ ਵਿੱਚ ਕੱਚਾ, ਲਈ ਕੈਨੇਡਾ ਪੀ.ਆਰ. ਢੁਕਵੀਂ ਕੰਨਿਆਂ ਲੋੜੀਂਦੀ ਹੈ। ਸੰਪਰਕ : ਸਤਵੀਰ ਸਿੰਘ ਚਾਨੀਆਂ, 92569-73526 (ਇੰਡੀਆ)

## MATRIMONIAL

Seeking Amritdhari Educated Vegetarian Singhnee From USA/CANADA For Well Settled Amritdhari Singh, 36 Years Old, 5'-11" Height, Working as Software Product Leader, Owns A House in San Francisco Bay Area. Innocent Issueless Divorcee (4 Months Marriage)
Call: +1-510-281-7065, WhatsApp: +91 98993 79442
Email: cjsingh55@gmail.com

## MATRIMONIAL

Jatt Sikh boy, 6'-00", 32, Registered Nurse, Pure Vegetarian, Work Permit holder, Bay Area resident, looking for a family oriented match. Parents Green Card holders. Contact: +1-510-453-0085.

## ਕੰਨਿਆ ਦੀ ਲੋੜ

ਅਮਰੀਕਾ ਦੇ ਗਰੀਨ ਕਾਰਡ ਹੋਲਡਰ, ਟਾਂਕ ਕਸ਼ੱਤਰੀ ਲੜਕਾ, ਉਮਰ 32 ਸਾਲ, ਕੱਦ 6 ਫੁੱਟ, ਸਾਊ, ਨਸ਼ਿਆਂ ਤੋਂ ਰਹਿਤ, ਮਿਹਨਤੀ, ਵਿੱਦਿਆ ਗਰੇਡ 12, ਮਾਲਵੇ ਨਾਲ ਸਬੰਧਿਤ ਲਈ ਕੈਨੇਡਾ ਜਾਂ ਅਮਰੀਕਾ ਵਿਚ ਨਾਗਰਿਕਤਾ ਪ੍ਰਾਪਤ ਯੋਗ ਕੰਨਿਆ ਦੀ ਲੋੜ ਹੈ। ਸਾਰਾ ਪਰਿਵਾਰ ਅਮਰੀਕਾ ਵਿਚ ਸੈਟਲਡ ਹੈ। ਸੰਪਰਕ ਕਰੋ : +1 (206) 353-6341, ਕੈਨੇਡਾ : 416-509-6200

# ਸੁਪਰੀਮ ਕੋਰਟ ਨੇ ਕੇਜਰੀਵਾਲ ਦੀ ਜ਼ਮਾਨਤ ਅਰਜ਼ੀ 'ਤੇ ਫ਼ੈਸਲਾ ਰਾਖਵਾਂ ਰੱਖਿਆ

**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਦਿੱਲੀ ਆਬਕਾਰੀ ਨੀਤੀ ਸਬੰਧੀ 'ਘਪਲੇ' ਨਾਲ ਜੁੜੇ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਸੀ.ਬੀ.ਆਈ. ਵੱਲੋਂ ਬੀਤੀ 26 ਜੂਨ ਨੂੰ ਕੀਤੀ ਗਈ ਗ੍ਰਿਫ਼ਤਾਰੀ ਖ਼ਿਲਾਫ਼ ਅਤੇ ਜ਼ਮਾਨਤ ਦੀ ਮੰਗ ਕਰਦੀਆਂ ਪਟੀਸ਼ਨਾਂ 'ਤੇ ਵੀਰਵਾਰ ਨੂੰ ਸੁਪਰੀਮ ਕੋਰਟ ਵਿਚ ਹੋਈ ਸੁਣਵਾਈ ਤੋਂ ਬਾਅਦ ਅਦਾਲਤ ਨੇ ਆਪਣਾ ਫ਼ੈਸਲਾ ਰਾਖਵਾਂ ਰੱਖ ਲਿਆ ਹੈ।



ਜਸਟਿਸ ਸੂਰਿਆ ਕਾਂਤ ਦੀ ਅਗਵਾਈ ਵਾਲੇ ਬੈਂਚ ਨੇ ਫ਼ੈਸਲਾ ਰਾਖਵਾਂ ਰੱਖਦਿਆਂ ਕਿਹਾ, "ਇਕ ਜ਼ਮਾਨਤ ਦਾ ਮਾਮਲਾ ਹੀ ਸਾਡਾ ਸਾਰਾ ਦਿਨ ਖਾ ਗਿਆ ਹੈ... ਸਾਨੂੰ ਵੱਡੀ ਗਿਣਤੀ ਕੇਸਾਂ ਨੂੰ ਦੇਖਣਾ ਹੁੰਦਾ ਹੈ... ਹੋਰ ਮੁਕੱਦਮੇਬਾਜ਼ਾਂ ਬਾਰੇ ਵੀ ਸੋਚੋ।... ਫ਼ੈਸਲਾ ਰਾਖਵਾਂ ਰੱਖਿਆ ਜਾਂਦਾ ਹੈ।"

ਇਸ ਤੋਂ ਪਹਿਲਾਂ ਕੇਜਰੀਵਾਲ ਦੀ ਤਰਫ਼ੋਂ ਬਹਿਸ ਦੀ ਸ਼ੁਰੂਆਤ ਕਰਦਿਆਂ ਸੀਨੀਅਰ ਵਕੀਲ ਅਭਿਸ਼ੇਕ ਮਨੂ ਸਿੰਘਵੀ ਨੇ ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਉੱਜਲ ਭੂਈਆਂ ਦੇ ਬੈਂਚ ਨੂੰ ਦੱਸਿਆ ਕਿ ਇਹ ਅਜਿਹਾ 'ਇਕੋ-ਇਕ ਤੇ ਨਿਵੇਕਲਾ' ਕੇਸ ਹੈ, ਜਿਸ ਵਿਚ ਸੁਪਰੀਮ ਕੋਰਟ ਵੱਲੋਂ ਉਨ੍ਹਾਂ ਦੇ ਮੁਵੱਕਿਲ ਦੀ ਰਿਹਾਈ ਦੇ ਦੋ ਅਤੇ ਹੇਠਲੀ ਅਦਾਲਤ ਵੱਲੋਂ ਇਕ ਹੁਕਮ ਜਾਰੀ ਕੀਤੇ ਜਾਣ ਦੇ ਬਾਵਜੂਦ ਉਨ੍ਹਾਂ ਦਾ ਮੁਵੱਕਿਲ ਹਾਲੇ ਵੀ ਜੇਲ੍ਹ ਵਿਚ ਹੈ।

ਸਿੰਘਵੀ ਦਾ ਇਸ਼ਾਰਾ ਸੁਪਰੀਮ ਕੋਰਟ ਵੱਲੋਂ ਕੇਜਰੀਵਾਲ ਨੂੰ ਵਧੇਰੇ ਸਖ਼ਤ ਮਨੀ ਲਾਂਡਰਿੰਗ ਰੋਕੂ ਐਕਟ (ਪੀ.ਐੱਮ.ਐੱਲ.ਏ.) ਤਹਿਤ ਪਹਿਲਾਂ 10 ਮਈ ਨੂੰ ਦਿੱਤੀ ਗਈ ਅੰਤ੍ਰਿਮ ਜ਼ਮਾਨਤ ਤੇ ਫਿਰ 21 ਜੁਲਾਈ ਨੂੰ ਦਿੱਤੀ ਗਈ ਆਮ ਜ਼ਮਾਨਤ ਅਤੇ ਨਾਲ ਹੀ ਦਿੱਲੀ ਦੇ ਵਕੇਸ਼ਨ ਜੱਜ ਨਿਆਏ ਬਿੰਦੂ ਵੱਲੋਂ 20 ਜੂਨ ਨੂੰ ਜਾਰੀ ਹੁਕਮਾਂ ਵੱਲ ਸੀ।

### ■ ਕੇਜਰੀਵਾਲ ਸਮਾਜ ਲਈ ਖ਼ਤਰਾ ਨਹੀਂ: ਵਕੀਲ ਅਭਿਸ਼ੇਕ ਮਨੂ ਸਿੰਘਵੀ

ਉਨ੍ਹਾਂ ਕਿਹਾ ਕਿ ਇਹ ਮਾਮਲਾ 'ਆਮ ਸਮਝ ਮੁਤਾਬਕ ਨਿਬੇੜਿਆ ਜਾਣਾ ਚਾਹੀਦਾ ਹੈ, ਨਾ ਕਿ ਬਹੁਤ ਜ਼ਿਆਦਾ ਤਕਨੀਕੀ ਨੁਕਤਿਆਂ ਨਾਲ... ਕਿਸੇ ਦੀ ਆਜ਼ਾਦੀ ਨੂੰ ਤਕਨੀਕੀ ਨੁਕਤਿਆਂ' ਖ਼ਾਤਰ ਨਹੀਂ ਲਟਕਾਇਆ ਜਾ ਸਕਦਾ। ਉਨ੍ਹਾਂ ਕਿਹਾ ਕਿ ਕੇਜਰੀਵਾਲ ਸਮਾਜ ਲਈ ਕੋਈ ਖ਼ਤਰਾ ਨਹੀਂ ਹਨ ਅਤੇ ਉਨ੍ਹਾਂ ਨੂੰ ਜ਼ਮਾਨਤ ਉਤੇ ਰਿਹਾਅ ਕੀਤਾ ਜਾਵੇ ਕਿਉਂਕਿ ਇਸ ਮਾਮਲੇ ਵਿਚ ਗ੍ਰਿਫ਼ਤਾਰ ਹੋਰ ਮੁਲਜ਼ਮਾਂ ਦੀ ਪਹਿਲਾਂ ਹੀ ਜ਼ਮਾਨਤ ਹੋ ਚੁੱਕੀ ਹੈ।

# 'ਆਪ' ਵਿਧਾਇਕ ਅਮਾਨਤੁੱਲਾ ਖਾਨ ਨੂੰ 14 ਦਿਨਾਂ ਦੀ ਨਿਆਂਇਕ ਹਿਰਾਸਤ 'ਚ ਭੇਜਿਆ

**ਨਵੀਂ ਦਿੱਲੀ, (ਪੰਜਾਬ ਮੇਲ)-** ਆਮ ਆਦਮੀ ਪਾਰਟੀ ਦੇ ਵਿਧਾਇਕ ਅਮਾਨਤੁੱਲਾ ਖਾਨ ਨੂੰ ਮਨੀ ਲਾਂਡਰਿੰਗ ਮਾਮਲੇ 'ਚ 14 ਦਿਨਾਂ ਲਈ ਨਿਆਂਇਕ ਹਿਰਾਸਤ 'ਚ ਭੇਜਿਆ ਗਿਆ ਹੈ। ਈ.ਡੀ. ਨੇ ਅਦਾਲਤ ਨੂੰ ਦੱਸਿਆ ਕਿ ਦੋਸ਼ੀ ਨੂੰ ਹਿਰਾਸਤ ਵਿਚ ਰੱਖਿਦਆਂ ਹੋਰ ਪੁੱਛਗਿੱਛ ਦੀ ਲੋੜ ਨਹੀਂ ਹੈ, ਉਸਨੂੰ ਨਿਆਂਇਕ ਹਿਰਾਸਤ ਵਿਚ ਭੇਜਿਆ ਜਾਣਾ ਚਾਹੀਦਾ ਹੈ। ਜਿਸ



ਉਪਰੰਤ ਵਿਸ਼ੇਸ਼ ਜੱਜ ਰਾਕੇਸ਼ ਸਿਆਲ ਨੇ 23 ਸਤੰਬਰ ਤੱਕ ਨਿਆਂਇਕ ਹਿਰਾਸਤ ਭੇਜਣ ਦੇ ਹੁਕਮ ਦਿੱਤਾ ਹੈ। ਜਾਂਚ ਏਜੰਸੀ ਨੇ ਅਦਾਲਤ ਨੂੰ ਅੱਗੇ ਦੱਸਿਆ ਕਿ ਖਾਨ ਨੇ ਪਹਿਲੇ ਰਿਮਾਂਡ ਦੀ ਮਿਆਦ ਦੌਰਾਨ ਸਹਿਯੋਗ ਨਹੀਂ ਦਿੱਤਾ ਸੀ। ਹਾਲਾਂਕਿ ਖਾਨ ਦੇ ਵਕੀਲ ਨੇ ਈ.ਡੀ. ਦੀ ਅਰਜ਼ੀ ਦਾ ਵਿਰੋਧ ਕੀਤਾ।

## ਹਰਿਆਣਾ ਦੇ 24 'ਚੋਂ 15 ਸ਼ਹਿਰ ਸਭ ਤੋਂ ਵੱਧ ਪ੍ਰਦੂਸ਼ਿਤ

**ਨਵੀਂ ਦਿੱਲੀ, (ਪੰਜਾਬ ਮੇਲ)-** ਹਰਿਆਣਾ ਦੇ 24 'ਚੋਂ 15 ਸ਼ਹਿਰ ਮੌਜੂਦਾ ਵਰ੍ਹੇ ਦੀ ਪਹਿਲੀ ਛਿਮਾਹੀ 'ਚ ਪੀ.ਐੱਮ. 2.5 ਦੇ ਪੱਧਰ ਦੇ ਆਧਾਰ 'ਤੇ ਮੁਲਕ ਦੇ 100 ਸਭ ਤੋਂ ਵਧ ਪ੍ਰਦੂਸ਼ਿਤ ਸ਼ਹਿਰਾਂ 'ਚ ਸ਼ਾਮਲ ਹਨ। ਪ੍ਰਦੂਸ਼ਣ 'ਤੇ ਇਕ ਨਵੇਂ ਅਧਿਐਨ 'ਚ ਇਸ ਦਾ ਖ਼ੁਲਾਸਾ ਹੋਇਆ ਹੈ। ਹਵਾ ਗੁਣਵੱਤਾ ਪੈਮਾਨੇ ਨਾਲ ਸਬੰਧਤ ਕੌਮੀ ਸੰਸਥਾ (ਐੱਨ.ਏ.ਏ.ਕਿਊ.ਐੱਸ.) ਮੁਤਾਬਕ ਪੀ.ਐੱਮ. 2.5 ਅਤੇ ਪੀ.ਐੱਮ. 10 ਦੇ ਸਾਲਾਨਾ ਪੱਧਰ ਦੀ ਸੁਰੱਖਿਅਤ ਹੱਦ ਕ੍ਰਮਵਾਰ 40 ਮਾਈਕ੍ਰੋਗ੍ਰਾਮ ਪ੍ਰਤੀ ਕਿਊਬਿਕ ਮੀਟਰ ਅਤੇ 60 ਮਾਈਕ੍ਰੋਗ੍ਰਾਮ ਪ੍ਰਤੀ ਕਿਊਬਿਕ ਮੀਟਰ ਹੈ। ਉਂਜ ਇਹ ਹੱਦ ਆਲਮੀ ਸਿਹਤ ਸੰਗਠਨ (ਡਬਲਯੂ.ਐੱਚ.ਓ). ਦੇ 2021 ਦੇ ਦਿਸ਼ਾ-ਨਿਰਦੇਸ਼ਾਂ ਤੋਂ ਬਹੁਤ ਵਧ ਹੈ, ਜੋ ਪੀ.ਐੱਮ. 2.5 ਲਈ ਪੰਜ ਮਾਈਕ੍ਰੋਗ੍ਰਾਮ ਪ੍ਰਤੀ ਕਿਊਬਿਕ ਮੀਟਰ ਅਤੇ ਪੀ.ਐੱਮ. 10 ਲਈ 15 ਮਾਈਕ੍ਰੋਗ੍ਰਾਮ ਪ੍ਰਤੀ ਕਿਊਬਿਕ ਮੀਟਰ ਦੀ ਸਿਫਾਰਿਸ਼ ਕਰਦੇ ਹਨ। ਜਨਵਰੀ ਤੋਂ ਜੂਨ ਤੱਕ ਦੇ ਹਵਾ ਗੁਣਵੱਤਾ ਦੇ ਅੰਕੜਿਆਂ ਤੋਂ ਪਤਾ ਲੱਗਾ ਕਿ ਹਰਿਆਣਾ ਦੇ ਹਰੇਕ ਸ਼ਹਿਰ 'ਚ ਐੱਨ.ਏ.ਕਿਊ.ਐੱਸ. ਅਤੇ ਡਬਲਯੂ.ਐੱਚ.ਓ. ਪੀ.ਐੱਮ. 10 ਦਾ ਪੱਧਰ ਮਾਪਦੰਡਾਂ ਤੋਂ ਵਧ ਹੈ। ਫਰੀਦਾਬਾਦ, ਹਰਿਆਣਾ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਰਿਹਾ ਜਿਥੇ ਔਸਤ ਪੀ.ਐੱਮ. 2.5 ਪੱਧਰ 103 ਮਾਈਕ੍ਰੋਗ੍ਰਾਮ ਪ੍ਰਤੀ ਕਿਊਬਿਕ ਮੀਟਰ ਰਿਹਾ। ਸਿਰਫ਼ ਤਿੰਨ ਸ਼ਹਿਰਾਂ ਪਲਵਲ, ਅੰਬਾਲਾ ਅਤੇ ਮਾਂਡੀਖੇੜਾ 'ਚ ਪ੍ਰਦੂਸ਼ਣ ਦਾ ਪੱਧਰ ਪੀ.ਐੱਮ. 2.5 ਤੋਂ ਘੱਟ ਰਿਹਾ।

# ਅਮਰੀਕਾ ਨੂੰ ਪਛਾੜ ਭਾਰਤ ਬਣਿਆ ਦੂਜਾ ਸਭ ਤੋਂ ਵੱਡਾ 5ਜੀ ਸਮਾਰਟਫੋਨ ਮਾਰਕੀਟ

**ਨਵੀਂ ਦਿੱਲੀ, (ਪੰਜਾਬ ਮੇਲ)-** ਕਾਊਂਟਰਪੁਆਇੰਟ ਰਿਸਰਚ ਦੀ ਇੱਕ ਰਿਪੋਰਟ ਦੇ ਅਨੁਸਾਰ, ਭਾਰਤ ਹੁਣ ਸੰਯੁਕਤ ਰਾਜ ਨੂੰ ਪਛਾੜਦੇ ਹੋਏ ਦੁਨੀਆਂ ਦਾ ਦੂਜਾ ਸਭ ਤੋਂ ਵੱਡਾ 5ਜੀ ਸਮਾਰਟਫੋਨ ਮਾਰਕੀਟ ਬਣ ਗਿਆ ਹੈ।



ਗਲੋਬਲ 5ਜੀ ਫੋਨ ਸ਼ਿਪਮੈਂਟ ਦੇ 32% ਦੇ ਨਾਲ ਚੀਨ ਅਜੇ ਵੀ ਪਹਿਲੇ ਨੰਬਰ 'ਤੇ ਹੈ। ਭਾਰਤ ਵਿਚ 13% ਹੈ, ਜਦੋਂਕਿ ਅਮਰੀਕਾ 10% ਦੇ ਨਾਲ ਤੀਜੇ ਸਥਾਨ 'ਤੇ ਆ ਗਿਆ ਹੈ।

ਕਾਊਂਟਰਪੁਆਇੰਟ ਰਿਸਰਚ ਦੇ ਸੀਨੀਅਰ ਵਿਸ਼ਲੇਸ਼ਕ ਨੇ ਕਿਹਾ ਕਿ ਭਾਰਤ ਦਾ ਵਾਧਾ ਸੈਮਸੰਗ, ਵੀਵੋ ਅਤੇ ਸ਼ੀਓਮੀ ਵਰਗੇ ਬ੍ਰਾਂਡਾਂ ਤੋਂ ਖਾਸ ਤੌਰ 'ਤੇ ਸਸਤੇ ਫੋਨ ਮਾਡਲਾਂ ਦੀ ਮਜ਼ਬੂਤ ਵਿਕਰੀ ਕਾਰਨ ਹੈ। ਸਿੰਘ ਨੇ ਕਿਹਾ, "5ਜੀ ਫੋਨਾਂ ਦੀ ਵਿਕਰੀ ਲਗਾਤਾਰ ਵਧ ਰਹੀ ਹੈ, ਅਤੇ ਜਿਵੇਂ ਕਿ ਵਧੇਰੇ ਕਿਫਾਇਤੀ 5ਜੀ ਫੋਨ ਉਪਲਬਧ ਹੁੰਦੇ ਹਨ, ਭਾਰਤ ਵਰਗੇ ਦੇਸ਼ਾਂ ਨੇ ਇਸ ਖੇਤਰ ਵਿਚ ਵੱਡਾ ਵਾਧਾ ਦੇਖਿਆ ਹੈ"।

ਵਿਸ਼ਵਵਿਆਪੀ ਤੌਰ 'ਤੇ, ਐਪਲ 5ਜੀ ਫੋਨਾਂ ਦੀ ਵਿਕਰੀ ਵਿਚ ਮੋਹਰੀ ਹੈ, ਇਸਦੇ ਆਈਫੋਨ 15 ਅਤੇ ਆਈਫੋਨ 14 ਮਾਡਲਾਂ ਦੀ ਮਜ਼ਬੂਤ ਮੰਗ ਦੇ ਕਾਰਨ, ਮਾਰਕੀਟ ਦਾ 25% ਤੋਂ ਵੱਧ ਹਿੱਸਾ ਹੈ। ਸੈਮਸੰਗ 21% ਤੋਂ ਵੱਧ ਮਾਰਕੀਟ ਦੇ ਨਾਲ, ਇਸਦੇ ਗਲੈਕਸੀ ਏ ਅਤੇ ਐੱਸ.24 ਸੀਰੀਜ਼ ਦੁਆਰਾ ਸੰਚਾਲਿਤ, ਪਿੱਛੇ ਹੈ। ਐਪਲ ਅਤੇ ਸੈਮਸੰਗ ਦੋਵਾਂ ਕੋਲ 2024 ਦੇ ਪਹਿਲੇ ਅੱਧ ਲਈ ਚੋਟੀ ਦੇ ਦਸ 5ਜੀ ਫੋਨਾਂ ਵਿਚ ਪੰਜ-ਪੰਜ ਮਾਡਲ ਹਨ, ਜਿਸ ਵਿਚ ਐਪਲ ਚੋਟੀ ਦੇ ਚਾਰ ਸਥਾਨਾਂ 'ਤੇ ਹੈ।

**Xiaomi** ਹੁਣ ਦੁਨੀਆਂ ਦਾ ਤੀਜਾ ਸਭ ਤੋਂ ਵੱਡਾ 5ਜੀ ਫੋਨ ਵਿਕਰੇਤਾ ਹੈ, ਭਾਰਤ ਵਿਚ ਇਸਦਾ ਤੇਜ਼ੀ ਨਾਲ ਵਿਕਾਸ ਇੱਕ ਮੁੱਖ ਭੂਮਿਕਾ ਨਿਭਾ ਰਿਹਾ ਹੈ। ਰਿਪੋਰਟ ਦੇ ਅਨੁਸਾਰ, **Xiaomi** ਨੇ ਮੱਧ ਪੂਰਬ, ਯੂਰਪ ਅਤੇ ਚੀਨ ਵਰਗੇ ਖੇਤਰਾਂ ਵਿਚ ਦੋ ਅੰਕਾਂ ਦੇ ਵਾਧੇ ਦੇ ਨਾਲ ਭਾਰਤ ਵਿਚ ਤਿੰਨ ਅੰਕਾਂ ਦਾ ਵਾਧਾ ਦੇਖਿਆ। ਵੀਵੋ ਨੇ ਭਾਰਤ, ਚੀਨ ਅਤੇ ਹੋਰ ਏਸ਼ੀਆਈ ਦੇਸ਼ਾਂ ਵਿਚ ਵੀ ਮਹੱਤਵਪੂਰਨ ਵਾਧਾ ਦੇਖਿਆ।

**ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**



ਪੰਜਾਬ ਮੇਲ USA

# ਭਾਰਤੀ ਅਮਰੀਕੀਆਂ ਨੇ ਟਾਈਮ ਦੀ 'ਏ.ਆਈ. 2024 ਵਿੱਚ 100 ਸਭ ਤੋਂ ਪ੍ਰਭਾਵਸ਼ਾਲੀ ਲੋਕਾਂ' ਦੀ ਸੂਚੀ ਵਿੱਚ ਥਾਂ ਬਣਾਈ

**■ 2024 ਟਾਈਮ 100 ਏ.ਆਈ. ਸੂਚੀ ਵਿਚ 40 ਸੀ.ਈ.ਓ., ਸੰਸਥਾਪਕ ਅਤੇ ਸਹਿ-ਸੰਸਥਾਪਕ ਸ਼ਾਮਲ**



ਵਾਸ਼ਿੰਗਟਨ, (ਪੰਜਾਬ ਮੇਲ)- ਭਾਰਤੀ ਅਮਰੀਕੀਆਂ ਨੇ ਇੱਕ ਵਾਰ ਫਿਰ ਗਲੋਬਲ ਏ.ਆਈ. ਲੈਂਡਸਕੇਪ 'ਤੇ ਇੱਕ ਮਹੱਤਵਪੂਰਨ ਛਾਪ ਛੱਡੀ ਹੈ, ਕਈ ਵਿਅਕਤੀਆਂ ਨੂੰ TIME ਦੀ ਵੱਕਾਰੀ 'ਏ.ਆਈ. 2024 ਵਿਚ 100 ਸਭ ਤੋਂ ਪ੍ਰਭਾਵਸ਼ਾਲੀ ਲੋਕ' ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ। ਤਕਨੀਕੀ ਦਿੱਗਜਾਂ ਤੋਂ ਲੈ ਕੇ ਏ.ਆਈ. ਸਟਾਰਟਅਪਸ ਤੱਕ, ਇਹ ਵਿਅਕਤੀ ਏ.ਆਈ. ਨਵੀਨਤਾ ਵਿਚ ਸਭ ਤੋਂ ਅੱਗੇ ਹਨ, ਤਕਨਾਲੋਜੀ ਦੇ ਭਵਿੱਖ ਅਤੇ ਸਮਾਜ ਉੱਤੇ ਇਸਦੇ ਪ੍ਰਭਾਵ ਨੂੰ ਆਕਾਰ ਦਿੰਦੇ ਹਨ।

2024 **TIME** 100 ਏ.ਆਈ. ਸੂਚੀ ਵਿਚ 40 ਸੀ.ਈ.ਓ., ਸੰਸਥਾਪਕ ਅਤੇ ਸਹਿ-ਸੰਸਥਾਪਕ ਸ਼ਾਮਲ ਹਨ, ਪਰ ਨੇਤਾਵਾਂ ਵਜੋਂ ਮਾਨਤਾ ਪ੍ਰਾਪਤ ਦੋ ਭਾਰਤੀ ਅਮਰੀਕਨ ਹਨ, ਗੂਗਲ ਅਤੇ **Alphabet** ਦੇ ਸੀ.ਈ.ਓ. ਸੁੰਦਰ ਪਿਚਾਈ, ਖੋਜ ਇੰਜਨ ਤਕਨਾਲੋਜੀ ਅਤੇ ਏ.ਆਈ. ਵਿਕਾਸ ਵਿਚ ਨਵੀਨਤਾ ਲਿਆਉਣ ਵਾਲੇ ਅਤੇ ਸੱਤਿਆ ਨਡੇਲਾ, ਮਾਈਕ੍ਰੋਸਾਫਟ ਦੇ ਸੀ.ਈ.ਓ., ਜਿਸ ਨੇ ਏ.ਆਈ. ਵਿਚ ਰਣਨੀਤਕ ਨਿਵੇਸ਼ ਕੀਤਾ ਹੈ, ਓਪਨ ਏ.ਆਈ. ਸਮੇਤ, ਮਾਈਕ੍ਰੋਸਾਫਟ ਨੂੰ ਏ.ਆਈ. ਕ੍ਰਾਂਤੀ ਵਿਚ ਇੱਕ ਪ੍ਰਮੁੱਖ ਖਿਡਾਰੀ ਦੇ ਰੂਪ ਵਿਚ ਸਥਿਤੀ ਪ੍ਰਦਾਨ ਕਰਦਾ ਹੈ।

ਰੋਹਿਤ ਪ੍ਰਸਾਦ, ਐਮਾਜ਼ਾਨ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਮੁੱਖ ਵਿਗਿਆਨੀ ਨੂੰ ਵੀ ਕੰਪਨੀ ਵਿਚ ਆਰਟੀਫਿਸ਼ੀਅਲ ਜਨਰਲ ਇੰਟੈਲੀਜੈਂਸ (ਏ.ਜੀ.ਆਈ.) ਜਾਂ ਇੱਕ ਮਨੁੱਖ ਦੇ ਰੂਪ ਵਿਚ ਇੱਕ ਏ.ਆਈ. ਸਮਾਰਟ ਵਿਕਸਤ ਕਰਨ ਦੇ ਯਤਨਾਂ ਲਈ ਸੂਚੀ ਵਿਚ ਇੱਕ ਨੇਤਾ ਵਜੋਂ ਨਾਮ ਦਿੱਤਾ ਗਿਆ ਸੀ।

ਅਰਾਵਿੰਦ ਸ਼੍ਰੀਨਿਵਾਸ, ਪਰਪਲੇਕਸੀਟੀ ਦੇ ਸੀ.ਈ.ਓ., ਜੋ ਆਪਣੇ ਵਿਘਨਕਾਰੀ ਏਆਈ-ਸੰਚਾਲਿਤ "ਜਵਾਬ ਇੰਜਣ" ਨਾਲ ਰਵਾਇਤੀ ਖੋਜ ਇੰਜਣਾਂ ਨੂੰ ਚੁਣੌਤੀ ਦੇ ਰਹੇ ਹਨ, ਪ੍ਰੋਟੋਨ ਦੇ ਅਨੰਤ ਵਿਜੇ ਸਿੰਘ ਅਤੇ ਐਬ੍ਰਿਜ ਦੇ ਸਹਿ-ਸੰਸਥਾਪਕ ਅਤੇ ਸੀ.ਈ.ਓ. ਸ਼ਿਵ ਰਾਓ, ਜੋ ਕਿ ਏ.ਆਈ.-ਸੰਚਾਲਿਤ ਡਾਕਟਰਾਂ ਦੇ ਨੁਕਸਾਨ ਨਾਲ ਨਜਿੱਠ ਰਹੇ ਹਨ। ਮੈਡੀਕਲ ਲਿਖਾਰੀ ਨੂੰ ਏ.ਆਈ. ਵਿਚ ਨਵੀਨਤਾਕਾਰ ਵਜੋਂ ਨਾਮ ਦਿੱਤਾ ਗਿਆ ਸੀ।

23 ਸਾਲਾ ਬੇ ਏਰੀਆ ਨਿਵਾਸੀ ਦਵਾਰਕੇਸ਼ ਪਟੇਲ, ਜਿਸ ਨੇ ਆਰਟੀਫੀਸ਼ੀਅਲ ਇੰਟੈਲੀਜੈਂਸ 'ਤੇ ਸਭ ਤੋਂ ਡੂੰਘਾਈ ਨਾਲ ਖੋਜ ਕੀਤੇ ਪੌਡਕਾਸਟਾਂ ਵਿਚੋਂ ਇੱਕ ਬਣਾਇਆ ਹੈ, ਨੂੰ ਇਸ ਵਿਸ਼ੇ ਦੀ ਪੂਰੀ ਅਤੇ ਤਕਨੀਕੀ ਖੋਜਾਂ ਲਈ ਇੱਕ ਏ.ਆਈ ਚਿੰਤਕ ਵਜੋਂ ਮਾਨਤਾ ਦਿੱਤੀ ਗਈ ਸੀ।

ਵਿਨੋਦ ਖੋਸਲਾ, ਖੋਸਲਾ ਵੈਂਚਰਸ ਦੇ ਸੰਸਥਾਪਕ, ਏ.ਆਈ. ਨਿਵੇਸ਼ ਵਿਚ ਇੱਕ ਮੋਹਰੀ ਹਨ, ਇਸਦੀ ਪਰਿਵਰਤਨਸ਼ੀਲ ਸਮਰੱਥਾ ਦੀ ਵਕਾਲਤ ਕਰਦੇ ਹੋਏ, ਆਰਤੀ ਪ੍ਰਭਾਕਰ, ਰਾਸ਼ਟਰਪਤੀ ਬਾਇਡਨ ਦੀ ਚੋਟੀ ਦੀ ਤਕਨਾਲੋਜੀ ਸਲਾਹਕਾਰ ਅਤੇ ਸਮੂਹਿਕ ਖੁਫੀਆ ਜਾਣਕਾਰੀ ਦੀ ਦਿਵਿਆ ਸਿਧਾਰਥ ਦੇ ਨਾਲ ਏ.ਆਈ. ਉਦਯੋਗ ਦੇ ਆਕਾਰ ਦੇਣ ਵਾਲਿਆਂ ਦੀ ਸ਼੍ਰੇਣੀ ਵਿਚ ਮਾਨਤਾ ਪ੍ਰਾਪਤ ਕੀਤੀ ਗਈ ਸੀ।

# ਭਾਰਤ ਦੁਨੀਆਂ ਭਰ 'ਚ ਪਲਾਸਟਿਕ ਕਚਰਾ ਪੈਦਾ ਕਰਨ 'ਚ ਮੋਹਰੀ ਮੁਲਕ

ਨਿਊਯਾਰਕ, (ਪੰਜਾਬ ਮੇਲ)- ਪਲਾਸਟਿਕ ਕਚਰਾ ਪੈਦਾ ਕਰਨ 'ਚ ਭਾਰਤ ਦੁਨੀਆਂ 'ਚ ਮੋਹਰੀ ਹੈ ਅਤੇ ਦੇਸ਼ 'ਚ ਸਾਲਾਨਾ 1.2 ਕਰੋੜ ਟਨ ਕੂੜਾ ਪੈਦਾ ਹੋ ਰਿਹਾ ਹੈ। ਯੂ.ਕੇ. 'ਚ ਯੂਨੀਵਰਸਿਟੀ ਆਫ਼ ਲੀਡਸ ਦੇ ਖੋਜੀਆਂ ਵੱਲੋਂ ਕੀਤੇ ਗਏ ਅਧਿਐਨ 'ਚ ਇਹ ਖ਼ੁਲਾਸਾ ਹੋਇਆ ਹੈ। ਭਾਰਤ ਦੇ 25.5 ਕਰੋੜ ਲੋਕ ਪਲਾਸਟਿਕ ਕਚਰਾ ਪੈਦਾ ਕਰਦੇ ਹਨ। ਦੁਨੀਆਂ ਭਰ 'ਚ ਹਰ ਸਾਲ 5.7 ਕਰੋੜ ਟਨ ਪਲਾਸਟਿਕ ਪ੍ਰਦੂਸ਼ਣ ਪੈਦਾ ਹੋ ਰਿਹਾ ਹੈ ਅਤੇ ਇਹ ਸਮੁੰਦਰ ਤੋਂ ਲੈ ਕੇ ਉੱਚੀ ਚੋਟੀਆਂ ਅਤੇ ਲੋਕਾਂ ਦੇ ਸਰੀਰ ਅੰਦਰ ਤੱਕ ਫੈਲਿਆ ਹੋਇਆ ਹੈ। ਅਧਿਐਨ 'ਚ ਕਿਹਾ ਗਿਆ ਹੈ ਕਿ ਦੋ-ਤਿਹਾਈ ਤੋਂ ਵਧ ਕੂੜਾ ਆਲਮੀ ਦੱਖਣ ਤੋਂ ਆਉਂਦਾ ਹੈ। ਖੋਜੀਆਂ ਮੁਤਾਬਕ ਹਰ ਸਾਲ ਇੰਨਾ ਪ੍ਰਦੂਸ਼ਣ ਪੈਦਾ ਹੁੰਦਾ ਹੈ ਕਿ ਨਿਊਯਾਰਕ ਸ਼ਹਿਰ ਦੇ ਸੈਂਟਰਲ ਪਾਰਕ ਐਂਪਾਇਰ ਸਟੇਟ ਬਿਲਡਿੰਗ ਜਿੰਨਾ ਉੱਚਾ ਪਲਾਸਟਿਕ ਕਚਰੇ ਦਾ ਪਹਾੜ ਬਣ ਸਕਦਾ ਹੈ।

ਉਨ੍ਹਾਂ ਦੁਨੀਆਂ ਭਰ ਦੇ 50 ਹਜ਼ਾਰ ਤੋਂ ਵਧ ਸ਼ਹਿਰਾਂ ਅਤੇ ਕਸਬਿਆਂ 'ਚ ਸਥਾਨਕ ਪੱਧਰ 'ਤੇ ਪੈਦਾ ਹੁੰਦੇ ਕਚਰੇ ਦੀ ਜਾਂਚ ਕੀਤੀ। ਅਧਿਐਨ 'ਚ ਉਸ ਪਲਾਸਟਿਕ ਦੀ ਜਾਂਚ ਕੀਤੀ ਗਈ, ਜੋ ਖੁੱਲ੍ਹੇ ਵਾਤਾਵਰਨ 'ਚ ਜਾਂਦਾ ਹੈ, ਨਾ ਕਿ ਉਸ ਪਲਾਸਟਿਕ ਦੀ ਜੋ ਕੂੜੇ 'ਚ ਜਾਂਦਾ ਹੈ ਜਾਂ ਸਹੀ ਢੰਗ ਨਾਲ ਸਾੜ ਦਿੱਤਾ ਜਾਂਦਾ ਹੈ।

# 219 ਗੈਰ-ਕਾਨੂੰਨੀ ਭਾਰਤੀ ਪ੍ਰਵਾਸੀਆਂ ਅਮਰੀਕਾ ਪਹੁੰਚਣ ਤੋਂ ਪਹਿਲਾਂ ਹੀ ਡਿਪੋਰਟ ਕੀਤੇ

**■ ਭਾਰਤੀ ਵਿਦਿਆਰਥੀਆਂ ਨੂੰ ਹੋਵੇਗਾ ਫ਼ਾਇਦਾ**

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਨਾਲ ਹੋਏ ਸਮਝੌਤੇ ਤਹਿਤ ਮੱਧ ਅਮਰੀਕੀ ਦੇਸ਼ ਪਨਾਮਾ ਨੇ 219 ਭਾਰਤੀਆਂ ਨੂੰ ਡਿਪੋਰਟ ਕੀਤਾ ਹੈ। ਇਹ ਭਾਰਤੀ ਗੈਰ-ਕਾਨੂੰਨੀ ਤੌਰ 'ਤੇ ਪਹੁੰਚ ਤੋਂ ਬਾਹਰ ਡੇਰਿਅਨ ਜੰਗਲ ਰਾਹੀਂ ਪਨਾਮਾ 'ਚ ਦਾਖਲ ਹੋਏ ਸਨ।

ਇਸ ਸੌਦੇ ਤਹਿਤ ਅਮਰੀਕਾ ਤੋਂ ਬਾਹਰ ਇਹ ਆਪਣੀ ਕਿਸਮ ਦਾ ਪਹਿਲਾ ਦੇਸ਼ ਨਿਕਾਲੇ ਸੀ। ਹੁਣ ਤੱਕ ਇਸ ਤਰ੍ਹਾਂ ਕੁੱਲ ਚਾਰ ਵਾਰ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕੀਤਾ ਜਾ ਚੁੱਕਾ ਹੈ। ਦੇਸ਼ ਨਿਕਾਲੇ ਸਮੇਤ, ਪਨਾਮਾ ਨੇ ਦੋ ਹਫ਼ਤਿਆਂ ਵਿਚ 219 ਪ੍ਰਵਾਸੀਆਂ ਨੂੰ ਕੱਢ ਦਿੱਤਾ ਹੈ।

ਵਾਸ਼ਿੰਗਟਨ ਨੇ ਆਪਣੀ ਦੱਖਣੀ ਸਰਹੱਦ 'ਤੇ ਅਨਿਯਮਿਤ ਕ੍ਰਾਸਿੰਗਾਂ ਨੂੰ ਘਟਾਉਣ ਦੀ ਕੋਸ਼ਿਸ਼ ਵਿਚ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਲਈ ਮੱਧ ਅਮਰੀਕੀ ਦੇਸ਼ ਨਾਲ ਇੱਕ ਸੌਦਾ ਕੀਤਾ ਹੈ। ਅਮਰੀਕਾ ਨੇ ਇਸ 'ਤੇ 6 ਮਿਲੀਅਨ ਡਾਲਰ ਖਰਚ ਕਰਨ ਦਾ ਵਾਅਦਾ ਕੀਤਾ ਹੈ।

ਪਨਾਮਾ ਦੇ ਇਮੀਗ੍ਰੇਸ਼ਨ ਡਾਇਰੈਕਟਰ ਰੋਜਰ ਮੋਜੀਕਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਨ੍ਹਾਂ 130 ਭਾਰਤੀਆਂ ਨੂੰ ਦੇਸ਼ 'ਚ ਅਨਿਯਮਿਤ ਤੌਰ 'ਤੇ ਰਹਿਣ ਦੇ ਦੋਸ਼ 'ਚ ਚਾਰਟਰਡ ਫਲਾਈਟ 'ਚ ਕੱਢ ਕੇ ਨਵੀਂ ਦਿੱਲੀ ਭੇਜ ਦਿੱਤਾ ਗਿਆ ਹੈ।

ਮੱਧ ਅਮਰੀਕਾ ਲਈ ਅਮਰੀਕੀ ਸੁਰੱਖਿਆ ਅਤਾਚੀ ਮਾਰਲੇਨ ਪਿਨੇਰੋ ਨੇ ਇੱਕ ਪ੍ਰੈੱਸ ਕਾਨਫਰੰਸ ਵਿਚ ਕਿਹਾ ਕਿ ਵਾਸ਼ਿੰਗਟਨ ਇਸ ਸਹਿਯੋਗ ਲਈ ਪਨਾਮਾ ਦੀ ਸਰਕਾਰ ਦਾ ਬਹੁਤ ਧੰਨਵਾਦੀ ਹੈ। ਅਸੀਂ ਕਿਸੇ ਵੀ ਹਾਲਤ ਵਿਚ ਅਨਿਯਮਿਤ ਮਾਈਗ੍ਰੇਸ਼ਨ ਨੂੰ ਜਾਰੀ ਰੱਖਣ ਦੀ ਇਜਾਜ਼ਤ ਨਹੀਂ ਦੇ ਸਕਦੇ।

ਤੁਹਾਨੂੰ ਦੱਸ ਦੇਈਏ ਕਿ ਕੋਲੰਬੀਆ ਅਤੇ ਪਨਾਮਾ ਦੇ ਵਿਚਕਾਰ ਸਥਿਤ ਡੇਰਿਅਨ ਜੰਗਲ ਮੱਧ ਅਮਰੀਕਾ ਅਤੇ ਮੈਕਸੀਕੋ ਦੇ ਰਸਤੇ ਦੱਖਣੀ ਅਮਰੀਕਾ ਤੋਂ ਅਮਰੀਕਾ ਪਹੁੰਚਣ ਵਾਲੇ ਗੈਰ-ਕਾਨੂੰਨੀ ਪ੍ਰਵਾਸੀਆਂ ਲਈ ਇੱਕ ਮਹੱਤਵਪੂਰਨ ਗਲਿਆਰਾ ਬਣ ਗਿਆ ਹੈ। ਇਹ ਰਸਤਾ ਬਹੁਤ ਖਤਰਨਾਕ ਹੈ। ਜੰਗਲੀ ਜਾਨਵਰਾਂ ਤੋਂ ਇਲਾਵਾ ਅਪਰਾਧਿਕ ਗਰੋਹਾਂ ਦੇ ਹਮਲੇ ਦਾ ਵੀ ਖਤਰਾ ਬਣਿਆ ਹੋਇਆ ਹੈ। ਇਸ ਦੇ ਬਾਵਜੂਦ ਪਿਛਲੇ ਸਾਲ 50 ਲੱਖ ਤੋਂ ਵੱਧ ਲੋਕ ਡੇਰਿਅਨ ਪਾਰ ਕਰਕੇ ਅਮਰੀਕਾ ਦੀ ਸਰਹੱਦ 'ਤੇ ਪਹੁੰਚੇ ਸਨ। ਇਨ੍ਹਾਂ ਵਿਚੋਂ ਜ਼ਿਆਦਾਤਰ ਵੈਨੇਜ਼ੁਏਲਾ ਦੇ ਨਾਗਰਿਕ ਸਨ। ਅਮਰੀਕਾ ਵਿਚ ਇਸ ਸਾਲ ਚੋਣਾਂ ਹੋਣੀਆਂ ਹਨ ਅਤੇ ਪਰਵਾਸ ਦਾ ਮੁੱਦਾ ਕਾਫੀ ਗਰਮ ਹੈ। ਅਜਿਹੇ 'ਚ ਇਸ ਸਮੱਸਿਆ ਨਾਲ ਨਜਿੱਠਣ ਲਈ ਵਾਸ਼ਿੰਗਟਨ ਨੇ ਪਨਾਮਾ ਅਤੇ ਮੈਕਸੀਕੋ ਵਰਗੇ ਟਰਾਂਜ਼ਿਟ ਦੇਸ਼ਾਂ 'ਤੇ ਦਬਾਅ ਵਧਾ ਦਿੱਤਾ ਹੈ। ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦਾ ਇਹ ਸਮਝੌਤਾ ਅਮਰੀਕਾ ਅਤੇ ਪਨਾਮਾ ਵਿਚਾਲੇ ਜੁਲਾਈ 'ਚ ਹੋਇਆ ਸੀ। ਅਪਰਾਧਿਕ ਰਿਕਾਰਡ ਵਾਲੇ ਪ੍ਰਵਾਸੀਆਂ ਨੂੰ ਪਹਿਲਾਂ ਦੇਸ਼ ਨਿਕਾਲਾ ਦੇਣ ਦੀ ਵਿਵਸਥਾ ਹੈ।



# ਸੀਟਾਂ ਦੀ ਵੰਡ ਨੂੰ ਲੈ ਕੇ 'ਆਪ' ਤੇ ਕਾਂਗਰਸ 'ਚ ਨਹੀਂ ਹੋਇਆ ਗਠਜੋੜ

■ 'ਆਪ' ਵੱਲੋਂ 20 ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ

**ਨਵੀਂ ਦਿੱਲੀ, (ਪੰਜਾਬ ਮੇਲ)-** ਹਰਿਆਣਾ 'ਚ ਆਮ ਆਦਮੀ ਪਾਰਟੀ ਇਕੱਲੇ ਹੀ ਵਿਧਾਨ ਸਭਾ ਚੋਣਾਂ ਲੜੇਗੀ। 'ਆਪ' ਵੱਲੋਂ 20 ਉਮੀਦਵਾਰਾਂ ਦੀ ਸੂਚੀ ਜਾਰੀ ਕਰਨ ਤੋਂ ਸਪੱਸ਼ਟ ਹੋ ਗਿਆ ਹੈ ਕਿ ਉਹ ਕਾਂਗਰਸ ਨਾਲ ਗਠਜੋੜ ਨਹੀਂ ਕਰੇਗੀ। ਇਸ ਤੋਂ ਪਹਿਲਾਂ ਹਰਿਆਣਾ ਦੇ ਆਪ ਦੇ ਆਗੂ ਸੁਸ਼ੀਲ ਗੁਪਤਾ ਨੇ ਕਿਹਾ ਸੀ ਕਿ ਜੇ ਦੋਵਾਂ ਪਾਰਟੀਆਂ ਦਰਮਿਆਨ ਗੱਲ ਸਿਰੇ ਨਹੀਂ ਚੜ੍ਹਦੀ, ਤਾਂ 'ਆਪ' ਸਾਰੀਆਂ 90 ਵਿਧਾਨ ਸਭਾ ਹਲਕਿਆਂ 'ਤੇ ਆਪਣੇ ਉਮੀਦਵਾਰ ਐਲਾਨ ਦੇਵੇਗੀ। ਦੋਵਾਂ ਪਾਰਟੀਆਂ ਵਿਚ ਗਠਜੋੜ ਸਿਰੇ ਨਾ ਚੜ੍ਹਨ ਦਾ ਕਾਰਨ ਸੀਟਾਂ ਦੀ ਵੰਡ ਹੈ। ਆਪ ਕਾਂਗਰਸ ਤੋਂ ਦਸ ਸੀਟਾਂ ਮੰਗ ਰਹੀ ਸੀ। ਦੂਜੇ ਪਾਸੇ ਕਾਂਗਰਸ ਸਿਰਫ ਪੰਜ ਸੀਟਾਂ ਦੇਣ 'ਤੇ ਅੜੀ ਹੋਈ ਸੀ। ਆਮ ਆਦਮੀ ਪਾਰਟੀ (ਆਪ) ਨੇ ਕਾਂਗਰਸ ਨਾਲ ਗਠਜੋੜ ਦੀ ਗੱਲਬਾਤ ਖਤਮ ਹੋਣ ਦਾ ਸੰਕੇਤ ਦਿੰਦਿਆਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਆਪਣੇ 20 ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕਰ ਦਿੱਤੀ। ਇਸ ਸੂਚੀ ਵਿਚ ਕੈਥਲ ਜ਼ਿਲ੍ਹੇ ਦੇ ਕਲਾਇਤ ਤੋਂ ਚੋਣ ਲੜਨ ਵਾਲੇ ਅਨੁਰਾਗ ਢਾਂਡਾ ਸ਼ਾਮਲ ਹਨ। ਇਸ ਤੋਂ ਇਲਾਵਾ ਕੁਲਦੀਪ ਗਦਰਾਣਾ ਨੂੰ ਵੀ ਟਿਕਟ ਦਿੱਤੀ ਗਈ ਹੈ, ਜੋ ਡੱਬਵਾਲੀ ਤੋਂ ਜਨ ਨਾਇਕ ਜਨਤਾ ਪਾਰਟੀ (ਜੇ.ਜੇ.ਪੀ.) ਦੇ ਦਿਗਵਿਜੈ ਚੌਟਾਲਾ, ਕਾਂਗਰਸ ਦੇ ਅਮਿਤ ਸਿਹਾਗ ਅਤੇ ਇੰਡੀਅਨ ਨੈਸ਼ਨਲ ਲੋਕ ਦਲ ਦੇ ਆਦਿੱਤਿਆ ਦੇਵੀ ਲਾਲ ਨਾਲ ਮੁਕਾਬਲਾ ਕਰਨਗੇ। ਦੱਸਣਾ ਬਣਦਾ ਹੈ ਕਿ 'ਆਪ' ਨੂੰ ਹਾਲ ਹੀ ਵਿਚ ਮੁਕੰਮਲ ਹੋਈਆਂ ਲੋਕ ਸਭਾ ਚੋਣਾਂ ਵਿਚ ਸਭ ਤੋਂ ਵਧ ਵੋਟਾਂ ਕਲਾਇਤ ਵਿਧਾਨ ਸਭਾ ਹਲਕੇ ਤੋਂ ਮਿਲੀਆਂ ਸਨ। ਇੱਥੋਂ 'ਆਪ' ਨੂੰ 14,437 ਵੋਟਾਂ ਵੀ ਲੀਡ ਮਿਲੀ ਸੀ। ਇਸ ਤੋਂ ਇਲਾਵਾ 'ਆਪ' ਨੇ ਨਰਾਇਣਗੜ੍ਹ, ਅਸੰਧ, ਸਮਾਲਖਾ, ਰੋਹਤਕ, ਬਹਾਦਰਗੜ੍ਹ, ਬਦਲੀ, ਬੇਰੀ, ਮਹਿੰਦਰਗੜ੍ਹ ਅਤੇ ਡੱਬਵਾਲੀ ਸਮੇਤ ਉਨ੍ਹਾਂ ਹਲਕਿਆਂ 'ਤੇ ਆਪਣੇ ਉਮੀਦਵਾਰ ਐਲਾਨੇ ਹਨ, ਜਿੱਥੇ ਕਾਂਗਰਸ ਨੇ ਮੌਜੂਦਾ ਵਿਧਾਇਕਾਂ 'ਤੇ ਦਾਅ ਖੇਡਿਆ ਹੈ।

# ਪਾਕਿਸਤਾਨ ਦੀ ਸਮੁੰਦਰੀ ਸੀਮਾ 'ਤੇ ਮਿਲਿਆ ਤੇਲ ਤੇ ਗੈਸ ਦਾ ਭੰਡਾਰ

**ਇਸਲਾਮਾਬਾਦ, (ਪੰਜਾਬ ਮੇਲ)-** ਪਾਕਿਸਤਾਨ ਦੀ ਸਮੁੰਦਰੀ ਸੀਮਾ 'ਚ ਪੈਟਰੋਲਿਅਮ ਅਤੇ ਕੁਦਰਤੀ ਗੈਸ ਦਾ ਇਕ ਬਹੁਤ ਭੰਡਾਰ ਮਿਲਿਆ ਹੈ। ਮੀਡਿਆ ਰਿਪੋਰਟ ਦੇ ਅਨੁਸਾਰ ਇਹ ਭੰਡਾਰ ਇੰਨਾ ਬਹੁਤ ਹੈ ਕਿ ਇਸਦੇ ਦੋਹਨ ਵਲੋਂ ਗੁਆਂਢੀ ਦੇਸ਼ ਦੀ ਕਿਸਮਤ ਚਮਕ ਸਕਦੀ ਹੈ। ਡਾਨ ਨਿਊਜ ਟੀ.ਵੀ. ਨੇ ਇਕ ਉੱਤਮ ਸੁਰੱਖਿਆ ਅਧਿਕਾਰੀ ਦੇ ਹਵਾਲੇ ਵਲੋਂ ਦੱਸਿਆ ਕਿ ਤੇਲ ਅਤੇ ਗੈਸ ਭੰਡਾਰ ਦੀ ਹਾਜ਼ਰੀ ਦੀ ਪੁਸ਼ਟੀ ਲਈ ਇਕ ਮਿੱਤਰ ਦੇਸ਼ ਦੇ ਸਹਿਯੋਗ ਵਲੋਂ 3 ਸਾਲ ਤੱਕ ਸਰਵੇ ਕੀਤਾ ਗਿਆ ਸੀ। ਭੂਗੋਲਿਕ ਸਰਵੇ ਵਲੋਂ ਪਾਕਿਸਤਾਨ ਨੂੰ ਭੰਡਾਰ ਦੇ ਸਥਾਨ ਦੀ ਪਹਿਚਾਣ ਕਰਣ 'ਚ ਮਦਦ ਮਿਲੀ।

ਸਬੰਧਤ ਵਿਭਾਗਾਂ ਨੇ ਸਰਕਾਰ ਨੂੰ ਪਾਕਿਸਤਾਨੀ ਸਮੁੰਦਰੀ ਸੀਮਾ 'ਚ ਤੇਲ ਸੰਸਾਧਨਾਂ ਦੇ ਬਾਰੇ 'ਚ ਜਾਣਕਾਰੀ ਦਿੱਤੀ ਹੈ। ਅਧਿਕਾਰੀ ਨੇ ਕਿਹਾ ਕਿ ਇਸ ਸੰਸਾਧਨਾਂ ਵਲੋਂ ਮੁਨਾਫ਼ਾ ਚੁੱਕਣ ਲਈ ਬੋਲੀ ਅਤੇ ਅਨੁਸੰਧਾਨ ਪ੍ਰਸਤਾਵਾਂ ਦਾ ਪੜ੍ਹਾਈ ਕੀਤਾ ਜਾ ਰਿਹਾ ਹੈ, ਜਿਸਦਾ ਮਤਲਬ ਹੈ ਕਿ ਨਜ਼ਦੀਕ ਭਵਿੱਖ 'ਚ ਅਨੁਸੰਧਾਨ ਕਾਰਜ ਸ਼ੁਰੂ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਹਾਲਾਂਕਿ ਖੂਹਾਂ ਦੀ ਖੁਦਾਈ ਅਤੇ ਵਾਸਤਵ 'ਚ ਦੁਰਦਸ਼ਾ ਕਰ ਦੇਣ ਦੇ ਕੰਮ 'ਚ ਕਈ ਸਾਲ ਲੱਗ ਸਕਦੇ ਹਨ। ਅਧਿਕਾਰੀ ਨੇ ਕਿਹਾ ਕਿ ਇਸ ਸੰਬੰਧ 'ਚ ਪਹਿਲ ਕਰਣ ਅਤੇ ਜਲਦੀ ਨਾਲ ਕੰਮ ਪੂਰਾ ਕਰਨ ਨਾਲ ਦੇਸ਼ ਦੀ ਆਰਥਿਕ ਕਿਸਮਤ ਬਦਲਣ 'ਚ ਮਦਦ ਮਿਲ ਸਕਦੀ ਹੈ। ਕੁੱਝ ਅੰਦਾਜ਼ੇ ਦੱਸਦੇ ਹਨ ਕਿ ਇਹ ਖੋਜ ਦੁਨੀਆਂ 'ਚ ਚੌਥਾ ਸਭ ਤੋਂ ਵੱਡਾ ਤੇਲ ਅਤੇ ਗੈਸ ਭੰਡਾਰ ਹੈ।

ਇਸ ਨੂੰ ਬਲੂ ਵਾਟਰ ਇਕੋਨਾਮੀ ਕਿਹਾ ਗਿਆ ਹੈ। ਬਲੂ ਵਾਟਰ ਇਕੋਨਾਮੀ 'ਚ ਸਿਰਫ ਤੇਲ ਅਤੇ ਗੈਸ ਉਤਪਾਦਨ ਹੀ ਨਹੀਂ ਹੋਵੇਗਾ, ਸਗੋਂ ਸਮੁੰਦਰ ਵਲੋਂ ਕਈ ਹੋਰ ਮੁੱਲਵਾਨ ਖਣਿਜ ਅਤੇ ਤੱਤਾਂ ਦਾ ਖਨਨ ਕੀਤਾ ਜਾ ਸਕਦਾ ਹੈ। ਅਧਿਕਾਰੀ ਨੇ ਕਿਹਾ ਕਿ ਇਸ ਦਿਸ਼ਾ 'ਚ ਤੇਜ਼ੀ ਵਲੋਂ ਕੰਮ ਕਰਕੇ ਦੇਸ਼ ਦੀ ਆਰਥਿਕ ਕਿਸਮਤ ਨੂੰ ਬਦਲਣ 'ਚ ਮਦਦ ਮਿਲ ਸਕਦੀ ਹੈ। ਵਰਤਮਾਨ 'ਚ ਵੈਨੇਜੁਏਲਾ ਲਗਭਗ 3.4 ਬਿਲਿਅਨ ਬੈਰਲ ਦੇ ਨਾਲ ਤੇਲ ਭੰਡਾਰ 'ਚ ਟਾਪ 'ਤੇ ਹੈ, ਜਦੋਂਕਿ ਅਮਰੀਕਾ ਦੇ ਕੋਲ ਸਭ ਤੋਂ ਜਿਆਦਾ ਅਪ੍ਰਿਉਕਤ ਸ਼ੈਲ ਤੇਲ ਭੰਡਾਰ ਹੈ। ਬਾਕੀ ਟਾਪ 5 'ਚ ਸਾਊਦੀ ਅਰਬ, ਈਰਾਨ ਤੇ ਕੈਨੇਡਾ ਹਨ।

# ਭਾਰਤ ਦੀ ਵਿਸਤਾਰਾ ਏਅਰਲਾਈਨਜ਼ ਉਡਾਣ ਨੂੰ ਬੰਬ ਦੀ ਧਮਕੀ ਝੂਠੀ ਸਾਬਤ ਹੋਈ

**ਅੰਕਾਰਾ, (ਪੰਜਾਬ ਮੇਲ)-** ਸਥਾਨਕ ਗਵਰਨਰ ਦੇ ਅਨੁਸਾਰ, ਦੋ ਦਿਨ ਪਹਿਲਾਂ ਪੂਰਬੀ ਤੁਰਕੀ ਦੇ ਅਰਜ਼ੁਰਮ ਵਿਚ ਐਮਰਜੈਂਸੀ ਲੈਂਡਿੰਗ ਕਰਨ ਲਈ ਭਾਰਤ ਦੀ ਵਿਸਤਾਰਾ ਏਅਰਲਾਈਨਜ਼ ਦੁਆਰਾ ਚਲਾਈ ਗਈ ਇੱਕ ਉਡਾਣ ਨੂੰ ਬੰਬ ਦੀ ਧਮਕੀ ਝੂਠੀ ਸਾਬਤ ਹੋਈ ਹੈ।

ਏਰਜ਼ੁਰਮ ਦੇ ਗਵਰਨਰ ਮੁਸਤਫਾ ਸਿਫਟਸੀ ਨੇ ਸ਼ਨੀਵਾਰ ਨੂੰ ਪੱਤਰਕਾਰਾਂ ਨੂੰ ਕਿਹਾ, "ਅਸੀਂ ਸਾਰੀਆਂ ਖੋਜ ਅਤੇ ਜਾਂਚ ਗਤੀਵਿਧੀਆਂ ਨੂੰ ਪੂਰਾ ਕਰ ਲਿਆ ਹੈ ਅਤੇ ਇਹ ਨਿਰਧਾਰਤ ਕੀਤਾ ਹੈ ਕਿ ਬੰਬ ਦੀ ਧਮਕੀ ਝੂਠੀ ਸੀ।"

ਨਤੀਜੇ ਵਜੋਂ, ਇਰਜ਼ੁਰਮ ਦੇ ਹਵਾਈ ਅੱਡੇ 'ਤੇ ਉਡਾਣ ਦੀ ਪਾਬੰਦੀ ਹਟਾ ਦਿੱਤੀ ਗਈ ਹੈ, ਉਸਨੇ ਕਿਹਾ, ਇਹ ਨੋਟ ਕਰਦੇ ਹੋਏ ਕਿ ਫਸੇ ਹੋਏ ਯਾਤਰੀਆਂ ਲਈ ਆਪਣੀ ਯਾਤਰਾ ਜਾਰੀ ਰੱਖਣ ਲਈ ਮੁੰਬਈ, ਭਾਰਤ ਤੋਂ ਇੱਕ ਵਿਕਲਪਿਕ ਉਡਾਣ ਦਾ ਪ੍ਰਬੰਧ ਕੀਤਾ ਗਿਆ ਹੈ।

ਵਿਸਤਾਰਾ ਦੇ ਬੁਲਾਰੇ ਨੇ ਕਿਹਾ ਸੀ ਕਿ ਮੁੰਬਈ ਤੋਂ ਫਰੈਂਕਫਰਟ ਜਾਣ ਵਾਲੀ ਫਲਾਈਟ ਯੂ.ਕੇ.27 "ਸੁਰੱਖਿਆ ਚਿੰਤਾ" ਕਾਰਨ ਮੋੜ ਦਿੱਤੀ ਗਈ ਹੈ।

ਸਿਫਟਸੀ ਨੇ ਹਵਾਈ ਅੱਡੇ 'ਤੇ ਪੱਤਰਕਾਰਾਂ ਨੂੰ ਕਿਹਾ, "ਅਸੀਂ ਸਾਰੇ ਖੋਜ ਅਤੇ ਜਾਂਚ ਕਾਰਜਾਂ ਨੂੰ ਪੂਰਾ ਕਰ ਲਿਆ ਹੈ। ਸਾਡੇ ਦੁਆਰਾ ਕੀਤੇ ਗਏ ਕੰਮ ਦੇ ਨਤੀਜੇ ਵਜੋਂ, ਅਸੀਂ ਪਾਇਆ ਕਿ ਬੰਬ ਦੀ ਧਮਕੀ ਬੇਬੁਨਿਆਦ ਸੀ"। "ਸਾਡੇ ਸੂਬੇ ਤੋਂ ਆਉਣ ਵਾਲੀਆਂ ਜਾਂ ਜਾਣ ਵਾਲੀਆਂ ਸਾਰੀਆਂ ਉਡਾਣਾਂ ਹੁਣ ਆਰਾਮ ਨਾਲ ਉਡਾਣ ਭਰ ਸਕਣਗੀਆਂ"।

ਵਿਸਤਾਰਾ ਨੇ ਐਕਸ 'ਤੇ ਇੱਕ ਪੋਸਟ ਵਿਚ ਕਿਹਾ ਕਿ ਸੁਰੱਖਿਆ ਏਜੰਸੀਆਂ ਦੁਆਰਾ ਗਾਹਕਾਂ, ਚਾਲਕ ਦਲ ਅਤੇ ਜਹਾਜ਼ ਨੂੰ ਸਾਫ਼ ਕਰ ਦਿੱਤਾ ਗਿਆ ਸੀ ਅਤੇ ਸਾਰੀਆਂ ਜ਼ਰੂਰੀ ਜਾਂਚਾਂ ਕੀਤੀਆਂ ਗਈਆਂ ਸਨ।

ਮੁੰਬਈ ਤੋਂ ਫਰੈਂਕਫਰਟ ਜਾ ਰਹੇ ਜਹਾਜ਼ ਨੂੰ ਬੰਬ ਦੀ ਧਮਕੀ ਤੋਂ ਬਾਅਦ ਸ਼ੁੱਕਰਵਾਰ ਨੂੰ ਪੂਰਬੀ ਤੁਰਕੀ ਵਿਚ ਐਮਰਜੈਂਸੀ ਲੈਂਡਿੰਗ ਕੀਤੀ ਗਈ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com


ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਅਮਰੀਕਾ ਆਉਣ ਦੇ ਚਾਹਵਾਨ ਸੈਂਕੜੇ ਭਾਰਤੀ-ਨੇਪਾਲੀ ਪ੍ਰਵਾਸੀ ਬ੍ਰਾਜ਼ੀਲ 'ਚ ਫਸੇ

**ਬ੍ਰਾਜ਼ੀਲ, (ਪੰਜਾਬ ਮੇਲ)-** ਭਾਰਤ, ਨੇਪਾਲ ਅਤੇ ਵੀਅਤਨਾਮ ਦੇ ਸੈਂਕੜੇ ਪ੍ਰਵਾਸੀ ਬ੍ਰਾਜ਼ੀਲ ਦੇ ਰਸਤੇ ਅਮਰੀਕਾ ਪਹੁੰਚਣ ਦੀ ਉਮੀਦ ਵਿਚ ਹਫ਼ਤਿਆਂ ਤੋਂ ਸਾਓ ਪੌਲੋ ਵਿਚ ਫਸੇ ਹੋਏ ਹਨ। ਇਹ ਸਾਰੇ ਲੋਕ ਬ੍ਰਾਜ਼ੀਲ ਵਿਚ ਦਾਖਲ ਹੋਣ ਦੀ ਉਡੀਕ ਕਰਦੇ ਹੋਏ ਸਾਓ ਪਾਓਲੋ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਖਤਰਨਾਕ ਹਾਲਾਤਾਂ ਵਿਚ ਰਹਿਣ ਲਈ ਮਜਬੂਰ ਹਨ। ਇਨ੍ਹਾਂ ਵਿਚ ਬਹੁਤ ਸਾਰੇ ਬੱਚੇ ਅਤੇ ਕਿਸ਼ੋਰ ਹਨ।

ਬ੍ਰਾਜ਼ੀਲ ਦੇ ਜਨਤਕ ਸੁਰੱਖਿਆ ਮੰਤਰਾਲੇ ਦੇ ਅਨੁਸਾਰ, ਨਵੇਂ ਨਿਯਮ ਦੇ ਤਹਿਤ, ਜਿਨ੍ਹਾਂ ਵਿਦੇਸ਼ੀ ਯਾਤਰੀਆਂ ਕੋਲ ਬ੍ਰਾਜ਼ੀਲ ਦਾ ਵੀਜ਼ਾ ਨਹੀਂ ਹੈ, ਉਨ੍ਹਾਂ ਨੂੰ ਸਿੱਧੇ ਆਪਣੀ ਮੰਜ਼ਿਲ 'ਤੇ ਜਾਣਾ ਪਵੇਗਾ ਜਾਂ ਆਪਣੇ ਦੇਸ਼ ਵਾਪਸ ਜਾਣਾ ਪਵੇਗਾ।

ਮੰਤਰਾਲੇ ਨੇ ਇੱਕ ਬਿਆਨ ਵਿਚ ਕਿਹਾ ਕਿ ਹਾਲ ਹੀ ਦੇ ਸਮੇਂ ਵਿਚ ਵਿਦੇਸ਼ੀ ਯਾਤਰੀਆਂ ਦੀ ਗਿਣਤੀ ਵਿਚ ਮਹੱਤਵਪੂਰਨ ਵਾਧਾ ਹੋਇਆ



ਹੈ, ਖਾਸ ਤੌਰ 'ਤੇ ਏਸ਼ੀਆਈ, ਜੋ ਬ੍ਰਾਜ਼ੀਲ ਨੂੰ ਏਸ਼ੀਆ ਤੋਂ ਉੱਤਰੀ ਅਮਰੀਕਾ ਦੇ ਰਸਤੇ ਵਿਚ ਰੁਕਣ ਦੇ ਰੂਪ ਵਿਚ ਵਰਤਦੇ ਹਨ। ਹੁਣ ਬ੍ਰਾਜ਼ੀਲ ਦੇ ਵੀਜ਼ੇ ਤੋਂ ਬਿਨਾਂ ਸਾਓ ਪਾਓਲੋ ਆਉਣ ਵਾਲੇ ਅਜਿਹੇ ਲੋਕਾਂ ਨੂੰ ਬ੍ਰਾਜ਼ੀਲ 'ਚ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ। ਹਾਲਾਂਕਿ, ਇਹ ਅਜੇ ਸਪੱਸ਼ਟ ਨਹੀਂ ਹੈ ਕਿ ਕੀ ਇਹ ਨਵੇਂ ਨਿਯਮ ਸਾਓ ਪੌਲੋ ਹਵਾਈ ਅੱਡੇ 'ਤੇ ਪਹਿਲਾਂ ਤੋਂ ਮੌਜੂਦ ਪ੍ਰਵਾਸੀਆਂ 'ਤੇ ਲਾਗੂ ਹੋਣਗੇ ਜਾਂ ਨਹੀਂ।

ਅਧਿਕਾਰੀਆਂ ਨੇ ਦੱਸਿਆ ਕਿ ਘੱਟੋ-ਘੱਟ 666 ਪ੍ਰਵਾਸੀ ਬਿਨਾਂ ਵੀਜ਼ਾ ਦੇ ਬ੍ਰਾਜ਼ੀਲ ਦੇ ਗੁਆਰੁਲਹੋਸ ਹਵਾਈ ਅੱਡੇ 'ਤੇ ਦਾਖਲ ਹੋਣ ਦੀ ਉਡੀਕ ਕਰ ਰਹੇ ਹਨ। ਉਨ੍ਹਾਂ ਨੂੰ ਇੱਕ ਸੀਮਤ ਖੇਤਰ ਵਿਚ ਰੱਖਿਆ ਗਿਆ ਹੈ ਜਿੱਥੇ ਉਨ੍ਹਾਂ ਲਈ ਨਹਾਉਣ ਦੀ ਵੀ ਕੋਈ ਸਹੂਲਤ ਨਹੀਂ ਹੈ। ਉਨ੍ਹਾਂ ਦੀ ਆਵਾਜਾਈ ਵੀ ਸੀਮਤ ਹੋ ਗਈ ਹੈ, ਜਿਸ ਕਾਰਨ ਉਨ੍ਹਾਂ ਲਈ ਭੋਜਨ ਅਤੇ ਪਾਣੀ ਦਾ ਪ੍ਰਬੰਧ ਕਰਨਾ ਮੁਸ਼ਕਲ ਹੋ ਗਿਆ ਹੈ। ਬੱਚਿਆਂ ਅਤੇ ਕਿਸ਼ੋਰਾਂ ਨੂੰ ਠੰਡ ਤੋਂ ਬਚਾਉਣ ਲਈ ਕੰਬਲ ਵੀ ਨਹੀਂ ਹਨ।

ਪਬਲਿਕ ਡਿਫੈਂਡਰ ਦੇ ਦਫਤਰ ਨੇ ਪਾਇਆ ਹੈ ਕਿ ਇਨ੍ਹਾਂ ਸਾਰੇ ਪ੍ਰਵਾਸੀਆਂ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋ ਰਹੀ ਹੈ। ਉਸ ਦੀ ਸਿਹਤ ਵੀ ਵਿਗੜ ਰਹੀ ਹੈ। ਏਜੰਸੀ ਨੇ ਅਧਿਕਾਰੀਆਂ ਨੂੰ ਕਿਹਾ ਕਿ ਜਦੋਂ ਤੱਕ ਉਨ੍ਹਾਂ ਦੀ ਸਥਿਤੀ ਦਾ ਫੈਸਲਾ ਨਹੀਂ ਹੋ ਜਾਂਦਾ, ਉਨ੍ਹਾਂ ਨੂੰ ਬ੍ਰਾਜ਼ੀਲ ਦੇ ਮਾਨਵਤਾਵਾਦੀ ਕਾਨੂੰਨ ਦੇ ਆਧਾਰ 'ਤੇ ਸ਼ਰਣ ਦਿੱਤੀ ਜਾਣੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਮੂਲ ਦੇਸ਼ ਵਾਪਸ ਨਹੀਂ ਭੇਜਿਆ ਜਾਣਾ ਚਾਹੀਦਾ ਹੈ।

# ਇਜ਼ਰਾਈਲ ਨੂੰ ਹਥਿਆਰਾਂ ਤੇ ਫੌਜੀ ਉਪਕਰਨਾਂ ਦੀ ਬਰਾਮਦ 'ਤੇ ਰੋਕ ਲਾਉਣ ਨਾਲ ਸਬੰਧਤ ਪਟੀਸ਼ਨ ਖਾਰਜ

**■ ਸੁਪਰੀਮ ਕੋਰਟ ਨੇ ਦੇਸ਼ ਦੀ ਵਿਦੇਸ਼ ਨੀਤੀ ਦੇ ਖੇਤਰ ਵਿਚ ਦਖ਼ਲ ਦੇਣ ਤੋਂ ਅਸਮਰੱਥਤਾ ਜਤਾਈ**

**ਨਵੀਂ ਦਿੱਲੀ, (ਪੰਜਾਬ ਮੇਲ)-** ਸੁਪਰੀਮ ਕੋਰਟ ਨੇ ਗਾਜ਼ਾ ਵਿਚ ਜੰਗ ਲੜ ਰਹੇ ਇਜ਼ਰਾਈਲ ਨੂੰ ਹਥਿਆਰਾਂ ਅਤੇ ਫੌਜੀ ਉਪਕਰਨਾਂ ਦੀ ਬਰਾਮਦ 'ਤੇ ਰੋਕ ਲਾਉਣ ਲਈ ਕੇਂਦਰ ਸਰਕਾਰ ਨੂੰ ਨਿਰਦੇਸ਼ ਦੇਣ ਦੀ ਅਪੀਲ ਕਰਦੀ ਜਨਹਿੱਤ ਪਟੀਸ਼ਨ ਨੂੰ ਕਹਿੰਦੇ ਹੋਏ ਖਾਰਜ ਕਰ ਦਿੱਤਾ ਕਿ ਉਹ ਕੌਮੀ ਵਿਦੇਸ਼ ਨੀਤੀ ਦੇ ਖੇਤਰ ਵਿਚ ਦਖ਼ਲ ਨਹੀਂ ਦੇ ਸਕਦਾ। ਚੀਫ਼ ਜਸਟਿਸ ਡੀ.ਵਾਈ. ਚੰਦਰਚੂੜ ਅਤੇ ਜਸਟਿਸ ਜੇ.ਬੀ. ਪਾਰਦੀਵਾਲਾ ਤੇ ਜਸਟਿਸ ਮਨੋਜ ਮਿਸ਼ਰਾ ਦੇ ਬੈਂਚ ਨੇ ਕਿਹਾ ਕਿ ਇਜ਼ਰਾਈਲ ਨੂੰ ਹਥਿਆਰਾਂ, ਫੌਜੀ ਉਪਕਰਨਾਂ ਦੀ ਬਰਾਮਦ ਵਿਚ ਸ਼ਾਮਲ ਭਾਰਤੀ ਕੰਪਨੀਆਂ 'ਤੇ ਸਮਝੌਤੇ ਸਬੰਧੀ ਜ਼ਿੰਮੇਵਾਰੀ ਦੀ ਉਲੰਘਣਾ ਲਈ ਮੁਕੱਦਮਾ ਚਲਾਇਆ ਜਾ ਸਕਦਾ ਹੈ, ਇਸ ਵਾਸਤੇ ਉਨ੍ਹਾਂ ਨੂੰ ਸਪਲਾਈ ਕਰਨ ਤੋਂ ਨਹੀਂ ਰੋਕਿਆ ਜਾ ਸਕਦਾ ਹੈ। ਬੈਂਚ ਨੇ ਕਿਹਾ, "ਅਸੀਂ ਦੇਸ਼ ਦੀ ਵਿਦੇਸ਼ ਨੀਤੀ ਦੇ ਖੇਤਰ ਵਿਚ ਦਖ਼ਲ ਨਹੀਂ ਦੇ ਸਕਦੇ।"

# ਸਵੀਡਨ ਨੇ ਮੋਬਾਈਲ ਫੋਨ 'ਤੇ ਲਾਈ ਪਾਬੰਦੀ

**ਸਵੀਡਨ, (ਪੰਜਾਬ ਮੇਲ)-** ਸਵੀਡਨ 'ਚ ਦੋ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਸਕ੍ਰੀਨ ਦੀ ਵਰਤੋਂ ਕਰਨ 'ਤੇ ਪਾਬੰਦੀ ਲਗਾਈ ਗਈ ਹੈ। ਸਰਕਾਰ ਵੱਲੋਂ ਜਾਰੀ ਐਡਵਾਇਜ਼ਰੀ 'ਚ ਸਪੱਸ਼ਟ ਕੀਤਾ ਗਿਆ ਹੈ ਕਿ ਬੱਚਿਆਂ ਨੂੰ ਟੀ.ਵੀ. ਅਤੇ ਮੋਬਾਈਲ ਫ਼ੋਨ ਸਮੇਤ ਕਿਸੇ ਵੀ 'ਸਕਰੀਨ' ਦੀ ਵਰਤੋਂ ਕਰਨ ਦੀ ਇਜਾਜ਼ਤ ਨਾ ਦਿੱਤੀ ਜਾਵੇ। ਐਡਵਾਇਜ਼ਰੀ 'ਚ ਕਿਹਾ ਹੈ ਕਿ 2 ਤੋਂ 5 ਸਾਲ ਦੇ ਬੱਚੇ ਦਿਨ 'ਚ ਵੱਧ ਤੋਂ ਵੱਧ ਇੱਕ ਘੰਟੇ ਲਈ ਸਕ੍ਰੀਨ ਦੀ ਵਰਤੋਂ ਕਰ ਸਕਦੇ ਹਨ, ਜਦੋਂਕਿ 6 ਤੋਂ 12 ਸਾਲ ਦੇ ਬੱਚੇ 2 ਘੰਟੇ ਸਕ੍ਰੀਨ ਦੀ ਵਰਤੋਂ ਕਰ ਸਕਦੇ ਹਨ। ਇਸ 'ਚ ਕਿਹਾ ਗਿਆ ਹੈ ਕਿ ਕਿਸ਼ੋਰਾਂ ਨੂੰ ਦਿਨ 'ਚ ਵੱਧ ਤੋਂ ਵੱਧ ਤਿੰਨ ਘੰਟੇ ਲਈ ਸਕ੍ਰੀਨ ਦੀ ਵਰਤੋਂ ਕਰਨ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ। ਸਵੀਡਨ ਦੀ ਸਰਕਾਰ ਨੇ ਇਹ ਐਡਵਾਇਜ਼ਰੀ ਅਜਿਹੇ ਸਮੇਂ ਜਾਰੀ ਕੀਤੀ ਹੈ, ਜਦੋਂ ਵੱਖ-ਵੱਖ ਖੋਜਾਂ ਨੇ ਦਿਖਾਇਆ ਹੈ ਕਿ 'ਸਕ੍ਰੀਨ' ਦੀ ਜ਼ਿਆਦਾ ਵਰਤੋਂ ਬੱਚਿਆਂ ਅਤੇ ਕਿਸ਼ੋਰਾਂ 'ਚ ਨੀਂਦ ਦੀ ਗੁਣਵੱਤਾ 'ਤੇ ਅਸਰ ਪਾ ਰਹੀ ਹੈ, ਡਿਪਰੈਸ਼ਨ ਦੇ ਮਾਮਲਿਆਂ 'ਚ ਵਾਧਾ ਹੋ ਰਿਹਾ ਹੈ ਅਤੇ ਸਰੀਰਕ ਗਤੀਵਿਧੀਆਂ 'ਚ ਲਗਾਤਾਰ ਕਮੀ ਆ ਰਹੀ ਹੈ। ਅਮਰੀਕਾ, ਆਇਰਲੈਂਡ, ਕੈਨੇਡਾ, ਆਸਟ੍ਰੇਲੀਆ ਅਤੇ ਫਰਾਂਸ ਵਰਗੇ ਦੇਸ਼ਾਂ ਨੇ ਵੀ ਅਜਿਹੀ ਸਲਾਹ ਜਾਰੀ ਕੀਤੀ ਹੈ। ਇਨ੍ਹਾਂ 'ਚੋਂ ਫਰਾਂਸ ਨੇ ਸਭ ਤੋਂ ਸਖ਼ਤ ਸਲਾਹ ਜਾਰੀ ਕੀਤੀ ਹੈ ਕਿ ਤਿੰਨ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਸਕ੍ਰੀਨ ਦੀ ਵਰਤੋਂ ਕਰਨ ਦੀ ਬਿਲਕੁਲ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ।

# ਪ੍ਰਵਾਸੀਆਂ ਨਾਲ ਭਰੀ ਕਿਸ਼ਤੀ ਪਲਟਣ ਨਾਲ ਘੱਟੋ-ਘੱਟ 12 ਲੋਕਾਂ ਦੀ ਮੌਤ

**■ ਇਕ ਮਹੀਨੇ ਦੇ ਅੰਦਰ ਇੰਗਲਿਸ਼ ਚੈਨਲ 'ਤੇ ਇਹ ਦੂਜਾ ਹਾਦਸਾ**

**ਲੰਡਨ, (ਪੰਜਾਬ ਮੇਲ)-** ਗੈਰ-ਕਾਨੂੰਨੀ ਤਰੀਕੇ ਨਾਲ ਇੰਗਲਿਸ਼ ਚੈਨਲ ਪਾਰ ਕਰਕੇ ਬ੍ਰਿਟੇਨ ਪਹੁੰਚਣ ਦੀ ਕੋਸ਼ਿਸ਼ ਦੌਰਾਨ ਘੱਟੋ-ਘੱਟ 12 ਪ੍ਰਵਾਸੀਆਂ ਦੀ ਮੌਤ ਹੋ ਗਈ ਹੈ। ਇਹ ਜਾਣਕਾਰੀ ਦਿੰਦਿਆਂ ਫਰਾਂਸ ਦੇ ਗ੍ਰਹਿ ਮੰਤਰੀ ਗੇਰਾਲਡ ਡਾਰਮੈਨਿਨ ਨੇ ਦੱਸਿਆ ਕਿ ਇਹ ਹਾਦਸਾ ਬੀਤੇ ਹਫਤੇ ਉਸ ਸਮੇਂ ਵਾਪਰਿਆ, ਜਦੋਂ ਕਿਸ਼ਤੀ ਚੈਨਲ ਰਾਹੀਂ ਬ੍ਰਿਟੇਨ ਜਾਂਦੇ ਸਮੇਂ ਪਲਟ ਗਈ।

ਯੂ.ਕੇ. ਸਰਕਾਰ ਦੇ ਅੰਕੜਿਆਂ ਅਨੁਸਾਰ ਪਿਛਲੇ ਦਿਨਾਂ ਵਿਚ 2,000 ਤੋਂ ਵੱਧ ਲੋਕ ਛੋਟੀਆਂ ਕਿਸ਼ਤੀਆਂ ਵਿਚ ਬ੍ਰਿਟੇਨ ਪਹੁੰਚੇ ਹਨ। ਗੈਰ-ਕਾਨੂੰਨੀ ਇਮੀਗ੍ਰੇਸ਼ਨ ਨਾਲ ਨਜਿੱਠਣਾ ਬ੍ਰਿਟਿਸ਼ ਅਤੇ ਫਰਾਂਸੀਸੀ ਸਰਕਾਰਾਂ ਦੋਵਾਂ ਦੀ ਤਰਜੀਹ ਰਹੀ ਹੈ।

ਪਿਛਲੇ ਹਫਤੇ, ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਅਤੇ ਬ੍ਰਿਟਿਸ਼ ਪ੍ਰਧਾਨ ਮੰਤਰੀ ਕੇਇਰ ਸਟਾਰਮਰ ਨੇ ਪ੍ਰਵਾਸੀ ਤਸਕਰੀ ਦੇ ਰੂਟਾਂ ਨੂੰ ਖਤਮ ਕਰਨ ਲਈ ਮਿਲ ਕੇ ਕੰਮ ਕਰਨ ਦਾ ਵਾਅਦਾ ਕੀਤਾ ਸੀ।

ਇੰਗਲਿਸ਼ ਚੈਨਲ ਨੂੰ ਦੁਨੀਆਂ ਦੀਆਂ ਸਭ ਤੋਂ ਵਿਅਸਤ ਸ਼ਿਪਿੰਗ ਲੇਨਾਂ ਵਿਚੋਂ ਇੱਕ ਮੰਨਿਆ ਜਾਂਦਾ ਹੈ। ਇੱਥੇ ਸਮੁੰਦਰ ਦੀਆਂ ਲਹਿਰਾਂ ਬਹੁਤ ਤੇਜ਼ ਹਨ, ਜੋ ਛੋਟੀਆਂ ਕਿਸ਼ਤੀਆਂ ਰਾਹੀਂ ਇਸ ਨੂੰ ਪਾਰ ਕਰਨਾ ਖ਼ਤਰਨਾਕ ਬਣਾਉਂਦੀਆਂ ਹਨ। ਇਸ ਦੇ ਬਾਵਜੂਦ ਪ੍ਰਵਾਸੀ ਨਾਗਰਿਕ ਇਸ ਜਾਨਲੇਵਾ ਸਫ਼ਰ ਨੂੰ ਪਾਰ ਕਰਦੇ ਹੋਏ ਬਿਹਤਰ ਜ਼ਿੰਦਗੀ ਦੀ ਆਸ ਵਿਚ ਬਰਤਾਨੀਆ ਪਹੁੰਚ ਜਾਂਦੇ ਹਨ।

ਇਕ ਮਹੀਨੇ ਦੇ ਅੰਦਰ ਇੰਗਲਿਸ਼ ਚੈਨਲ 'ਤੇ ਇਹ ਦੂਜਾ ਹਾਦਸਾ ਹੈ। ਇਸ ਤੋਂ ਪਹਿਲਾਂ ਅਗਸਤ ਵਿਚ, ਪ੍ਰਵਾਸੀਆਂ ਨੂੰ ਲੈ ਕੇ ਜਾ ਰਹੀ ਇੱਕ ਕਿਸ਼ਤੀ ਚੈਨਲ ਨੂੰ ਪਾਰ ਕਰਨ ਦੀ ਕੋਸ਼ਿਸ਼ ਵਿਚ ਮੁਸ਼ਕਲ ਵਿਚ ਫਸ ਗਈ ਸੀ। ਇਸ ਹਾਦਸੇ 'ਚ ਦੋ ਲੋਕਾਂ ਦੀ ਮੌਤ ਹੋ ਗਈ। ਬ੍ਰਿਟੇਨ ਦੀ ਗ੍ਰਹਿ ਮੰਤਰੀ ਯਵੇਟ ਕੂਪਰ ਨੇ ਇੰਗਲਿਸ਼ ਚੈਨਲ 'ਤੇ ਹੋਏ ਤਾਜ਼ਾ ਹਾਦਸੇ 'ਚ ਪ੍ਰਵਾਸੀਆਂ ਦੀ ਮੌਤ ਨੂੰ ਭਿਆਨਕ ਅਤੇ ਬੇਹੱਦ ਦੁਖਦਾਈ ਘਟਨਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਖਤਰਨਾਕ ਤਸਕਰੀ ਗਰੋਹ ਨੂੰ ਖਤਮ ਕਰਨ ਅਤੇ ਸਰਹੱਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਕੰਮ ਕੀਤਾ ਜਾ ਰਿਹਾ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**









# ਹਰਿਆਣਾ ਦੇ ਸਾਬਕਾ ਵਿਧਾਇਕ ਬਲਕੌਰ ਸਿੰਘ ਵੱਲੋਂ ਭਾਜਪਾ ਤੋਂ ਅਸਤੀਫਾ



**ਸਿਰਸਾ (ਹਰਿਆਣਾ), (ਪੰਜਾਬ ਮੇਲ)-** ਸਾਬਕਾ ਵਿਧਾਇਕ ਬਲਕੌਰ ਸਿੰਘ ਨੇ ਸ਼ਨਿੱਚਰਵਾਰ ਨੂੰ ਹਰਿਆਣਾ 'ਚ ਭਾਰਤੀ ਜਨਤਾ ਪਾਰਟੀ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਕਾਂਗਰਸ ਵਿਚ ਸ਼ਾਮਲ ਹੋਣ ਦੀ ਯੋਜਨਾ ਬਣਾ ਰਹੇ ਹਨ। ਭਾਜਪਾ ਦੇ ਸੂਬਾ ਪ੍ਰਧਾਨ ਮੋਹਨ ਲਾਲ ਬਡੋਲੀ ਨੂੰ ਆਪਣਾ ਅਸਤੀਫ਼ਾ ਸੌਂਪਦਿਆਂ ਬਲਕੌਰ ਸਿੰਘ ਨੇ ਕਿਹਾ ਕਿ ਔਖੇ ਸਮੇਂ ਵਿਚ ਪਾਰਟੀ ਦਾ ਸਾਥ ਦੇਣ ਦੇ ਬਾਵਜੂਦ ਉਨ੍ਹਾਂ ਨੂੰ

### ■ ਕਾਂਗਰਸ 'ਚ ਸ਼ਾਮਲ ਹੋਣ ਦੀ ਤਿਆਰੀ

ਪਾਰਟੀ ਵਿਚ ਬਣਦਾ ਮਾਣ-ਸਨਮਾਨ ਨਹੀਂ ਮਿਲਿਆ ਹੈ।

ਸਾਬਕਾ ਵਿਧਾਇਕ ਨੇ ਕਿਹਾ ਕਿ ਮੈਂ ਪਾਰਟੀ ਲਈ ਪੂਰੀ ਤਨਦੇਹੀ ਨਾਲ ਕੰਮ ਕੀਤਾ ਹੈ ਅਤੇ ਔਖੇ ਹਾਲਾਤਾਂ 'ਚ ਭਾਜਪਾ ਦਾ ਝੰਡਾ ਬੁਲੰਦ ਰੱਖਿਆ ਹੈ, ਇਸ ਦੇ ਬਾਵਜੂਦ ਮੈਨੂੰ ਸੰਗਠਨ ਜਾਂ ਸਰਕਾਰੀ ਅਹੁਦੇ 'ਤੇ ਸਨਮਾਨ ਨਹੀਂ ਮਿਲਿਆ। ਉਨ੍ਹਾਂ ਭਾਜਪਾ ਉਮੀਦਵਾਰ ਰਾਜਿੰਦਰ ਦੇਸੂਜੋਧਾ ਦੀ ਆਲੋਚਨਾ ਕਰਦਿਆਂ ਕਿਹਾ ਕਿ ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ 2019 ਵਿਚ ਉਮੀਦਵਾਰ 'ਤੇ ਗੰਭੀਰ ਦੋਸ਼ ਲਗਾਏ ਸਨ।

ਉਨ੍ਹਾਂ ਸੂਬੇ ਵਿਚ ਨਸ਼ਾਖੋਰੀ ਨੂੰ ਰੋਕਣ ਅਤੇ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਜ਼ਬਤ ਬਾਰੇ ਗੱਲ ਕਰਦਿਆਂ ਕਿਹਾ ਕਿ ਉਮੀਦਵਾਰ ਵਿਰੁੱਧ ਕੋਈ ਕਾਰਵਾਈ ਨਹੀਂ ਹੋਈ। ਹੁਣ ਦੇਖਦੇ ਹਾਂ ਕਿ ਜੋ ਉਮੀਦਵਾਰ ਬਣਾਇਆ ਗਿਆ ਹੈ, ਉਸ ਦੀ ਜਾਇਦਾਦ ਦੀ ਕੀ ਜਾਂਚ ਕੀਤੀ ਜਾਂਦੀ ਹੈ।

# ਸ਼੍ਰੋਮਣੀ ਅਕਾਲੀ ਦਲ ਨੇ ਜ਼ਿਮਨੀ ਚੋਣਾਂ ਲਈ ਤਿਆਰੀ ਖਿੱਚੀ




**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਦੀ ਸਿਆਸਤ ਵਿਚ ਲੰਬਾ ਸਮਾਂ ਰਾਜ ਕਰਨ ਵਾਲੇ ਸ਼੍ਰੋਮਣੀ ਅਕਾਲੀ ਦਲ ਨੂੰ ਮੌਜੂਦਾ ਸਮੇਂ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸੇ ਦੌਰਾਨ ਅਕਾਲੀ ਦਲ ਨੇ ਪੰਜਾਬ ਦੀਆਂ ਚਾਰ ਵਿਧਾਨ ਸਭਾ ਸੀਟਾਂ 'ਤੇ ਹੋਣ ਵਾਲੀ ਜ਼ਿਮਨੀ ਚੋਣ ਵਿਚ ਜ਼ੋਰ-ਸ਼ੋਰ ਨਾਲ ਚੋਣ ਮੈਦਾਨ 'ਚ ਨਿਤਰਣ ਦੀਆਂ ਤਿਆਰੀਆਂ ਖਿੱਚ ਲਈਆਂ ਹਨ। ਇਨ੍ਹਾਂ ਚੋਣਾਂ ਲਈ ਪਾਰਟੀ ਵੱਲੋਂ ਰਣਨੀਤੀ ਤਿਆਰੀ ਕੀਤੀ ਜਾ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਵੱਲੋਂ ਵਿਧਾਨ ਸਭਾ ਹਲਕਾ ਗਿੱਦੜਬਾਹਾ ਤੇ ਬਰਨਾਲਾ ਜ਼ਿਮਨੀ ਚੋਣ 'ਚ ਚੋਣ ਪ੍ਰਚਾਰ ਲਈ ਪ੍ਰਚਾਰ ਮੁਹਿੰਮ ਦੇ ਇੰਚਾਰਜ ਨਿਯੁਕਤ ਕੀਤੇ ਗਏ ਹਨ। ਹਾਲਾਂਕਿ ਪਾਰਟੀ ਵੱਲੋਂ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਤੇ ਚੱਬੇਵਾਲ ਲਈ ਪ੍ਰਚਾਰ ਮੁਹਿੰਮ ਦਾ ਇੰਚਾਰਜ ਕਿਸੇ ਨੂੰ ਨਹੀਂ ਲਗਾਇਆ ਗਿਆ।

ਸ਼੍ਰੀ ਭੂੰਦੜ ਨੇ ਲੋਕ ਸਭਾ ਮੈਂਬਰ ਹਰਸਿਮਰਤ ਕੌਰ ਬਾਦਲ ਨੂੰ ਗਿੱਦੜਬਾਹਾ ਦੀ ਜ਼ਿਮਨੀ ਚੋਣ ਲਈ ਪਾਰਟੀ ਦੀ ਪ੍ਰਚਾਰ ਮੁਹਿੰਮ ਦਾ ਇੰਚਾਰਜ ਲਗਾਇਆ ਗਿਆ ਹੈ। ਇਸੇ ਤਰ੍ਹਾਂ ਹਲਕਾ ਬਰਨਾਲਾ ਦੀ ਜ਼ਿਮਨੀ ਚੋਣ ਲਈ ਹੀਰਾ ਸਿੰਘ ਗਾਬੜੀਆ ਨੂੰ ਬਰਨਾਲਾ ਸ਼ਹਿਰ ਅਤੇ ਇਕਬਾਲ ਸਿੰਘ ਝੂੰਦਾ ਨੂੰ ਬਰਨਾਲਾ ਦਿਹਾਤੀ ਵਿਚ ਪ੍ਰਚਾਰ ਮੁਹਿੰਮ ਦਾ ਇੰਚਾਰਜ ਲਗਾਇਆ ਗਿਆ ਹੈ।

ਪਾਰਟੀ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਪ੍ਰਚਾਰ ਮੁਹਿੰਮ ਦੇ ਨਵੇਂ ਇੰਚਾਰਜਾਂ ਨੂੰ ਇਨ੍ਹਾਂ ਵਿਧਾਨ ਸਭਾ ਹਲਕਿਆਂ ਵਿਚ ਪਾਰਟੀ ਦੀ ਪ੍ਰਚਾਰ ਮੁਹਿੰਮ ਦਾ ਖਾਕਾ ਤਿਆਰ ਕਰਨ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਕਿਹਾ ਕਿ ਇਹ ਇੰਚਾਰਜ ਹਲਕਿਆਂ ਵਿਚ ਪਾਰਟੀ ਵਰਕਰਾਂ ਨਾਲ ਮੀਟਿੰਗਾਂ ਕਰਨਗੇ ਅਤੇ ਪਾਰਟੀ ਦੀ ਪ੍ਰਚਾਰ ਮੁਹਿੰਮ ਦੀ ਅਗਵਾਈ ਕਰਨਗੇ ਅਤੇ ਕੇਡਰ ਨੂੰ ਬੂਥ ਵਾਈਜ਼ ਡਿਊਟੀਆਂ ਸੌਂਪਣਗੇ।

# ਵਿਨੇਸ਼ ਫੋਗਾਟ ਤੇ ਬਜਰੰਗ ਪੂਨੀਆ ਕਾਂਗਰਸ 'ਚ ਹੋਏ ਸ਼ਾਮਲ

### ■ ਹਰਿਆਣਾ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਵੱਲੋਂ ਉਮੀਦਵਾਰ ਬਣਾਏ ਜਾਣ ਦੇ ਆਸਾਰ



ਨਵੀਂ ਦਿੱਲੀ 'ਚ ਸ਼ੁੱਕਰਵਾਰ ਨੂੰ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨਾਲ ਮੁਲਾਕਾਤ ਕਰਨ ਸਮੇਂ ਵਿਨੇਸ਼ ਫੋਗਾਟ ਅਤੇ ਬਜਰੰਗ ਪੂਨੀਆ।

**ਨਵੀਂ ਦਿੱਲੀ, (ਪੰਜਾਬ ਮੇਲ)-** ਪਹਿਲਵਾਨ ਵਿਨੇਸ਼ ਫੋਗਾਟ ਅਤੇ ਬਜਰੰਗ ਪੂਨੀਆ ਸ਼ੁੱਕਰਵਾਰ ਨੂੰ ਇਥੇ ਕਾਂਗਰਸ ਪਾਰਟੀ ਵਿਚ ਸ਼ਾਮਲ ਹੋ ਗਏ। ਉਮੀਦ ਹੈ ਕਿ ਦੋਵੇਂ 5 ਅਕਤੂਬਰ ਨੂੰ ਹੋਣ ਵਾਲੀਆਂ ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਉਮੀਦਵਾਰ ਹੋਣਗੇ।

ਸਮਝਿਆ ਜਾਂਦਾ ਹੈ ਕਿ ਵਿਨੇਸ਼ ਫੋਗਾਟ ਹਰਿਆਣਾ ਦੇ ਜੁਲਾਣਾ ਹਲਕੇ ਤੋਂ ਕਾਂਗਰਸ ਟਿਕਟ ਉਤੇ ਚੋਣ ਲੜੇਗੀ, ਜਿਥੋਂ ਜਨਨਾਇਕ ਜਨਤਾ ਪਾਰਟੀ (ਜੇ.ਜੇ.ਪੀ.) ਦੇ ਅਮਰਜੀਤ ਢਾਂਡਾ ਮੌਜੂਦਾ ਵਿਧਾਇਕ ਹਨ। ਇਸੇ ਤਰ੍ਹਾਂ ਬਜਰੰਗ ਪੂਨੀਆ ਨੂੰ ਬਾਦਲੀ ਹਲਕੇ ਤੋਂ ਉਮੀਦਵਾਰ ਬਣਾਇਆ ਜਾਵੇਗਾ, ਜਿਥੋਂ ਭਾਜਪਾ ਨੇ ਸਾਬਕਾ ਸੂਬਾ ਪ੍ਰਧਾਨ ਓਮ ਪ੍ਰਕਾਸ਼ ਧਨਖੜ ਨੂੰ ਮੈਦਾਨ ਵਿਚ ਉਤਾਰਿਆ ਹੈ।

ਇਸ ਤੋਂ ਪਹਿਲਾਂ ਤੇਜ਼ੀ ਨਾਲ ਵਾਪਰੇ ਘਟਨਾਕ੍ਰਮ ਵਿਚ ਦੋਵੇਂ ਪਹਿਲਵਾਨਾਂ ਨੇ ਕਾਂਗਰਸ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਪਾਰਟੀ ਪ੍ਰਧਾਨ ਮਲਿਕਾਰਜੁਨ ਖੜਗੇ ਨਾਲ ਉਨ੍ਹਾਂ ਦੀ ਰਿਹਾਇਸ਼ 'ਤੇ ਮੁਲਾਕਾਤ ਕੀਤੀ।

ਦੋਵਾਂ ਨੇ ਬੀਤੇ ਹਫਤੇ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨਾਲ ਮੁਲਾਕਾਤ ਕੀਤੀ ਸੀ। ਕਾਂਗਰਸ ਨੇ ਗਾਂਧੀ ਦੀ ਫੋਗਾਟ ਤੇ ਪੂਨੀਆ ਨਾਲ ਮੁਲਾਕਾਤ ਦੀ ਫੋਟੋ ਆਪਣੇ 'ਐਕਸ' ਹੈਂਡਲ 'ਤੇ ਨਸ਼ਰ ਕੀਤੀ ਸੀ।

ਬਜਰੰਗ ਪੂਨੀਆ ਓਲੰਪਿਕ ਤਗ਼ਮਾ ਜੇਤੂ ਪਹਿਲਵਾਨ ਹੈ, ਜਦੋਂਕਿ ਫੋਗਾਟ ਹਾਲੀਆ ਪੈਰਿਸ ਓਲੰਪਿਕਸ ਦੇ 50 ਕਿਲੋ ਕੁਸ਼ਤੀ ਵਰਗ ਦੇ ਫਾਈਨਲ 'ਚ ਪੁੱਜਣ ਵਾਲੀ ਪਹਿਲੀ ਭਾਰਤੀ ਮਹਿਲਾ ਪਹਿਲਵਾਨ ਬਣੀ ਸੀ, ਹਾਲਾਂਕਿ ਉਸ ਨੂੰ ਬਾਅਦ ਵਿਚ ਥੋੜ੍ਹਾ ਜਿਹਾ ਵਜ਼ਨ ਵਧ ਜਾਣ ਕਾਰਨ ਅਯੋਗ ਕਰਾਰ ਦੇ ਦਿੱਤਾ ਗਿਆ ਸੀ। ਇਸ ਤੋਂ ਬਾਅਦ ਉਸ ਨੇ ਕੁਸ਼ਤੀ ਤੋਂ ਸੰਨਿਆਸ ਲੈਣ ਦਾ ਐਲਾਨ ਕਰ ਦਿੱਤਾ।

ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਅਤੇ ਭਾਜਪਾ ਦੇ ਸਾਬਕਾ ਐੱਮ.ਪੀ. ਬ੍ਰਿਜ ਭੂਸ਼ਣ ਸ਼ਰਨ ਸਿੰਘ ਉਤੇ 2023 ਵਿਚ ਮਹਿਲਾ ਪਹਿਲਵਾਨਾਂ ਵੱਲੋਂ ਲਾਏ ਗਏ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਕਾਰਨ ਚੱਲੇ ਲੰਬੇ ਅੰਦੋਲਨ 'ਚ ਦੋਵਾਂ ਫੋਗਾਟ ਤੇ ਪੂਨੀਆ ਨੇ ਸਰਗਰਮੀ ਨਾਲ ਸ਼ਿਰਕਤ ਕੀਤੀ ਸੀ।

ਫੋਗਾਟ ਨੇ ਸ਼ੁੱਕਰਵਾਰ ਨੂੰ ਉੱਤਰੀ ਰੇਲਵੇ ਤੋਂ ਅਸਤੀਫ਼ਾ ਦੇ ਦਿੱਤਾ, ਜਿੱਥੇ ਉਹ ਸਪੈਸ਼ਲ ਡਿਊਟੀ ਖੇਡਾਂ ਦੇ ਪੱਧਰ 7 ਵਿਚ ਕੰਮ ਕਰ ਰਹੀ ਸੀ। ਵਿਨੇਸ਼ ਨੇ ਸੋਸ਼ਲ ਮੀਡੀਆ 'ਐਕਸ' 'ਤੇ ਲਿਖਿਆ ਕਿ ਭਾਰਤੀ ਰੇਲਵੇ ਦੀ ਸੇਵਾ ਕਰਨਾ ਮੇਰੇ ਜੀਵਨ ਦਾ ਇੱਕ ਯਾਦਗਾਰੀ ਅਤੇ ਮਾਣ ਵਾਲਾ ਸਮਾਂ ਰਿਹਾ ਹੈ। ਮੇਰੇ ਜੀਵਨ ਦੇ ਇਸ ਮੋੜ 'ਤੇ ਮੈਂ ਆਪਣੇ ਆਪ ਨੂੰ ਰੇਲਵੇ ਸੇਵਾ ਤੋਂ ਵੱਖ ਕਰਨ ਦਾ ਫੈਸਲਾ ਕੀਤਾ ਹੈ ਅਤੇ ਸਮਰੱਥ ਅਧਿਕਾਰੀਆਂ ਨੂੰ ਆਪਣਾ ਅਸਤੀਫ਼ਾ ਸੌਂਪ ਦਿੱਤਾ ਹੈ। ਦੇਸ਼ ਦੀ ਸੇਵਾ ਵਿਚ ਰੇਲਵੇ ਦੁਆਰਾ ਮੈਨੂੰ ਦਿੱਤੇ ਗਏ ਇਸ ਮੌਕੇ ਲਈ ਭਾਰਤੀ ਰੇਲਵੇ ਪਰਿਵਾਰ ਦੀ ਹਮੇਸ਼ਾ ਸ਼ੁਕਰਗੁਜ਼ਾਰ ਰਹਾਂਗੀ। ਵਿਨੇਸ਼ ਫੋਗਾਟ ਦੇ ਹਰਿਆਣਾ ਤੋਂ ਚੋਣ ਲੜਨ ਦੀ ਸੰਭਾਵਨਾ ਹੈ।




# ਕੈਨੇਡਾ ਦੀ ਐੱਨ.ਡੀ.ਪੀ. ਨੇ ਟਰੂਡੋ ਸਰਕਾਰ ਤੋਂ ਹਮਾਇਤ ਲਈ ਵਾਪਸ

■ ਵਾਰ-ਵਾਰ ਕਾਰਪੋਰੇਟਾਂ ਅੱਗੇ ਝੁਕ ਰਹੇ ਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ: ਜਗਮੀਤ ਸਿੰਘ

■ ਚੋਣਾਂ ਮਿੱਥੇ ਸਮੇਂ 'ਤੇ ਹੀ ਹੋਣਗੀਆਂ: ਟਰੂਡੋ



ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਐੱਨਡੀਪੀ ਆਗੂ ਜਗਮੀਤ ਸਿੰਘ।


ਓਟਵਾ, (ਪੰਜਾਬ ਮੇਲ)- ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਲਿਬਰਲ ਸਰਕਾਰ ਨੂੰ ਉਦੋਂ ਜ਼ੋਰਦਾਰ ਝਟਕਾ ਲੱਗਾ, ਜਦੋਂ ਇਸ ਘੱਟਗਿਣਤੀ ਸਰਕਾਰ ਦੀ ਹਮਾਇਤ ਕਰ ਰਹੀ ਜਗਮੀਤ ਸਿੰਘ ਦੀ ਅਗਵਾਈ ਵਾਲੀ ਨਿਊ ਡੈਮੋਕ੍ਰੈਟਿਕ ਪਾਰਟੀ (ਐੱਨ.ਡੀ.ਪੀ.) ਨੇ ਸਰਕਾਰ ਤੋਂ ਹਮਾਇਤ ਵਾਪਸ ਲੈ ਲਈ। ਇਸ ਘਟਨਾ ਨਾਲ ਟਰੂਡੋ ਸਰਕਾਰ ਦੀ ਸਥਿਤੀ ਡਾਵਾਂਡੋਲ ਹੋ ਗਈ ਹੈ ਅਤੇ ਪ੍ਰਧਾਨ ਮੰਤਰੀ ਨੂੰ ਅਕਤੂਬਰ 2025 ਵਿਚ ਹੋਣ ਵਾਲੀਆਂ ਚੋਣਾਂ ਤੱਕ ਸੱਤਾ ਵਿਚ ਬਣੇ ਰਹਿਣ ਲਈ ਹੋਰ ਭਾਈਵਾਲਾਂ ਦੀ ਤਲਾਸ਼ ਕਰਨੀ ਪਵੇਗੀ।

ਜਗਮੀਤ ਸਿੰਘ ਨੇ ਐਲਾਨ ਕੀਤਾ ਹੈ ਕਿ ਉਹ ਟਰੂਡੋ ਨਾਲ ਆਪਣਾ 2022 ਵਿਚ ਹੋਇਆ ਸਮਝੌਤਾ 'ਤੋੜ' ਰਹੇ ਹਨ। ਸੋਸ਼ਲ ਮੀਡੀਆ ਉਤੇ ਜਾਰੀ ਇਕ ਵੀਡੀਓ ਸੁਨੇਹੇ ਵਿਚ ਸਮਝੌਤਾ ਤੋੜਨ ਦਾ ਐਲਾਨ ਕਰਦਿਆਂ ਜਗਮੀਤ ਸਿੰਘ ਨੇ ਕਿਹਾ, "ਟਰੂਡੋ ਨੇ ਵਾਰ-ਵਾਰ ਸਾਬਤ ਕੀਤਾ ਹੈ ਕਿ ਉਹ ਕਾਰਪੋਰੇਟ ਲਾਲਚ ਅੱਗੇ ਝੁਕਦੇ ਰਹਿਣਗੇ।" ਉਨ੍ਹਾਂ ਦਾ ਇਸ਼ਾਰਾ ਸਰਕਾਰ ਦੇ ਮਹਿੰਗਾਈ ਨੂੰ ਨੱਥ ਪਾਉਣ ਵਿਚ ਨਾਕਾਮ ਰਹਿਣ ਵੱਲ ਸੀ।

ਜਗਮੀਤ ਸਿੰਘ ਨੇ ਨਾਲ ਹੀ ਐਲਾਨ ਕੀਤਾ ਕਿ ਉਹ ਆਗਾਮੀ ਚੋਣਾਂ ਵਿਚ ਆਪਣੀ ਪਾਰਟੀ ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਹੋਣਗੇ। ਉਨ੍ਹਾਂ ਕਿਹਾ, "ਲਿਬਰਲਾਂ ਨੇ ਲੋਕਾਂ ਦੀ ਹੇਠੀ ਕੀਤੀ ਹੈ, ਉਹ ਹਕੂਮਤ ਦਾ ਇਕ ਹੋਰ ਮੌਕਾ ਹਾਸਲ ਕਰਨ ਦੇ ਹੱਕਦਾਰ ਨਹੀਂ ਹਨ।"

ਦੂਜੇ ਪਾਸੇ ਟਰੂਡੋ ਨੇ ਆਪਣੀ ਸਰਕਾਰ ਅਤੇ ਆਪਣੇ ਸਮਾਜਿਕ ਪ੍ਰੋਗਰਾਮ ਜਾਰੀ ਰੱਖਣ ਦਾ ਐਲਾਨ ਕਰਦਿਆਂ ਸਮੇਂ ਤੋਂ ਪਹਿਲਾਂ ਚੋਣਾਂ ਕਰਾਉਣ ਤੋਂ ਨਾਂਹ ਕਰ ਦਿੱਤੀ ਹੈ। ਦੱਸਣਯੋਗ ਹੈ ਕਿ ਚੋਣ ਸਰਵੇਖਣਾਂ ਮੁਤਾਬਕ ਹੁਣੇ ਚੋਣਾਂ ਹੋਣ ਦੀ ਸੂਰਤ ਵਿਚ ਟਰੂਡੋ ਦੀ ਪਾਰਟੀ ਬੁਰੀ ਤਰ੍ਹਾਂ ਹਾਰ ਜਾਵੇਗੀ। ਇਸ ਕਾਰਨ ਟਰੂਡੋ ਚੋਣਾਂ ਕਰਾਉਣ ਦਾ ਖ਼ਤਰਾ ਕਿਵੇਂ ਵੀ ਨਹੀਂ ਸਹੇੜ ਸਕਦੇ ਅਤੇ ਇਸ ਦੀ ਥਾਂ ਉਨ੍ਹਾਂ ਨੂੰ ਸੱਤਾ ਵਿਚ ਬਣੇ ਰਹਿਣ ਲਈ ਵਿਰੋਧੀ ਧਿਰ ਦੇ ਹੋਰ ਕਾਨੂੰਨਸਾਜ਼ਾਂ ਦੀ ਮਦਦ ਲੈਣੀ ਪਵੇਗੀ।

# ਬੱਚਿਆਂ ਦੁਆਰਾ ਕੀਤੇ ਹਮਲੇ 'ਚ ਭਾਰਤੀ ਮੂਲ ਦੇ ਬਜ਼ੁਰਗ ਵਿਅਕਤੀ ਦੀ ਮੌਤ



ਭੀਮ ਕੋਹਲੀ

ਲੰਡਨ, (ਪੰਜਾਬ ਮੇਲ)- ਇੱਕ 80 ਸਾਲਾ ਭਾਰਤੀ ਮੂਲ ਦੇ ਵਿਅਕਤੀ, ਭੀਮ ਕੋਹਲੀ ਨੇ ਲੀਸੈਸਟਰ ਦੇ ਬਾਹਰਵਾਰ, ਬ੍ਰੌਨਸਟੋਨ ਟਾਊਨ ਦੇ ਫਰੈਂਕਲਿਨ ਪਾਰਕ ਵਿਚ ਆਪਣੇ ਕੁੱਤੇ ਨੂੰ ਸੈਰ ਕਰਾਂਦੇ ਸਮੇਂ ਸਕੂਲੀ ਬੱਚਿਆਂ ਦੇ ਇੱਕ ਸਮੂਹ ਦੁਆਰਾ ਕਥਿਤ ਤੌਰ 'ਤੇ ਹਮਲਾ ਕਰਨ ਤੋਂ ਬਾਅਦ ਸੱਟਾਂ ਕਾਰਨ ਦਮ ਤੋੜ ਦਿੱਤਾ। 1 ਸਤੰਬਰ ਦੀ ਸ਼ਾਮ ਨੂੰ ਹੋਏ ਹਮਲੇ 'ਚ ਕੋਹਲੀ ਨੂੰ ਗਰਦਨ ਅਤੇ ਪਿੱਠ ਵਿਚ ਲੱਤ ਮਾਰੀ ਗਈ ਸੀ, ਜਿਸ ਨਾਲ ਗੰਭੀਰ ਸੱਟਾਂ ਲੱਗੀਆਂ। ਕੋਹਲੀ ਨੂੰ ਤੁਰੰਤ ਨੇੜਲੇ ਹਸਪਤਾਲ ਲਿਜਾਇਆ ਗਿਆ, ਜਿੱਥੇ ਅਗਲੀ ਸ਼ਾਮ, 2 ਸਤੰਬਰ ਨੂੰ ਉਸਦੀ ਦੁਖਦਾਈ ਮੌਤ ਹੋ ਗਈ।

ਪੋਸਟਮਾਰਟਮ ਦੀ ਜਾਂਚ ਨੇ ਪੁਸ਼ਟੀ ਕੀਤੀ ਹੈ ਕਿ ਉਸਦੀ ਮੌਤ ਗਰਦਨ 'ਤੇ ਗੰਭੀਰ ਸੱਟ ਲੱਗਣ ਕਾਰਨ ਹੋਈ ਹੈ, ਹੋਰ ਜਾਂਚਾਂ ਬਾਕੀ ਹਨ। ਇਸ ਘਟਨਾ ਤੋਂ ਬਾਅਦ ਕਤਲ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ, ਜਿਸ ਵਿਚ ਇੱਕ 14 ਸਾਲ ਦਾ ਲੜਕਾ ਅਤੇ ਲੜਕੀ, ਅਤੇ 12 ਸਾਲ ਦੀ ਉਮਰ ਦੇ ਦੋ ਲੜਕੀਆਂ ਅਤੇ ਇੱਕ ਲੜਕਾ, ਪੰਜ ਨਾਬਾਲਗਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਫਿਲਹਾਲ, 14 ਸਾਲਾ ਲੜਕਾ ਪੁਲਿਸ ਦੀ ਹਿਰਾਸਤ ਵਿਚ ਹੈ, ਜਦਕਿ ਬਾਕੀ ਚਾਰ ਨੂੰ ਬਿਨਾਂ ਕੋਈ ਕਾਰਵਾਈ ਕੀਤੇ ਛੱਡ ਦਿੱਤਾ ਗਿਆ ਹੈ।

ਸਫਾ 1 ਦਾ ਬਾਕੀ

## ਅਮਰੀਕੀ ਰਾਸ਼ਟਰਪਤੀ ਚੋਣਾਂ ਲਈ ...

ਜਾਂਦਾ ਹੈ ਪਰ ਮੈਨੂੰ ਕਦੇ ਵੀ ਕੋਰੋਨਾ ਨੂੰ ਸਹੀ ਢੰਗ ਨਾਲ ਸੰਭਾਲਣ ਦਾ ਕ੍ਰੈਡਿਟ ਨਹੀਂ ਮਿਲਿਆ। ਟਰੰਪ ਨੇ ਓਬਾਮਾਕੇਅਰ ਨੂੰ ਨੁਕਸਦਾਰ ਸਿਹਤ ਸੰਭਾਲ ਪ੍ਰਣਾਲੀ ਕਿਹਾ। ਜਦੋਂ ਉਨ੍ਹਾਂ ਦੀਆਂ ਯੋਜਨਾਵਾਂ ਬਾਰੇ ਪੁੱਛਿਆ ਗਿਆ ਤਾਂ ਟਰੰਪ ਨੇ ਕਿਹਾ, ਸਾਡੇ ਕੋਲ ਫਿਲਹਾਲ ਕੋਈ ਸਿਹਤ ਦੇਖਭਾਲ ਯੋਜਨਾ ਨਹੀਂ ਹੈ। ਜਦੋਂ ਤੱਕ ਉਹ ਕੁਝ ਬਿਹਤਰ ਲੈ ਕੇ ਨਹੀਂ ਆਉਂਦੇ, ਉਹ ਓਬਾਮਾਕੇਅਰ ਨਾਲ ਜੁੜੇ ਰਹਿਣਗੇ। ਅਸੀਂ ਵੱਖ-ਵੱਖ ਯੋਜਨਾਵਾਂ 'ਤੇ ਵਿਚਾਰ ਕਰਾਂਗੇ। ਜੇਕਰ ਅਸੀਂ ਅਜਿਹੀ ਯੋਜਨਾ ਬਣਾ ਸਕਦੇ ਹਾਂ, ਜੋ ਸਾਡੇ ਲੋਕਾਂ 'ਤੇ, ਸਾਡੀ ਆਬਾਦੀ 'ਤੇ ਘੱਟ ਬੋਝ ਹੈ, ਅਤੇ ਓਬਾਮਾਕੇਅਰ ਨਾਲੋਂ ਬਿਹਤਰ ਸਿਹਤ ਦੇਖਭਾਲ ਪ੍ਰਦਾਨ ਕਰਦੀ ਹੈ, ਤਾਂ ਮੈਂ ਨਿਸ਼ਚਿਤ ਤੌਰ 'ਤੇ ਅਜਿਹਾ ਕਰਾਂਗਾ, ਪਰ ਉਦੋਂ ਤੱਕ ਮੈਂ ਇਸਨੂੰ ਸਭ ਤੋਂ ਵਧੀਆ ਢੰਗ ਨਾਲ ਚਲਾਵਾਂਗਾ।

### ਬੇਰੁਜ਼ਗਾਰੀ ਤੇ ਨੌਕਰੀਆਂ 'ਤੇ ਦੋਵਾਂ ਆਗੂਆਂ ਨੇ ਕੀ ਕਿਹਾ?

ਕਮਲਾ ਨੇ ਯਾਦ ਦਿਵਾਇਆ ਕਿ ਜਦੋਂ ਜੋਅ ਬਾਇਡਨ ਨੇ ਸਰਕਾਰ ਸੰਭਾਲੀ ਤਾਂ ਟਰੰਪ ਨੇ ਆਰਥਿਕਤਾ ਨੂੰ ਕਿਸ ਹਾਲਤ ਵਿਚ ਛੱਡ ਦਿੱਤਾ ਸੀ। ਕਮਲਾ ਨੇ ਕਿਹਾ ਕਿ ਟਰੰਪ ਨੇ ਸਾਡੇ ਲਈ ਇਤਿਹਾਸਕ ਮੰਦੀ ਛੱਡੀ ਹੈ। ਦੇਸ਼ ਵਿਚ ਇਤਿਹਾਸਿਕ ਬੇਰੋਜ਼ਗਾਰੀ ਦਰ ਰਹਿ ਗਈ ਹੈ। ਮਾੜੀ ਸਿਹਤ ਪ੍ਰਣਾਲੀ ਛੱਡੀ। ਅਸੀਂ ਟਰੰਪ ਦੀ ਗੜਬੜੀ ਨੂੰ ਠੀਕ ਕਰ ਦਿੱਤਾ। ਕਮਲਾ ਨੇ ਕਿਹਾ ਕਿ ਨੋਬਲ ਜੇਤੂਆਂ ਦਾ ਮੰਨਣਾ ਹੈ ਕਿ ਟਰੰਪ ਦੀ ਯੋਜਨਾ ਦੇਸ਼ ਨੂੰ ਮਹਿੰਗਾਈ ਵੱਲ ਲਿਜਾ ਰਹੀ ਹੈ। ਟਰੰਪ ਕੋਲ ਅਮਰੀਕੀ ਲੋਕਾਂ ਲਈ ਕੋਈ ਯੋਜਨਾ ਨਹੀਂ ਹੈ। ਉਨ੍ਹਾਂ ਨੇ ਪ੍ਰੋਜੈਕਟ 25 ਦਾ ਵੀ ਜ਼ਿਕਰ ਕੀਤਾ।

ਗਰਭਪਾਤ ਕਾਨੂੰਨ 'ਤੇ ਟਰੰਪ-ਹੈਰਿਸ ਦਾ ਜਵਾਬ

ਟਰੰਪ ਤੋਂ ਗਰਭਪਾਤ ਨੂੰ ਲੈ ਕੇ ਸਵਾਲ ਕੀਤੇ ਗਏ ਸਨ। ਟਰੰਪ ਨੂੰ ਪੁੱਛਿਆ ਗਿਆ ਸੀ, ਤੁਸੀਂ ਕਿਹਾ ਸੀ ਕਿ ਤੁਸੀਂ 6 ਹਫਤਿਆਂ ਬਾਅਦ ਵੀ ਗਰਭਪਾਤ ਦੀ ਇਜਾਜ਼ਤ ਦਿਓਗੇ ਪਰ ਫਿਰ ਤੁਸੀਂ ਆਪਣਾ ਬਿਆਨ ਵਾਪਸ ਲੈ ਲਿਆ। ਇਸ ਸਵਾਲ 'ਤੇ ਟਰੰਪ ਨੇ ਆਪਣੇ ਫੈਸਲੇ ਦਾ ਬਚਾਅ ਕੀਤਾ। ਉਨ੍ਹਾਂ ਕਿਹਾ, ਡੈਮੋਕ੍ਰੇਟਿਕ ਪਾਰਟੀ ਗਰਭ ਅਵਸਥਾ ਦੇ 9ਵੇਂ ਮਹੀਨੇ ਗਰਭਪਾਤ ਦਾ ਅਧਿਕਾਰ ਦੇਣਾ ਚਾਹੁੰਦੀ ਹੈ। ਵਰਜੀਨੀਆ ਦੇ ਸਾਬਕਾ ਗਵਰਨਰ ਨੇ ਕਿਹਾ ਸੀ ਕਿ ਅਸੀਂ ਦੇਖਾਂਗੇ ਕਿ ਬੱਚੇ ਦੇ ਜਨਮ ਤੋਂ ਬਾਅਦ ਉਸ ਦਾ ਕੀ ਕਰਨਾ ਹੈ। ਜੇ ਲੋੜ ਪਈ ਤਾਂ ਉਸ ਨੂੰ ਮਾਰ ਦਿੱਤਾ ਜਾਵੇਗਾ, ਇਸ ਲਈ ਮੈਂ ਗਰਭਪਾਤ 'ਤੇ ਆਪਣਾ ਰੁਖ ਬਦਲ ਲਿਆ। ਉਸਨੇ ਕਿਹਾ ਕਿ ਡੈਮੋਕ੍ਰੇਟਸ ਆਪਣੀਆਂ ਗਰਭਪਾਤ ਨੀਤੀਆਂ ਵਿਚ ਕੱਟੜਪੰਥੀ ਹਨ। ਹਾਲਾਂਕਿ, ਉਸਨੇ ਕਿਹਾ ਹੈ ਕਿ ਉਸਦਾ ਮੰਨਣਾ ਹੈ ਕਿ ਗਰਭਪਾਤ ਇੱਕ ਰਾਜ ਦਾ ਮੁੱਦਾ ਹੋਣਾ ਚਾਹੀਦਾ ਹੈ। ਕਮਲਾ ਨੇ ਕਿਹਾ ਕਿ ਟਰੰਪ ਸਿਰਫ਼ ਝੂਠ ਬੋਲ ਰਹੇ ਹਨ। ਟਰੰਪ ਦੇ ਕਾਰਨ ਅੱਜ ਅਮਰੀਕਾ ਦੇ 20 ਰਾਜਾਂ ਵਿਚ ਗਰਭਪਾਤ 'ਤੇ ਪਾਬੰਦੀ ਹੈ। ਇਸ ਕਾਰਨ ਬਲਾਤਕਾਰ ਪੀੜਤਾ ਨੂੰ ਆਪਣੇ ਲਈ ਫ਼ੈਸਲੇ ਲੈਣ ਵਿਚ ਦਿੱਕਤ ਆ ਰਹੀ ਹੈ। ਜੇਕਰ ਟਰੰਪ ਰਾਸ਼ਟਰਪਤੀ ਬਣਦੇ ਹਨ ਤਾਂ ਉਹ ਗਰਭਪਾਤ 'ਤੇ ਪਾਬੰਦੀ ਲਗਾ ਦੇਣਗੇ। ਕਮਲਾ ਨੇ ਕਿਹਾ ਕਿ ਸਰਕਾਰ ਜਾਂ ਟਰੰਪ ਔਰਤਾਂ ਨੂੰ ਇਹ ਨਹੀਂ ਦੱਸ ਸਕਦੇ ਕਿ ਉਨ੍ਹਾਂ ਨੂੰ ਆਪਣੇ ਸਰੀਰ ਨਾਲ ਕੀ ਕਰਨਾ ਚਾਹੀਦਾ ਹੈ। ਮੈਂ ਯਕੀਨੀ ਤੌਰ 'ਤੇ ਆਪਣੇ ਕਾਰਜਕਾਲ ਦੌਰਾਨ ਗਰਭਪਾਤ ਦੀ ਇਜਾਜ਼ਤ ਦੇਣ ਲਈ ਬਿੱਲ 'ਤੇ ਦਸਤਖਤ ਕਰਾਂਗੀ।

### ਰੂਸ-ਯੂਕ੍ਰੇਨ ਜੰਗ 'ਤੇ ਟਰੰਪ ਅਤੇ ਕਮਲਾ ਹੈਰਿਸ ਨੇ ਕੀ ਕਿਹਾ?

ਕਮਲਾ ਨੇ ਕਿਹਾ, ਜੇਕਰ ਡੋਨਾਲਡ ਟਰੰਪ ਰਾਸ਼ਟਰਪਤੀ ਹੁੰਦੇ ਤਾਂ ਪੁਤਿਨ ਇਸ ਸਮੇਂ ਕੀਵ (ਯੂਕ੍ਰੇਨ) 'ਤੇ ਕਬਜ਼ਾ ਕਰ ਰਹੇ ਹੁੰਦੇ। ਉਨ੍ਹਾਂ ਨੇ ਨਾਟੋ ਨੂੰ ਦੁਨੀਆਂ ਦਾ ਹੁਣ ਤੱਕ ਦਾ ਸਭ ਤੋਂ ਵੱਡਾ ਫੌਜੀ ਗਠਜੋੜ ਦੱਸਿਆ। ਕਮਲਾ ਨੇ ਕਿਹਾ, ਸਾਡੇ ਸਮਰਥਨ ਕਾਰਨ ਯੂਕ੍ਰੇਨ ਇੱਕ ਆਜ਼ਾਦ ਅਤੇ ਸੁਤੰਤਰ ਦੇਸ਼ ਵਜੋਂ ਖੜ੍ਹਾ ਹੈ। ਕਮਲਾ ਨੇ ਕਿਹਾ, ਇਜ਼ਰਾਈਲ ਨੂੰ ਆਪਣੀ ਸੁਰੱਖਿਆ ਦਾ ਅਧਿਕਾਰ ਹੈ। ਇਹ ਜੰਗ ਖਤਮ ਹੋਣੀ ਚਾਹੀਦੀ ਹੈ। ਸਾਨੂੰ ਹੁਣ ਜੰਗਬੰਦੀ ਦੀ ਲੋੜ ਹੈ।

ਟਰੰਪ ਨੂੰ ਪੁੱਛਿਆ ਗਿਆ ਕਿ ਕੀ ਉਹ ਚਾਹੁੰਦੇ ਹਨ ਕਿ ਯੂਕ੍ਰੇਨ ਰੂਸ ਨਾਲ ਜੰਗ ਜਿੱਤੇ। ਹਾਲਾਂਕਿ ਟਰੰਪ ਨੇ ਇਸ ਸਵਾਲ ਦਾ ਜਵਾਬ ਨਹੀਂ ਦਿੱਤਾ। ਇਸ ਦੀ ਬਜਾਏ ਉਸਨੇ ਕਿਹਾ, ਮੈਂ ਚਾਹੁੰਦਾ ਹਾਂ ਕਿ ਜੰਗ ਰੁੱਕ ਜਾਵੇ। ਮੈਂ ਲੋਕਾਂ ਦੀ ਜਾਨ ਬਚਾਉਣਾ ਚਾਹੁੰਦਾ ਹਾਂ। ਮੈਂ ਰਾਸ਼ਟਰਪਤੀ ਬਣਨ ਤੋਂ ਪਹਿਲਾਂ ਇਸ ਨੂੰ ਰੋਕਣਾ ਚਾਹੁੰਦਾ ਹਾਂ। ਮੈਂ ਜ਼ੈਲੇਂਸਕੀ ਅਤੇ ਪੁਤਿਨ ਨੂੰ ਮੁੱਖ ਵਾਰਤਾ ਵਿਚ ਲਿਆਵਾਂਗਾ। ਇਹ ਜੰਗ ਕਦੇ ਨਹੀਂ ਹੋਣੀ ਚਾਹੀਦੀ ਸੀ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਕਮਲਾ ਹੈਰਿਸ ਰਾਸ਼ਟਰਪਤੀ ਬਣ ਜਾਂਦੀ ਹੈ, ਤਾਂ ਦੋ ਸਾਲਾਂ ਵਿਚ ਇਜ਼ਰਾਈਲ ਅਤੀਤ ਬਣ ਜਾਵੇਗਾ। ਟਰੰਪ ਨੇ ਯੂਰਪ ਨਾਲੋਂ ਯੂਕ੍ਰੇਨ ਨੂੰ ਵਧੇਰੇ ਵਿੱਤੀ ਸਹਾਇਤਾ ਭੇਜੇ ਜਾਣ ਦੀਆਂ ਸ਼ਿਕਾਇਤਾਂ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ, ਯੂਕ੍ਰੇਨ-ਰੂਸ ਜੰਗ ਨੂੰ ਲੈ ਕੇ ਬਾਇਡਨ ਪ੍ਰਸ਼ਾਸਨ ਕਮਜ਼ੋਰ ਸਾਬਤ ਹੋਇਆ ਹੈ। ਟਰੰਪ ਨੇ ਕਿਹਾ, ਲੱਖਾਂ ਲੋਕ ਮਾਰੇ ਜਾ ਰਹੇ ਹਨ। ਇਹ ਤੁਹਾਡੇ ਦੁਆਰਾ ਪ੍ਰਾਪਤ ਕੀਤੇ ਗਏ ਅੰਕੜਿਆਂ ਨਾਲੋਂ ਬਹੁਤ ਜ਼ਿਆਦਾ ਹੈ।



## ਸ਼ਹੀਦੀ ਦਿਨ 'ਤੇ ਵਿਸ਼ੇਸ਼

# ਸ਼ਹੀਦ ਭਾਈ ਭਾਗ ਸਿੰਘ ਭਿੱਖੀਵਿੰਡ

ਡਾ. ਚਰਨਜੀਤ ਸਿੰਘ ਗੁਮਟਾਲਾ
ਵਟਸ ਐਪ : 91-94175-33060,
001-937-573-9812 (ਯੂ.ਐੱਸ.ਏ.)
ਪੰਜਾਬ ਮੇਲ USA



ਭਾਈ ਭਾਗ ਸਿੰਘ ਦਾ ਜਨਮ 1872 ਈ. ਵਿਚ ਪਿੰਡ ਭਿੱਖੀਵਿੰਡ ਜੋ ਕਿ ਹੁਣ ਤਰਨਤਾਰਨ ਜ਼ਿਲ੍ਹੇ ਵਿਚ ਹੈ ਤੇ ਉਸ ਸਮੇਂ ਲਾਹੌਰ ਜ਼ਿਲ੍ਹੇ ਵਿਚ ਹੁੰਦਾ ਸੀ, ਵਿਖੇ ਹੋਇਆ। ਆਪ ਦੇ ਪਿਤਾ ਦਾ ਨਾਂ ਸ. ਨਰਾਇਣ ਸਿੰਘ ਸੰਧੂ ਤੇ ਮਾਤਾ ਦਾ ਨਾਂ ਬੀਬੀ ਮਾਨ ਕੌਰ ਸੀ। 20 ਸਾਲ ਦੀ ਉਮਰ ਵਿਚ ਆਪ ਦਸਵੀਂ ਬੰਗਾਲ ਲੈਂਸਰ ਰੈਜੀਮੈਂਟ ਵਿਚ ਭਰਤੀ ਹੋ ਗਏ ਪਰ ਪੰਜ ਸਾਲ ਪਿੱਛੋਂ ਅਸਤੀਫਾ ਦੇ ਦਿੱਤਾ। ਕੁਝ ਸਮੇਂ ਪਿੱਛੋਂ ਹਾਂਗਕਾਂਗ ਚਲੇ ਗਏ ਤੇ ਉੱਥੇ ਪੁਲਿਸ ਵਿਚ ਭਰਤੀ ਹੋ ਗਏ। ਡੇਢ ਸਾਲ ਨੌਕਰੀ ਕਰਨ ਪਿੱਛੋਂ ਆਪ ਹਾਂਗਕਾਂਗ ਤੋਂ ਚੀਨ ਦੇ ਸ਼ਹਿਰ ਸ਼ੰਘਾਈ ਜਾ ਕੇ ਉੱਥੋਂ ਦੀ ਮਿਉਂਸਿਪਲ ਪੁਲਿਸ ਵਿਚ ਭਰਤੀ ਹੋ ਗਏ। 1906 ਈ. ਵਿਚ ਨੌਕਰੀ ਛੱਡ ਕੇ ਕੈਨੇਡਾ ਰਵਾਨਾ ਹੋ ਗਏ।

ਵੈਨਕੂਅਰ ਆ ਕੇ ਆਪ ਨੂੰ ਨਸਲੀ ਵਿਤਕਰੇ ਦਾ ਸ਼ਿਕਾਰ ਹੋਣਾ ਪਿਆ। ਸੋਹਣ ਸਿੰਘ ਪੂੰਨੀ ਨੇ ਆਪਣੀ ਪੁਸਤਕ 'ਕਨੇਡਾ ਦੇ ਗਦਰੀ ਯੋਧੇ ' ਵਿਚ ਇਸ ਬਾਰੇ ਬੜੇ ਵਿਸਥਾਰ ਨਾਲ ਲਿਖਆ ਹੈ ਕਿ ਗੋਰੇ ਬੱਚੇ ਭਾਰਤੀਆਂ ਨੂੰ 'ਹੈਲੋ ਇੰਡੀਅਨ ਸਾਲੇਵ' ਭਾਵ ਕਿ ਹੈਲੋ ਭਾਰਤੀ ਗੁਲਾਮੋਂ ਕਹਿ ਕੇ ਬੁਲਾਉਂਦੇ ਸਨ। ਵੋਟਾਂ ਦੇ ਲਾਲਚ ਵਿਚ ਗੋਰੇ ਹਿੰਦੁਸਤਾਨੀਆਂ ਵਿਰੁੱਧ ਜ਼ਹਿਰ ਉਗਲ ਰਹੇ ਸਨ। ਹਿੰਦੁਸਤਾਨੀ ਆਵਾਸੀ ਕਨੇਡਾ ਵਿਚ ਤਿੰਨ ਸਾਲ ਰਹਿਣ ਤੋਂ ਪਿੱਛੋਂ ਕਨੇਡਾ ਦੇ ਵਸਨੀਕ ਬਣ ਜਾਂਦੇ ਸਨ ਤੇ ਉਨ੍ਹਾਂ ਨੂੰ ਵੋਟ ਪਾਉਣ ਦਾ ਹੱਕ ਮਿਲ ਜਾਂਦਾ ਸੀ। ਪਰ ਬ੍ਰਿਟਿਸ਼ ਕੋਲੰਬੀਆਂ ਦੀ ਕੰਜ਼ਰਵੇਟਿਵ ਸਰਕਾਰ ਨੇ 27 ਮਾਰਚ 1907 ਨੂੰ ਬਿੱਲ ਪਾਸ ਕਰਕੇ ਵੋਟ ਪਾਉਣ ਦਾ ਅਧਿਕਾਰ ਖੋਹ ਲਿਆ। ਏਥੇ ਹੀ ਬੱਸ ਨਹੀਂ, ਨਸਲ ਪ੍ਰਸਤ ਗੋਰਿਆਂ ਨੇ ਏਸ਼ੀਆਈਆਂ ਨੂੰ ਬਾਹਰ ਰੱਖਣ ਲਈ ਲੀਗ ਬਣਾ ਲਈ।

ਸਤੰਬਰ 1907 ਵਿਚ ਅਮਰੀਕਾ ਦੇ ਸ਼ਹਿਰ ਬੈਲਿੰਗਹੈਮ ਵਿਚ ਨਸਲ ਪ੍ਰਸਤ ਗੋਰਿਆਂ ਨੇ ਹਿੰਦੁਸਤਾਨੀਆਂ ਨੂੰ ਕੁੱਟਿਆ ਮਾਰਿਆ ਤੇ ਉਹ ਮਜਬੂਰ ਹੋ ਕੇ ਉਹ ਵੈਨਕੂਅਰ ਆ ਗਏ। ਇੱਥੇ ਵੀ ਨਸਲੀ ਦੰਗੇ ਭੜਕ ਉੱਠੇ। ਇਹ ਮਾਹੌਲ ਵੇਖ ਕੇ ਭਾਈ ਜੀ ਦੀ ਰੂਹ ਕੰਬ ਉੱਠੀ। ਵੈਨਕੂਅਰ ਵਿਚ ਆਪ ਦੀ ਨੇੜਤਾ ਬੰਗਾਲੀ ਇਨਕਲਾਬੀ ਬਾਬੂ ਤਾਰਕਨਾਥ ਨਾਲ ਹੋਈ ਤੇ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਇਸ ਵਿਤਕਰੇ ਭਰੇ ਮਾਹੌਲ ਲਈ ਗੁਲਾਮੀ ਜ਼ਿੰਮੇਵਾਰ ਹੈ ਤੇ ਉਨ੍ਹਾਂ ਨੇ ਹਿੰਦੁਸਤਾਨੀਆਂ ਨੂੰ ਦੇਸ਼ ਨੂੰ ਗੁਲਾਮੀ ਤੋਂ ਮੁਕਤ ਕਰਨ ਦਾ ਹੋਕਾ ਦੇਣਾ ਸ਼ੁਰੂ ਕਰ ਦਿੱਤਾ।

ਭਾਈ ਭਾਗ ਸਿੰਘ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਕਨੇਡਾ ਦਾ ਸਭ ਤੋਂ ਪਹਿਲਾ ਗੁਰਦੁਆਰਾ ਬਣਾਇਆ। ਇਹ ਗੁਰਦੁਆਰਾ 19 ਜਨਵਰੀ 1908 ਈ. ਨੂੰ ਖੁੱਲ੍ਹਾ, ਜੋ ਕਿ ਧਾਰਮਿਕ ਸਰਗਰਮੀਆਂ ਦੇ ਨਾਲ ਸਮਾਜਿਕ ਤੇ ਰਾਜਨੀਤਿਕ ਗਤੀਵਿਧੀਆਂ ਦਾ ਕੇਂਦਰ ਵੀ ਬਣ ਗਿਆ। ਗੁਰਦੁਆਰਾ ਬਨਾਉਣ ਲਈ 22 ਜੁਲਾਈ 1906 ਨੂੰ ਮਤਾ ਪਾਸ ਕੀਤਾ ਗਿਆ ਤੇ ਕਮੇਟੀ ਬਣਾਈ ਗਈ, ਜੋ ਕਿ 13 ਮਾਰਚ 1909 ਨੂੰ 'ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਅਰ' ਦੇ ਨਾਂ ਹੇਠ ਰਜਿਸਟਰ ਕਰਵਾਈ ਗਈ। ਭਾਈ ਭਾਗ ਸਿੰਘ ਇਸ ਸੁਸਾਇਟੀ ਦੇ ਮਾਰਚ 1909 ਤੋਂ ਮਾਰਚ 1910 ਤੱਕ ਖਜ਼ਾਨਚੀ ਤੇ ਮੁੱਖ ਸਕੱਤਰ ਰਹੇ ਤੇ ਮਾਰਚ 1910 ਤੋਂ ਬਾਅਦ ਪ੍ਰਧਾਨ ਰਹੇ।

ਆਪ ਕਨੇਡਾ ਵਿਚ ਬਣੀਆਂ ਸੋਸ਼ਲਿਸਟ ਜਥੇਬੰਦੀਆਂ ਦੇ ਵੀ ਆਹੁਦੇਦਾਰ ਰਹੇ। ਆਪ ਨੇ ਭਾਈ ਬਲਵੰਤ ਸਿੰਘ, ਖਾਲਸਾ ਦੀਵਾਨ ਸੁਸਾਇਟੀ ਦੇ ਕਾਰਜਕਾਰਨੀ ਦੇ ਅਹੁਦੇਦਾਰਾਂ ਨੇ ਹੁਸੈਨ ਰਹੀਮ ਨਾਲ ਰਲ ਕੇ ਵੈਨਕੂਅਰ ਵਿਚ ਸੋਸ਼ਲਿਸਟ ਪਾਰਟੀ ਆਫ਼ ਕੈਨੇਡਾ ਦੀ ਇੱਕ ਵਿਸ਼ੇਸ਼ ਸ਼ਾਖਾ ਕਾਇਮ ਕੀਤੀ।

ਹਿੰਦੁਸਤਾਨੀਆਂ ਨੇ ਮਹਿਸੂਸ ਕੀਤਾ ਕਿ ਉਹ ਕੰਮ ਕਰਨ ਵਿਚ ਗੋਰਿਆਂ ਨਾਲੋਂ ਘੱਟ ਨਹੀਂ ਪਰ ਉਨ੍ਹਾਂ ਨੂੰ ਉਹ ਮਾਣ ਸਤਿਕਾਰ ਨਹੀਂ ਮਿਲਦਾ, ਜੋ ਕਿ ਗੋਰਿਆਂ ਨੂੰ ਮਿਲਦਾ ਹੈ। ਇਸ ਦਾ ਕਾਰਨ ਹਿੰਦੂਸਤਾਨ ਦਾ ਗੁਲਾਮ ਹੋਣਾ ਹੈ। ਰਾਜਨੀਤਿਕ ਚੇਤਨਾ ਨੂੰ ਵੱਧਦਾ ਹੋਇਆ ਵੇਖਕੇ ਕਨੇਡੀਅਨ ਸਰਕਾਰ ਨੇ ਹਿੰਦੂਸਤਾਨੀਆਂ ਦੇ ਕਨੇਡਾ ਵਿਚ ਦਾਖਲੇ ਨੂੰ ਰੋਕਣ ਲਈ ਕਈ ਤਰ੍ਹਾਂ ਦੇ ਯਤਨ ਕਰਨੇ ਸ਼ੁਰੂ ਕਰ ਦਿੱਤੇ। 1908 ਵਿਚ ਇਹ ਕਾਨੂੰਨ ਬਣਾਇਆ ਗਿਆ ਕਿ ਕਨੇਡਾ ਉਹੋ ਹੀ ਆ ਸਕਦਾ ਹੈ, ਜਿਸ ਪਾਸ 200 ਡਾਲਰ ਨਕਦ ਹੋਣ ਤੇ ਉਹ ਹਿੰਦੂਸਤਾਨ ਤੋਂ ਸਿੱਧਾ ਕਨੇਡਾ ਆਵੇ। ਉਸ ਸਮੇਂ ਕੋਈ ਵੀ ਜਹਾਜ਼ ਸਿੱਧਾ ਨਹੀਂ ਸੀ ਆਉਂਦਾ। ਇਸ ਤਰ੍ਹਾਂ ਹਿੰਦੂਸਤਾਨੀਆਂ ਦਾ ਇਕ ਤਰ੍ਹਾਂ ਨਾਲ ਦਾਖਲਾ ਬੰਦ ਹੋ ਗਿਆ।

ਬਰਤਾਨੀਆਂ ਦੀਆਂ ਗੋਰੀ ਕਲੋਨੀਆਂ ਨੇ ਭਾਰਤੀਆਂ ਦੇ ਦਾਖਲੇ ਰੋਕਣ ਲਈ ਹਰ ਤਰੀਕਾ ਵਰਤਿਆ। ਆਸਟ੍ਰੇਲੀਆ ਦੀ ਫੈਡਰਲ ਸਰਕਾਰ ਨੇ 1901 ਵਿਚ 'ਇਮੀਗ੍ਰੇਸ਼ਨ ਰਿਸਟ੍ਰਿਕਸ਼ਨ ਐਕਟ' ਅਤੇ 1901 ਦਾ 'ਲੇਬਰ ਰੈਕਰੂਟਮੈਂਟ ਐਕਟ' ਪਾਸ ਕਰਕੇ ਹਿੰਦੂਸਤਾਨੀਆਂ ਦਾ ਜਾਣਾ ਬੰਦ ਕਰ ਦਿੱਤਾ ਸੀ। ਨਿਊਜ਼ੀਲੈਂਡ ਨੇ ਵੀ ਅਜਿਹੇ ਕਾਨੂੰਨ ਪਾਸ ਕਰਕੇ ਦਾਖਲਾ ਬੰਦ ਕਰ ਦਿੱਤਾ ਸੀ।

1908 ਵਿਚ ਕਨੇਡਾ ਦੇ ਸਾਰੇ ਦੇ ਸਾਰੇ ਹਿੰਦੂਸਤਾਨੀਆਂ ਨੂੰ ਕਨੇਡਾ ਵਿਚੋਂ ਕੱਢ ਕੇ ਸੈਂਟਰਲ ਅਮਰੀਕਾ ਦੀ ਬ੍ਰਿਟਿਸ਼ ਕਲੋਨੀ ਹਾਂਡੂਰਾਸ ਭੇਜਣ ਦੀ ਯੋਜਨਾ ਬਣਾਈ ਪਰ ਇਸ ਯੋਜਨਾ ਨੂੰ ਭਾਈ ਭਾਗ ਸਿੰਘ, ਭਾਈ ਤੇਜਾ ਸਿੰਘ ਤੇ ਭਾਈ ਬਲਵੰਤ ਸਿੰਘ ਵਰਗੇ ਭਾਈਚਾਰਕ ਆਗੂਆਂ ਨੇ ਸਿਰੇ ਨਾ ਲੱਗਣ ਦਿੱਤਾ।

ਇਸ ਦਾ ਸਿੱਟਾ ਇਹ ਨਿਕਲਿਆ ਕਿ ਉਨ੍ਹਾਂ ਨੇ ਹਿੰਦੂਸਤਾਨ ਨੂੰ ਆਜ਼ਾਦ ਕਰਾਉਣ ਦਾ ਮਨ ਬਣਾ ਲਿਆ। ਇਨ੍ਹਾਂ ਵਿਚ ਵੱਡੀ ਗਿਣਤੀ ਵਿਚ ਸਾਬਕਾ ਫ਼ੌਜੀਆਂ ਦੀ ਸੀ, ਜਿਨ੍ਹਾਂ ਨੇ ਭਾਰਤ ਨੂੰ ਗੁਲਾਮ ਬਣਾਈ ਰੱਖਣ ਲਈ ਅੰਗਰੇਜ਼ਾਂ ਦੀ ਮਦਦ ਕੀਤੀ ਸੀ। ਉਨ੍ਹਾਂ ਨੂੰ ਮਹਿਸੂਸ ਹੋਇਆ ਕਿ ਉਨ੍ਹਾਂ ਨੂੰ ਜਿਹੜੇ ਬਹਾਦਰੀ ਦੇ ਮੈਡਲ ਮਿਲੇ ਹਨ, ਇਹ ਅਸਲ ਵਿਚ ਗੁਲਾਮੀ ਦੇ ਮੈਡਲ ਹਨ।

ਇਸ ਸਮੇਂ ਇੱਕ ਘਟਨਾ 3 ਅਕਤੂਬਰ 1909 ਨੂੰ ਵੈਨਕੂਅਰ ਦੇ ਗੁਰਦੁਆਰੇ ਵਾਪਰੀ। ਭਾਈ ਨੱਥਾ ਸਿੰਘ ਬਿਲਗਾ ਜੋ ਕਿ ਭਾਈ ਭਾਗ ਸਿੰਘ ਦਾ ਦੋਸਤ ਤੇ 'ਹਿੰਦੁਸਤਾਨ ਐਸੋਸੀਏਸ਼ਨ' ਦਾ ਸਰਗਰਮ ਮੈਂਬਰ ਸੀ ਨੇ ਸੰਗਤ ਵਿਚ ਖੜ੍ਹੇ ਹੋ ਕੇ ਬਰਤਾਨੀਆ ਦੀਆਂ ਬਸਤੀਆਂ ਵਿਚ ਹਿੰਦੁਸਤਾਨੀਆਂ ਦੀ ਮਾੜੀ ਦਸ਼ਾ ਬਾਰੇ ਭਾਸ਼ਨ ਦਿੱਤਾ। ਭਾਸ਼ਨ ਤੋਂ ਬਾਅਦ ਮਤਾ ਰੱਖਿਆ ਗਿਆ ਕਿ 'ਗੁਰਦੁਆਰੇ ਦੀ ਕਾਰਜਕਾਰਨੀ ਦਾ ਕੋਈ ਵੀ ਮੈਂਬਰ ਕੋਈ ਵੀ ਐਸਾ ਤਗ਼ਮਾ, ਵਰਦੀ ਜਾਂ ਇਨਸਿਗਨਿਆ ਨਹੀਂ ਪਾਵੇਗਾ, ਜਿਸ ਤੋਂ ਪਤਾ ਲੱਗੇ ਕਿ ਪਹਿਨਣਵਾਲਾ ਅੰਗਰੇਜ਼ਾਂ ਦੇ ਇੱਕ ਗੁਲਾਮ ਤੋਂ ਵੱਧ ਕੁਝ ਨਹੀਂ। ਇਹ ਮਤਾ ਜੈਕਾਰਿਆਂ ਦੀ ਗੂੰਜ ਵਿਚ ਪਾਸ ਹੋ ਗਿਆ।

ਖਾਲਸਾ ਦੀਵਾਨ ਸੁਸਾਇਟੀ ਨੇ ਉਪ-ਪ੍ਰਧਾਨ ਚੌਦ੍ਹਵੀਂ ਸਿੱਖ ਰੈਜ਼ੀਮੈਂਟ ਦੇ ਸਾਬਕਾ ਫ਼ੌਜੀ ਮੋਗੇ ਲਾਗੇ ਢੂਲਾ ਸਿੰਘ ਵਾਲੀ ਕੋਕਰੀ ਦੇ ਭਾਈ ਗਰੀਬ ਸਿੰਘ ਨੇ ਚੀਨ ਵਿਚ ਬੌਕਸਰ ਵਿਦਰੋਹ ਵਿਚ ਵਿਖਾਈ ਬਹਾਦਰੀ ਕਾਰਨ ਮਿਲਿਆ ਤਗਮਾ ਲਾਹ ਦਿੱਤਾ ਅਤੇ ਸਕੱਤਰ ਭਾਈ ਭਾਗ ਸਿੰਘ ਭਿੱਖੀਵਿੰਡ ਨੇ ਆਪਣੀ ਵਰਦੀ ਤੇ ਆਨਰੇਬਲ ਡਿਸਚਾਰਜ ਸਰਟੀਫਿਕੇਟ ਨੂੰ ਅੱਗ ਲਾ ਦਿੱਤੀ। ਬਹੁਤ ਸਾਰੇ ਹੋਰ ਸਾਬਕਾ ਸਿੱਖ ਫ਼ੌਜੀਆਂ ਨੇ ਵੀ ਆਪਣੇ ਮੈਡਲ, ਵਰਦੀਆਂ, ਫੋਟੋਆਂ ਅਤੇ ਸਰਟੀਫਿਕੇਟ ਅਗਨੀ ਭੇਟ ਕਰ ਦਿੱਤੇ।

ਬਾਦਸ਼ਾਹ ਜਾਰਜ ਪੰਜਵੇਂ ਦੀ ਤਾਜਪੋਸ਼ੀ ਦੇ ਜਸ਼ਨ 19 ਸਤੰਬਰ 1912 ਨੂੰ ਵੈਨਕੂਅਰ ਵਿਚ ਮਨਾਏ ਜਾਣੇ ਸਨ, ਜਿਸ ਵਿਚ ਕਨੇਡਾ ਦੇ ਗਵਰਨਰ ਜਨਰਲ ਬੀ.ਸੀ. ਨੇ ਮੁੱਖ ਮਹਿਮਾਨ ਹੋਣਾ ਸੀ। ਵੈਨਕੂਅਰ ਦੇ ਮੇਅਰ ਵੱਲੋਂ ਖਾਲਸਾ ਦੀਵਾਨ ਸੁਸਾਇਟੀ ਦੇ ਪ੍ਰਧਾਨ ਭਾਈ ਭਾਗ ਸਿੰਘ ਨੂੰ ਸਾਬਕਾ ਸਿੱਖ ਫ਼ੌਜੀਆਂ ਸਮੇਤ ਜਸ਼ਨ ਅਤੇ ਫ਼ੌਜੀ ਪਰੇਡ ਵਿਚ ਸ਼ਾਮਲ ਹੋਣ ਦਾ ਸੱਦਾ ਪੱਤਰ ਭੇਜਿਆ ਗਿਆ। ਭਾਈ ਭਾਗ ਸਿੰਘ ਨੇ ਖਾਲਸਾ ਦੀਵਾਨ ਸੁਸਾਇਟੀ ਦੇ ਅਹੁਦੇਦਾਰਾਂ ਨਾਲ ਸਲਾਹ ਕਰਕੇ ਇਹ ਸੱਦਾ-ਪੱਤਰ ਲੈਣੋਂ ਨਾਂਹ ਕਰ ਦਿੱਤੀ।

ਅਪ੍ਰੈਲ 1913 ਵਿਚ ਜਦ ਅਮਰੀਕਾ ਵਿਚ ਗਦਰ ਪਾਰਟੀ ਬਣੀ, ਤਾਂ ਭਾਈ ਭਾਗ ਸਿੰਘ ਇਸ ਦੇ ਮੈਂਬਰ ਬਣ ਗਏ। ਜਦ ਗ਼ਦਰ ਪਾਰਟੀ ਨੇ 1 ਨਵੰਬਰ 1913 ਨੂੰ ਸਾਨ ਫਰਾਂਸਿਸਕੋ ਤੋਂ ਉਰਦੂ ਵਿਚ ਹਫਤਾਵਾਰੀ ਗ਼ਦਰ ਅਖ਼ਬਾਰ ਕੱਢਿਆ ਤਾਂ ਭਾਈ ਭਾਗ ਸਿੰਘ ਨੇ ਅਖਬਾਰ ਮੰਗਵਾਉਣਾ ਸ਼ੁਰੂ ਕਰ ਦਿੱਤਾ। ਇਹ ਅਖ਼ਬਾਰ ਗੁਰਦੁਆਰੇ ਦੀਆਂ






ਮੀਟਿੰਗਾਂ ਵਿਚ ਪੜ੍ਹਿਆ ਜਾਂਦਾ। ਆਪ ਦੀ ਪ੍ਰੇਰਨਾ ਸਦਕਾ ਸੈਂਕੜੇ ਹਿੰਦੁਸਤਾਨੀ ਗ਼ਦਰ ਪਾਰਟੀ ਦੇ ਮੈਂਬਰ ਬਣ ਗਏ ਤੇ ਹਜ਼ਾਰਾਂ ਡਾਲਰ ਚੰਦਾ ਇਕੱਠਾ ਕਰਕੇ ਗ਼ਦਰ ਪਾਰਟੀ ਦੇ ਮੁੱਖ-ਦਫ਼ਤਰ ਸਾਨ ਫਰਾਂਸਿਸਕੋ ਭੇਜਿਆ।

ਆਪ ਦੀ ਪਤਨੀ ਬੀਬੀ ਹਰਨਾਮ ਕੌਰ ਨੇ 21 ਜਨਵਰੀ 1914 ਨੂੰ ਧੀ ਨੂੰ ਜਨਮ ਦਿੱਤਾ। ਜਣੇਪੇ ਸਮੇਂ ਪਈਆਂ ਕਈ ਗੁੰਝਲਾਂ ਕਾਰਨ 30 ਜਨਵਰੀ 1914 ਨੂੰ 28 ਸਾਲ ਦੀ ਉਮਰ ਵਿਚ ਉਨ੍ਹਾਂ ਦੀ ਮੌਤ ਹੋ ਗਈ ਤੇ ਬੱਚਿਆਂ ਦੇ ਪਾਲਣ-ਪੋਸ਼ਣ ਦੀ ਜ਼ਿੰਮੇਵਾਰੀ ਆਪ ਸਿਰ ਆ ਪਈ।

ਕਾਮਾਗਾਟਾਮਾਰੂ ਦਾ ਜਹਾਜ਼ 23 ਮਈ 1914 ਨੂੰ 376 ਮੁਸਾਫਰਾਂ ਸਮੇਤ ਵੈਨਕੂਅਰ ਆਣ ਪੁੱਜਾ। ਇਮੀਗਰੇਸ਼ਨ ਅਧਿਕਾਰੀਆਂ ਨੇ ਮੁਸਾਫਰਾਂ ਨੂੰ ਉਤਰਨ ਨਾ ਦਿੱਤਾ। ਭਾਈ ਭਾਗ ਸਿੰਘ ਨੇ ਯੂਨਾਈਟਿਡ ਇੰਡੀਆ ਲੀਗ ਦੇ ਪ੍ਰਧਾਨ ਹੁਸੈਨ ਰਹੀਮ ਨੂੰ ਨਾਲ ਲੈ ਕੇ ਮੁਸਾਫਰਾਂ ਦੀ ਸਹਾਇਤਾ ਲਈ 15 ਮੈਂਬਰੀ ਕਮੇਟੀ ਬਣਾਈ। ਕਮੇਟੀ ਨੇ ਚੰਦਾ ਇਕੱਠਾ ਕਰਕੇ ਲੋੜੀਂਦੀ ਕਾਨੂੰਨੀ ਕਾਰਵਾਈ ਕੀਤੀ ਪਰ ਕਨੇਡਾ ਸਰਕਾਰ ਆਪਣੇ ਹੀ ਕਾਨੂੰਨਾਂ ਦੀ ਉਲੰਘਣਾਂ ਕਰਕੇ ਕਾਮਾਗਾਟਾਮਾਰੂ ਜਹਾਜ਼ ਨੂੰ ਵਾਪਸ ਭੇਜ ਦਿੱਤਾ।

ਭਾਈ ਭਾਗ ਸਿੰਘ ਤੇ ਉਨ੍ਹਾਂ ਦੇ ਸਾਰੇ ਸਾਥੀ ਚਾਹੁੰਦੇ ਸਨ ਕਿ ਕਾਮਾਗਾਟਾਮਾਰੂ ਦੇ ਜਹਾਜ਼ ਰਾਹੀਂ ਅਸੀਂ ਹਥਿਆਰ ਭੇਜੀਏ, ਤਾਂ ਜੋ ਅਮਰੀਕਾ ਨਾਲ ਹਥਿਆਰਬੰਦ ਲੜਾਈ ਹੋ ਸਕੇ। ਉਹ ਕਨੇਡਾ ਵਿਚੋਂ ਹਥਿਆਰ ਖਰੀਦਣ ਵਿਚ ਸਫ਼ਲ ਨਾ ਹੋ ਸਕੇ। ਭਾਈ ਭਾਗ ਸਿੰਘ 16 ਜੁਲਾਈ 1914 ਨੂੰ ਆਪਣੇ ਸਾਥੀ ਭਾਈ ਬਲਵੰਤ ਸਿੰਘ, ਭਾਈ ਮੇਵਾ ਸਿੰਘ ਅਤੇ ਬਾਬੂ ਹਰਨਾਮ ਸਿੰਘ ਸਾਹਰੀ ਨਾਲ ਐਬਟਸਫੋਰਡ ਲਾਗਿਉਂ ਸਰਹੱਦ ਪਾਰ ਕਰਕੇ ਅਮਰੀਕਾ ਦੇ ਸ਼ਹਿਰ ਸੁਮਾਸ ਤੋਂ ਹਥਿਆਰ ਲੈਣ ਗਏ। ਅਮਰੀਕੀ ਪੁਲਿਸ ਨੇ 17 ਜੁਲਾਈ ਨੂੰ ਭਾਈ ਬਲਵੰਤ ਸਿੰਘ ਅਤੇ ਬਾਬੂ ਹਰਨਾਮ ਦਾਸ ਸਾਹਰੀ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਵਿਚ ਭੇਜ ਦਿੱਤਾ। ਭਾਈ ਭਾਗ ਸਿੰਘ ਦਾ 32 ਮਹੀਨਿਆਂ ਦਾ ਪੁੱਤਰ ਵੀ ਜੇਲ੍ਹ ਵਿਚ ਬੰਦ ਸੀ। ਅਮਰੀਕਾ ਵਿਚ ਹਥਿਆਰ ਖਰੀਦਣੇ ਅਤੇ ਰੱਖਣੇ ਜ਼ੁਰਮ ਨਹੀਂ ਸੀ, ਇਸ ਲਈ ਕਾਮਾਗਾਟਾ ਮਾਰੂ ਦੇ ਵੈਨਕੂਅਰ ਤੋਂ ਤੁਰ ਜਾਣ ਪਿੱਛੋਂ 30 ਜੁਲਾਈ 1914 ਨੂੰ ਭਾਈ ਭਾਗ ਸਿੰਘ ਹੋਰਾਂ ਨੂੰ ਰਿਹਾਅ ਕਰ ਦਿੱਤਾ ਗਿਆ।

ਪਹਿਲਾ ਵਿਸ਼ਵ ਯੁੱਧ 4 ਅਗਸਤ 1914 ਨੂੰ ਸ਼ੁਰੂ ਹੋ ਗਿਆ। ਵੱਡੀ ਗਿਣਤੀ ਵਿਚ ਦੇਸ਼ ਭਗਤ ਗਦਰੀ ਯੋਧੇ ਕਨੇਡਾ ਅਤੇ ਅਮਰੀਕਾ ਤੋਂ ਹਿੰਦੂਸਤਾਨ ਵੱਲ ਨੂੰ ਕੂਚ ਕਰ ਗਏ। ਭਾਈ ਭਾਗ ਸਿੰਘ ਵੀ ਜਾਣਾ ਚਾਹੁੰਦੇ ਸਨ ਪਰ ਪੌਣੇ ਤਿੰਨ ਸਾਲ ਦੇ ਪੁੱਤਰ ਜੁਗਿੰਦਰ ਸਿੰਘ ਅਤੇ ਛੇ ਮਹੀਨੇ ਦੀ ਧੀ ਕਰਮ ਕੌਰ ਦੀ ਸੰਭਾਲ ਵਿਚ ਦੇਰ ਹੋਣ ਕਰਕੇ ਉਹ ਜਾ ਨਾ ਸਕੇ।

ਉਧਰ ਵੈਨਕੂਅਰ ਵਿਚ ਗ਼ਦਾਰ ਟੋਲਾ ਪੂਰਾ ਜ਼ੋਰ ਲਾ ਰਿਹਾ ਸੀ ਕਿ ਕੋਈ ਵੀ ਹਿੰਦੁਸਤਾਨ ਨਾ ਜਾਵੇ। ਬੇਲਾ ਸਿੰਘ ਜਿਆਣ ਨੇ 22 ਅਤੇ 25 ਅਗਸਤ 1914 ਨੂੰ ਵੈਨਕੂਅਰ ਅਤੇ ਵਿਕਟੋਰੀਆ ਦੇ ਘਾਟਾਂ ਤੋਂ ਜਹਾਜ਼ਾਂ 'ਤੇ ਚੜ੍ਹਨ ਵਾਲੇ ਹਿੰਦੁਸਤਾਨੀਆਂ ਨੂੰ ਡਰਾਇਆ ਧਮਕਾਇਆ ਪਰ ਹਿੰਦੁਸਤਾਨੀਆਂ ਨੇ ਉਸ ਦੀ ਕੋਈ ਪ੍ਰਵਾਹ ਨਾ ਕੀਤੀ।

ਬੇਲਾ ਸਿੰਘ ਜਿਆਣ ਧੜੇ ਦੇ ਅਰਜਨ ਸਿੰਘ ਦੀ ਤਿੰਨ ਸਤੰਬਰ ਨੂੰ ਗੋਲੀ ਲੱਗਣ ਨਾਲ ਮੌਤ ਹੋ ਗਈ। ਬਹੁਤੇ ਲੋਕ ਇਸ ਨੂੰ ਦੁਰਘਟਨਾ ਸਮਝਦੇ ਸਨ ਪਰ ਬੇਲਾ ਸਿੰਘ ਦਾ ਖਿਆਲ ਸੀ ਕਿ ਅਰਜਨ ਸਿੰਘ ਦਾ ਕਤਲ ਹੋਇਆ ਹੈ। ਅਰਜਨ ਸਿੰਘ ਦੇ ਸਸਕਾਰ ਤੋਂ ਬਾਅਦ 5 ਸਤੰਬਰ 1914 ਨੂੰ ਸ਼ਾਮ ਨੂੰ ਵੈਨਕੂਅਰ ਦੇ ਗੁਰਦੁਆਰੇ ਵਿਚ ਸੰਗਤ ਜੁੜੀ ਹੋਈ ਸੀ। ਭਾਈ ਬਲਵੰਤ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਹੋਏ ਸਨ। ਭਾਈ ਭਾਗ ਸਿੰਘ ਵੀ ਗੁਰੂ ਗ੍ਰੰਥ ਸਾਹਿਬ ਵਾਲੇ ਤਖ਼ਤ ਪੋਸ਼ ਦੇ ਕੋਲ ਹੀ ਬੈਠੇ ਸਨ। ਬੇਲਾ ਸਿੰਘ ਸੱਤ ਵੱਜਣ ਵਿਚ ਕੁਝ ਮਿੰਟ ਰਹਿੰਦਿਆਂ ਗੁਰਦੁਆਰੇ ਅੰਦਰ ਆਇਆ ਤੇ ਮੱਥਾ ਟੇਕ ਕੇ ਭਾਈ ਭਾਗ ਸਿੰਘ ਦੇ ਪਿੱਛੇ ਚਾਰ-ਪੰਜ ਫੁੱਟ ਦੀ ਦੂਰੀ 'ਤੇ ਬੈਠ ਗਿਆ। 20-25 ਮਿੰਟ ਬਾਅਦ ਜਦੋਂ ਅਰਦਾਸ ਹੋਣ ਲੱਗੀ ਤਾਂ ਬੇਲਾ ਸਿੰਘ ਨੇ ਕਾਹਲੀ ਨਾਲ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਸਭ ਤੋਂ ਪਹਿਲਾਂ ਉਸ ਨੇ ਭਾਈ ਭਾਗ ਸਿੰਘ ਦੇ ਪਿੱਛਿਉਂ ਗੋਲੀਆਂ ਚਲਾਈਆਂ। ਉਹ ਦੋਹਾਂ ਹੱਥਾਂ ਵਿਚ ਪਿਸਤੌਲ ਫੜ੍ਹਕੇ ਗੋਲੀਆਂ ਚਲਾਈ ਜਾ ਰਿਹਾ ਸੀ। ਸਾਰਾ ਹਾਲ ਧੂੰਏ ਨਾਲ ਭਰ ਗਿਆ। ਕੁਝ ਵੀ ਵਿਖਾਈ ਨਹੀਂ ਸੀ ਦੇ ਰਿਹਾ। ਸਾਰੇ ਹਾਲ ਵਿਚ ਭਗਦੜ ਮੱਚ ਗਈ। ਬੇਲਾ ਸਿੰਘ ਧੂੰਏ ਦਾ ਲਾਭ ਉਠਾ ਕੇ ਗੁਰਦੁਆਰੇ ਵਿਚੋਂ ਭੱਜ ਗਿਆ।

ਸਾਰਾ ਹਾਲ ਲਹੂ-ਲੁਹਾਨ ਹੋਇਆ ਸੀ। ਬਹੁਤ ਸਾਰੇ ਬੰਦੇ ਜ਼ਖ਼ਮੀ ਹੋ ਗਏ। ਭਾਈ ਭਾਗ ਸਿੰਘ ਦੇ ਕਮਰ ਤੋਂ ਉਪਰ ਅਤੇ ਮੌਰਾਂ ਵਿਚਕਾਰ ਕਈ ਗੋਲੀਆਂ ਲੱਗੀਆਂ ਹੋਈਆਂ ਸਨ। ਇੱਕ ਗੋਲੀ ਪਿੱਠ ਵਿਚੋਂ ਦੀ ਹੋ ਕੇ ਫੇਫੜਿਆਂ ਵਿਚ ਜਾ ਫਸੀ। ਡਾਕਟਰਾਂ ਨੇ ਰਾਤ ਨੂੰ ਸਰਜਰੀ ਕੀਤੀ। ਅਗਲੇ ਦਿਨ ਪੁਲਿਸ ਬੇਲਾ ਸਿੰਘ ਨੂੰ ਲੈ ਕੇ ਦੁਪਹਿਰ ਇੱਕ ਵਜੇ ਹਸਪਤਾਲ ਪੁੱਜੀ। ਭਾਈ ਭਾਗ ਸਿੰਘ ਨੇ ਬੇਲਾ ਸਿੰਘ ਵੱਲ ਵੇਖਦਿਆਂ ਕਿਹਾ ਕਿ ਉਨ੍ਹਾਂ ਦੇ ਗੋਲੀਆਂ ਮਾਰਨ ਵਾਲਾ ਬੇਲਾ ਸਿੰਘ ਹੀ ਹੈ।

ਭਾਈ ਭਾਗ ਸਿੰਘ ਦੇ ਮਿੱਤਰ ਉਨ੍ਹਾਂ ਨੂੰ ਹਸਪਤਾਲ ਮਿਲੇ। ਭਾਈ ਭਾਗ ਸਿੰਘ ਦਾ ਕਹਿਣਾ ਸੀ, "ਮਨ ਦੀ ਚਾਹ ਸੀ ਕਿ ਆਜ਼ਾਦੀ ਦੇ ਮੈਦਾਨੇ ਜੰਗ ਵਿਚ ਜੂਝ ਕੇ ਸ਼ਹੀਦ ਹੁੰਦਾ ਪਰ ਭਾਣਾ ਅਮਿੱਟ ਹੈ, ਅੱਜ ਇਸ ਬਿਸਤਰ ਪਰ ਸਰੀਰ ਛੱਡਣਾ ਪੈ ਰਿਹਾ ਹੈ"। 6 ਸਤੰਬਰ 1914 ਨੂੰ ਲੌਢੇ ਵੇਲੇ ਉਹ ਵੈਨਕੂਅਰ ਦੇ ਹਸਪਤਾਲ ਵਿਚ ਅਕਾਲ ਚਲਾਣਾ ਕਰ ਗਏ।

# ਵਹੁਟੀਆਂ ਵੇਚਣ ਵਾਲੇ ਫਰੰਗੀ

ਬਲਰਾਜ ਸਿੰਘ ਸਿੱਧੂ
ਯੂ.ਕੇ.
00447463781695
ਪੰਜਾਬ ਮੇਲ USA

17ਵੀਂ ਅਤੇ 19ਵੀਂ ਸਦੀ ਦੇ ਵਿਚਕਾਰ ਇੰਗਲੈਂਡ ਵਿਚ ਪਤਨੀ-ਵਿਕਰੀ (wife selling) ਨਾਮਕ ਇੱਕ ਅਜੀਬ ਅਤੇ ਦਿਲਚਸਪ ਰਿਵਾਜ਼ ਹੁੰਦਾ ਸੀ, ਜਿਸਨੂੰ ਤਵਾਰੀਖ ਦੇ ਪੰਨਿਆਂ ਉੱਤੇ ਬਹੁਤ ਘੱਟ ਉਭਾਰਿਆ ਜਾਂ ਪ੍ਰਚਾਰਿਆ ਗਿਆ ਹੈ। ਇਸ ਸਮੇਂ ਦੌਰਾਨ ਅਜਿਹਾ ਕੋਈ ਸਾਲ ਨਹੀਂ ਸੀ, ਜਦੋਂ ਪਤਨੀ ਦੀ ਵਿਕਰੀ ਨਾਲ ਜੁੜੇ ਅਦਾਲਤੀ ਕੇਸ ਦੀ ਅਖ਼ਬਾਰੀ ਰਿਪੋਰਟ ਨਾ ਛਪੀ ਹੋਵੇ। ਸਰਕਾਰੀ ਅੰਕੜਿਆਂ ਮੁਤਾਬਿਕ 1780 ਅਤੇ 1850 ਦੇ ਵਿਚਕਾਰ ਲਗਭਗ 300 ਬ੍ਰਿਟਿਸ਼ ਪਤਨੀਆਂ ਵੇਚੀਆਂ ਗਈਆਂ ਸਨ। ਇਹ ਪ੍ਰਥਾ ਇੱਕ ਵਿਸਤ੍ਰਿਤ ਮਜ਼ਾਕ ਵਾਂਗ ਜਾਪਦੀ ਹੈ ਤੇ ਅੱਜ-ਕੱਲ੍ਹ ਪੜ੍ਹਨ, ਸੁਣਨ ਵਾਲੇ ਨੂੰ ਇੱਕ ਵਾਰ ਤਾਂ ਯਕੀਨ ਹੀ ਨਹੀਂ ਆਉਂਦਾ ਹੈ। ਲੇਕਿਨ ਇਹ ਸੌ ਫੀਸਦੀ ਸੱਚ ਹੈ, ਅਜਿਹੀ ਰੀਤ ਇੰਗਲੈਂਡ ਵਿਚ ਕਈ ਸਦੀਆਂ ਤੱਕ ਚੱਲਦੀ ਰਹੀ ਸੀ। ਵੈਸੇ 1302 ਵਿਚ ਇੱਕ ਅਜਿਹੇ ਅੰਗਰੇਜ਼ ਵਿਅਕਤੀ ਦਾ ਇੱਕ ਬਿਰਤਾਂਤ ਵੀ ਮਿਲਦਾ ਹੈ, ਜਿਸਨੇ ਆਪਣੀ ਪਤਨੀ ਕਿਸੇ ਹੋਰ ਆਦਮੀ ਨੂੰ ਸੰਪਤੀ ਵਾਂਗ ਲਿਖਤੀ ਰੂਪ ਵਿਚ ਸੌਂਪ ਦਿੱਤੀ ਸੀ।


ਅਸਲ ਵਿਚ ਮੰਨਿਆ ਜਾਂਦਾ ਹੈ ਕਿ 17ਵੀਂ ਅਤੇ 19ਵੀਂ ਸਦੀ ਦੇ ਵਿਚਕਾਰ ਇੰਗਲੈਂਡ ਵਿਚ ਤਲਾਕ ਬਹੁਤ ਮਹਿੰਗਾ ਸੀ। ਇਸ ਲਈ ਨਿਮਨ-ਸ਼੍ਰੇਣੀ ਦੇ ਬ੍ਰਿਟਿਸ਼ ਲੋਕਾਂ ਨੇ ਤਲਾਕ ਲੈਣ ਦੀ ਬਜਾਏ ਆਪਣੀਆਂ ਪਤਨੀਆਂ ਨੂੰ ਵੇਚਣਾ ਸ਼ੁਰੂ ਕਰ ਦਿੱਤਾ ਸੀ। ਇਹ ਰਿਵਾਜ਼ ਅੱਜ ਅਨੋਖਾ ਇਸ ਲਈ ਵੀ ਜਾਪਦਾ ਹੈ, ਕਿਉਂਕਿ ਇਹ ਮਹਿਲਾਵਾਂ ਦਿਆਂ ਹੱਕਾਂ ਲਈ ਬੜਕਾਂ ਮਾਰਨ ਵਾਲੀ ਅੰਗਰੇਜ਼ ਕੌਮ ਨਾਲ ਜੁੜਿਆ ਹੋਇਆ ਹੈ। ਅਗਰ ਬਰਤਾਨਵੀ ਇਤਿਹਾਸ ਫਰੋਲੋ, ਤਾਂ ਤੁਹਾਨੂੰ ਇਸ ਰਿਵਾਜ਼ ਦੀਆਂ ਪੈੜਾਂ ਬੜੀ ਆਸਾਨੀ ਨਾਲ ਲੱਭ ਜਾਂਦੀਆਂ ਹਨ।

ਇਤਿਹਾਸਕਾਰ ਇਸ ਗੱਲ 'ਤੇ ਅਸਹਿਮਤ ਹਨ ਕਿ ਇਹ ਰਿਵਾਜ਼ ਕਦੋਂ ਜਾਂ ਕਿਵੇਂ ਸ਼ੁਰੂ ਹੋਇਆ ਅਤੇ ਇਹ ਕਿੰਨਾ ਵਿਆਪਕ ਸੀ। ਪਰ ਇਹ ਨਿਮਨ-ਸ਼੍ਰੇਣੀ ਦੇ ਬਰਤਾਨਵੀਂ ਲੋਕਾਂ ਵਿਚ ਇੱਕ ਪ੍ਰਵਾਨਿਤ ਵਿਕਲਪਿਕ ਤਲਾਕ ਸੀ। ਮੇਰੇ ਨਿੱਜੀ ਖਿਆਲ ਮੁਤਾਬਿਕ ਜਦੋਂ ਬਰਤਾਨਵੀ ਸਾਮਰਾਜ ਆਪਣੀਆਂ ਬੁਲੰਦੀਆਂ ਛੂਹ ਰਿਹਾ ਸੀ, ਤਾਂ ਸ਼ਾਸਕਾਂ ਨੇ ਅਮੀਰਾਂ, ਵਜ਼ੀਰਾਂ ਅਤੇ ਵਫਦਾਰਾਂ ਨੂੰ ਬਹੁਤ ਸਾਰੇ ਰੁਤਬੇ ਅਤੇ ਜਾਗੀਰਾਂ ਨਾਲ ਨਿਵਾਜਿਆ ਸੀ, ਜਿਸ ਸਦਕਾ ਉਨ੍ਹਾਂ ਨੇ ਆਪਣੀ ਐਸ਼-ਓ-ਇਸ਼ਰਤ ਲਈ ਗੁਲਾਮ, ਦਾਸ ਅਤੇ ਦਾਸੀਆਂ ਖਰੀਦੀਆਂ ਸਨ। ਖਾਸਕਰ ਹਬਸ਼ੀ ਅਤੇ ਗੁਲਾਮ ਕੌਮਾਂ ਦੇ ਦਾਸ-ਦਾਸੀਆਂ ਖਰੀਦਣ ਦਾ ਪ੍ਰਚਲਨ ਤਾਂ ਬਰਤਾਨਵੀ ਸਾਮਰਾਜ ਵਿਚ ਕਈ ਸਦੀਆਂ ਤੱਕ ਚੱਲਦਾ ਰਿਹਾ ਸੀ। ਸ਼ਾਇਦ ਅਮੀਰਾਂ ਦੀ ਰੀਸ ਨਾਲ ਹੀ ਆਮ ਤਬਕੇ ਨੂੰ ਪਤਨੀਆਂ ਵੇਚਣ ਅਤੇ ਖਰੀਦਣ ਦੀ ਰੀਤ ਸ਼ੁਰੂ ਕਰਨ ਦੀ ਆਹੁੜੀ ਹੋਵੇਗੀ।

ਪਤਨੀ ਦੀ ਵਿਕਰੀ, ਅਸੱਭਿਅਕ ਅਤੇ ਮਜ਼ਾਕੀਆ ਸੀ। ਪਰ ਇਸ ਰੀਤ ਨੇ ਇੱਕ ਬਹੁਤ ਹੀ ਅਸਲ ਮਕਸਦ ਵੀ ਪੂਰਾ ਕੀਤਾ, ਕਿਉਂਕਿ ਤਲਾਕ ਲੈਣਾ ਬਹੁਤ ਮੁਸ਼ਕਲ ਸੀ। ਜੇ ਤੁਹਾਡਾ ਵਿਆਹ 1750 ਦੇ ਦਹਾਕੇ ਵਿਚ ਟੁੱਟ ਜਾਂਦਾ ਸੀ, ਤਾਂ ਬ੍ਰਿਟੇਨ ਦੇ ਸਖ਼ਤ ਤਲਾਕ ਕਾਨੂੰਨ ਤਹਿਤ ਤੁਹਾਨੂੰ ਰਸਮੀ ਤੌਰ 'ਤੇ ਤਲਾਕ ਦੇਣ ਲਈ ਸੰਸਦ ਦਾ ਇੱਕ ਨਿੱਜੀ ਪ੍ਰਵਾਨਾ ਪ੍ਰਾਪਤ ਕਰਨਾ ਪੈਂਦਾ ਸੀ। ਇਹ ਪ੍ਰਕਿਰਿਆ ਮਹਿੰਗੀ ਅਤੇ ਸਮਾਂ ਬਰਬਾਦ ਕਰਨ ਵਾਲੀ ਸੀ, ਇਸ ਲਈ ਪਤਨੀ-ਵਿਕਰੀ ਝੂਠੇ ਤਲਾਕ ਦੇ ਰੂਪ ਵਜੋਂ ਵਿਕਸਤ ਹੋਈ ਸੀ। ਇਹ ਤਕਨੀਕੀ ਤੌਰ 'ਤੇ ਕਾਨੂੰਨੀ ਨਹੀਂ ਸੀ, ਪਰ ਜਿਸ ਤਰੀਕੇ ਨਾਲ ਇਹ ਰਿਵਾਜ਼ ਜਨਤਕ ਤੌਰ 'ਤੇ ਸਾਹਮਣੇ ਆਇਆ, ਉਸਨੇ ਇਸਨੂੰ ਬਹੁਤ ਸਾਰੇ ਲੋਕਾਂ ਦੀਆਂ ਨਜ਼ਰਾਂ ਵਿਚ ਜਾਇਜ਼ ਬਣਾ ਦਿੱਤਾ ਸੀ।

ਇੰਗਲੈਂਡ ਵਿਚ ਪਹਿਲਾ ਤਲਾਕ ਐਕਟ 1857 ਵਿਚ ਬਣਿਆ ਸੀ ਅਤੇ ਇਸ ਤੋਂ ਪਹਿਲਾਂ ਵਿਆਹ ਨੂੰ ਭੰਗ ਕਰਨਾ ਬਹੁਤ ਕਠਿਨ ਅਤੇ ਕੀਮਤੀ ਸੀ। ਤਲਾਕ ਨੂੰ ਕਾਨੂੰਨੀ ਬਣਾਉਣ ਲਈ ਜਿਸ ਪਾਰਲੀਮੈਂਟ ਦੇ ਇੱਕ ਨਿੱਜੀ ਸਨਦ ਦੀ ਲੋੜ ਹੁੰਦੀ ਸੀ, ਉਸਦੀ ਕੀਮਤ ਘੱਟੋ-ਘੱਟ 3,000 ਪੌਂਡ (ਅਜੋਕੇ ਸਮੇਂ ਦੇ ਮੁੱਲਾਂ ਵਿਚ 15,000 ਪੌਂਡ) ਅਤੇ ਚਰਚ ਦੇ ਅੰਤਮ ਸਮਰਥਨ ਅਤੇ ਪ੍ਰਵਾਨਗੀ ਦੀ ਜ਼ਰੂਰਤ ਹੁੰਦੀ ਸੀ।

ਉਸ ਸਮੇਂ ਤਲਾਕ ਲੈਣਾ ਸਾਧਾਰਨ ਆਦਮੀ ਦੇ ਵੱਸ ਦੀ ਗੱਲ ਨਹੀਂ ਸੀ ਅਤੇ ਤਲਾਕ ਦਾ ਇੱਕੋ-ਇੱਕ ਬਦਲ ਘਰਵਾਲੀ ਦੀ ਜਨਤਕ ਵਿਕਰੀ ਪ੍ਰਕਿਰਿਆ ਸੀ। ਗਰੀਬ ਜ਼ਿਲ੍ਹਿਆਂ ਵਿਚ ਪਤਨੀ ਨੂੰ ਕਿਸੇ ਹੋਰ ਵਸਤੂ ਵਾਂਗ ਖਰੀਦਿਆ ਅਤੇ ਵੇਚਿਆ ਜਾ ਸਕਦਾ ਸੀ। ਭਾਵੇਂ ਅੱਜ ਇਹ ਹੈਰਾਨੀਜਨਕ ਜਾਪਦਾ ਹੈ, ਪਰ ਪਤਨੀਆਂ ਦੀ ਵਿਕਰੀ ਉਸ ਸਮੇਂ ਪਸ਼ੂਆਂ ਦੀ ਨਿਲਾਮੀ ਦਾ ਰੂਪ ਲੈ ਗਈ ਸੀ। ਆਮ ਤੌਰ 'ਤੇ ਇਹ ਰਿਵਾਜ਼ ਪੇਂਡੂ




ਖੇਤਰਾਂ ਦੇ ਜਨਤਕ ਬਾਜ਼ਾਰਾਂ ਵਿਚ ਵੱਧ ਤੋਂ ਵੱਧ ਗਵਾਹਾਂ ਦੀ ਮੌਜੂਦਗੀ ਵਿਚ ਹੁੰਦਾ ਸੀ। ਵਿਕਰੀ ਦੀ ਘੋਸ਼ਣਾ ਕਰਨ ਤੋਂ ਬਾਅਦ ਪਤੀ ਆਪਣੀ ਪਤਨੀ ਨੂੰ "ਮਾਰਕੀਟ" (ਪਸ਼ੂਆਂ ਦੀ ਮੰਡੀ, ਬਾਜ਼ਾਰ ਜਾਂ ਕੋਈ ਹੋਰ ਜਨਤਕ ਸਥਾਨ) 'ਤੇ ਲੈ ਜਾਂਦਾ ਸੀ ਅਤੇ ਆਪਣੀ ਪਤਨੀ ਨੂੰ ਵਿਕਰੀ ਦੀਆਂ ਵਸਤੂਆਂ ਦੀ ਫਰਿਸ਼ਤ ਵਿਚ ਦਰਜ ਕਰਵਾ ਦਿੰਦਾ ਸੀ। ਉਸ ਤੋਂ ਬਾਅਦ ਪਤਨੀ ਦੀ ਗਰਦਨ, ਬਾਂਹ ਜਾਂ ਕਮਰ ਦੁਆਲੇ ਇੱਕ ਰਿਬਨ, ਚਮੜੇ ਦੀ ਲਗਾਮ, ਧਲੀਆਰਾ ਜਾਂ ਰੱਸੀ ਪਾ ਲੈਂਦਾ ਸੀ (ਜਿਵੇਂ ਵੇਚੇ ਜਾਣ ਵਾਲੇ ਜਾਨਵਰਾਂ ਨੂੰ ਪਾਇਆ ਹੁੰਦਾ ਸੀ।) ਅਤੇ ਉਹਨੂੰ ਇੱਕ ਨਿਲਾਮੀ ਕਟਿਹਰੇ ਜਾਂ ਮੰਚ ਉੱਤੇ ਖੜ੍ਹਾ ਕੀਤਾ ਜਾਂਦਾ ਸੀ। ਫਿਰ ਪਤੀ ਅਕਸਰ ਦਰਸ਼ਕਾਂ ਨੂੰ ਪਤਨੀ ਦੇ ਗੁਣਾਂ ਦਾ ਐਲਾਨ ਕਰਨ ਤੋਂ ਬਾਅਦ ਉਸਨੂੰ ਨਿਲਾਮ ਕਰ ਦਿੰਦਾ ਸੀ। ਇੱਕ ਵਾਰ ਜਦੋਂ ਵਿਕਾਊ ਪਤਨੀ ਨੂੰ ਕਿਸੇ ਹੋਰ ਆਦਮੀ ਦੁਆਰਾ ਖਰੀਦਿਆ ਜਾਂਦਾ ਸੀ, ਤਾਂ ਪਿਛਲੇ ਵਿਆਹ ਨੂੰ ਰੱਦ ਮੰਨਿਆ ਜਾਂਦਾ ਸੀ ਅਤੇ ਨਵਾਂ ਖਰੀਦਦਾਰ ਆਪਣੀ ਨਵੀਂ ਖਰੀਦੀ ਜਨਾਨੀ ਲਈ ਵਿੱਤੀ ਤੌਰ 'ਤੇ ਜ਼ਿੰਮੇਵਾਰ ਹੁੰਦਾ ਸੀ। ਬੋਲੀ ਨਾ ਦੇਣ ਦੇ ਇੱਛੁਕ ਲੋਕ ਇਸ ਤਰ੍ਹਾਂ ਦੀ ਖੇਡ ਦਾ ਆਨੰਦ ਮਾਨਣ ਲਈ ਵੀ ਆਇਆ ਕਰਦੇ ਸਨ। ਆਮ ਤੌਰ 'ਤੇ ਕਿਸੇ ਨੂੰ ਬੋਲੀ ਜਿੱਤਣ ਲਈ ਤਿਆਰ ਕੀਤਾ ਗਿਆ ਹੁੰਦਾ ਸੀ। ਪਰ ਹਮੇਸ਼ਾ ਨਹੀਂ। ਕਈ ਵਾਰ ਨਿਲਾਮੀ ਸੱਚਮੁੱਚ ਸਭ ਤੋਂ ਉੱਚੀ ਬੋਲੀ ਲਗਾਉਣ ਵਾਲੇ ਦੁਆਰਾ ਜਿੱਤੀ ਜਾਂਦੀ ਸੀ!

ਬੇਸ਼ੱਕ ਇਹ ਇੱਕ ਗੈਰ-ਕਾਨੂੰਨੀ ਅਭਿਆਸ ਸੀ, ਪਰ ਵੱਡੇ ਪੈਮਾਨੇ 'ਤੇ ਕੀਤਾ ਜਾਂਦਾ ਸੀ ਅਤੇ ਸਰਕਾਰੀ ਅਧਿਕਾਰੀਆਂ ਨੇ ਇਸ ਵੱਲੋਂ ਆਪਣੀ ਅੱਖਾਂ ਬੰਦ ਕਰ ਰੱਖੀਆਂ ਸਨ। ਜਦੋਂ ਸੌਦਾ ਹੋ ਜਾਂਦਾ ਸੀ, ਤਾਂ ਸਫਲ ਵਪਾਰਕ ਲੈਣ-ਦੇਣ ਦਾ ਜਸ਼ਨ ਮਨਾਉਣ ਲਈ ਤਿੰਨੋਂ ਧਿਰਾਂ (ਨਵਾਂ ਖਰੀਦਾਰ, ਵੇਚੀ ਗਈ ਪਤਨੀ ਅਤੇ ਵੇਚਣ ਵਾਲਾ ਪਤੀ) ਸਥਾਨਕ ਟੈਵਰਨ (ਸ਼ਰਾਬ ਘਰ) ਵਿਚ ਜਾਇਆ ਕਰਦੇ ਸਨ ਤੇ ਇੱਕਠੇ ਹਮਪਿਆਲਾ ਹੋਇਆ ਕਰਦਾ ਸਨ। ਲਗਭਗ ਹਰ ਇੱਕ ਪਤਨੀ ਆਪਣੀ ਮਰਜ਼ੀ ਨਾਲ ਵਿਕਰੀ 'ਤੇ ਜਾਂ ਨਿਲਾਮੀ ਲਈ ਗਈ ਹੁੰਦੀ ਸੀ ਤੇ ਅੱਗੇ ਜਿਸ ਨਾਲ ਜਾਣਾ ਹੁੰਦਾ ਸੀ, ਇਸ ਵਿਚ ਉਸਦੀ ਪੂਰਨ ਰਜ਼ਾਮੰਦੀ ਅਤੇ ਮਰਜ਼ੀ ਸ਼ਾਮਿਲ ਹੁੰਦੀ ਸੀ। ਇਸ ਵਿਚ ਤਿੰਨਾਂ ਧਿਰਾਂ ਦੀ ਖੁਸ਼ੀ ਸ਼ਾਮਿਲ ਹੁੰਦੀ ਸੀ। ਵੇਚਣ ਵਾਲੇ ਪਤੀ ਨੂੰ ਬੁਰੀ ਬਲਾਅ ਤੋਂ ਖਹਿੜਾ ਛੁਡਾਉਣ ਦੀ ਰਾਹਤ ਹੁੰਦੀ ਸੀ। ਖਰੀਦਣ ਵਾਲੇ ਨੂੰ ਨਵੀਂ ਬੰਨੋ ਦਾ ਚਾਅ ਹੁੰਦਾ ਸੀ ਤੇ ਵਿਕਣ ਵਾਲੀ ਪਤਨੀ ਨੂੰ ਨਵਾਂ ਆਦਮੀ ਹੰਢਾਉਣ ਦੀ ਉਤਸੁਕਤਾ ਹੁੰਦੀ ਸੀ। ਇੰਝ ਕਹਿੰਦੇ ਹਨ ਕਿ ਇਹ ਕਾਰਜ ਤਿੰਨਾਂ ਲਈ ਇੱਕ ਐਡਵੈਂਚਰਜ਼ ਯਾਤਰਾ ਵਰਗਾ ਹੁੰਦਾ ਸੀ।

ਬਹੁਤ ਸਾਰੇ ਮਾਮਲਿਆਂ ਵਿਚ ਸਥਾਨਕ ਅਖਬਾਰ ਵਿਚ ਵਿਕਰੀ ਦਾ ਪਹਿਲਾਂ ਹੀ ਇਸ਼ਤਿਆਰ ਦਿੱਤਾ ਜਾਂਦਾ ਸੀ ਅਤੇ ਖਰੀਦਦਾਰ ਦਾ ਪਹਿਲਾਂ ਤੋਂ ਪ੍ਰਬੰਧ ਕੀਤਾ ਜਾਂਦਾ ਸੀ। ਇਹ ਵਿਕਰੀ ਸਿਰਫ਼ ਪ੍ਰਤੀਕਾਤਮਕ ਵਿਛੋੜੇ ਦਾ ਇੱਕ ਰੂਪ ਸੀ। ਪਤਨੀ ਵੇਚਣ ਦੇ ਪਹਿਲੇ ਰਿਪੋਰਟ ਕੀਤੇ ਗਏ ਮਾਮਲਿਆਂ ਵਿਚੋਂ ਇੱਕ 1733 ਵਿਚ ਬਰਮਿੰਘਮ ਵਿਖੇ ਵਾਪਰਿਆ ਸੀ, ਜਿੱਥੇ ਸੈਮੂਅਲ ਵਾਈਟਹਾਊਸ ਨਾਮੀ ਪਤੀ ਨੇ ਆਪਣੀ ਪਤਨੀ, ਮੈਰੀ ਵਾਈਟਹਾਊਸ ਨੂੰ ਖੁੱਲ੍ਹੇ ਬਾਜ਼ਾਰ ਵਿਚ ਥਾਮਸ ਗ੍ਰਿਫਿਥਸ ਨੂੰ ਲਗਭਗ ਇੱਕ ਅੰਗਰੇਜ਼ੀ ਪੌਂਡ ਵਿਚ ਵੇਚ ਦਿੱਤਾ ਸੀ।

ਪੁਰਾਤਨ ਸਮੇਂ ਵੈਸੇ ਤਾਂ ਲੋਕ ਸਿਰਫ਼ ਇੱਕ ਦੂਜੇ ਨੂੰ ਛੱਡ ਵੀ ਸਕਦੇ ਸਨ, ਪਰ ਇੱਕ ਚਾਲੂ ਔਰਤ ਜੋ ਦੂਜੇ ਲੋਕਾਂ ਨਾਲ ਸਬੰਧਾਂ ਵਿਚ ਉਲਝੀ ਹੁੰਦੀ ਸੀ, ਆਪਣੇ ਪਿਛਲੇ ਪਤੀ ਦੁਆਰਾ ਆਪਣੇ ਨਵੇਂ ਪ੍ਰੇਮੀਆਂ ਨੂੰ ਤੰਗ ਕਰਨ ਤੋਂ ਬਚਾਉਣ ਲਈ ਵੀ ਇਸ ਪ੍ਰਕਿਰਿਆ ਵਿਚੋਂ ਗੁਜ਼ਰਦੀ ਸੀ। ਨਵੇਂ ਮਰਦ ਤੋਂ ਪੁਰਾਣੇ ਨੂੰ ਕੁਝ ਪੈਸੇ ਦਿਵਾਕੇ ਇੰਝ ਉਹ ਆਪਣੇ ਲਈ ਭਵਿੱਖ ਵਿਚ ਪੈਦਾ ਹੋਣ ਵਾਲੇ ਕਈ ਮਸਲੇ ਨਿਬੇੜ ਲੈਂਦੀ ਸੀ। ਕਾਨੂੰਨੀ ਤੌਰ 'ਤੇ ਉਸਦਾ ਪਤੀ ਇਹ ਮੰਗ ਕਰ ਸਕਦਾ ਹੈ ਕਿ ਉਸਦੀ ਪਤਨੀ ਦਾ ਪ੍ਰੇਮੀ ਉਸਨੂੰ ਉਸਦੀ ਪਤਨੀ ਨਾਲ ਜਿਣਸੀ ਸੰਬੰਧ ਬਣਾਉਣ ਲਈ ਵੱਡੀ ਰਕਮ ਅਦਾ ਕਰੇ, (ਇੱਕ ਅਧਿਕਾਰ ਜਿਸਦੀ ਉਸਨੂੰ ਘਾਟ ਸੀ) ਕਿਉਂਕਿ ਅਦਾਲਤਾਂ ਨੇ ਪਤਨੀਆਂ ਨੂੰ ਆਪਣੇ ਪਤੀਆਂ 'ਤੇ ਵਿਭਚਾਰ ਲਈ ਮੁਕੱਦਮਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਸੀ। ਪਤਨੀ ਦੀ ਵਿਕਰੀ ਉਸ ਜ਼ੋਖਮ ਨੂੰ ਦੂਰ ਕਰਨ ਦਾ ਇੱਕ ਤਰੀਕਾ ਸੀ।

1753 ਦੇ ਮੈਰਿਜ ਐਕਟ ਦੇ ਪਾਸ ਹੋਣ ਤੱਕ ਇੰਗਲੈਂਡ ਵਿਚ ਪਾਦਰੀਆਂ ਦੇ ਸਾਹਮਣੇ ਵਿਆਹ ਦੀ ਰਸਮੀ ਕਾਰਵਾਈ ਕਾਨੂੰਨੀ ਲੋੜ ਨਹੀਂ ਸੀ ਅਤੇ ਵਿਆਹ ਗੈਰ-ਰਜਿਸਟਰਡ ਸਨ। ਦੋਵਾਂ ਧਿਰਾਂ ਲਈ ਇੱਕਠੇ ਜੀਵਨ ਗੁਜ਼ਾਰਨ ਲਈ ਸਹਿਮਤ ਹੋਣ ਦੀ ਲੋੜ ਸੀ, ਬਾਸ਼ਰਤ ਹਰੇਕ ਸਹਿਮਤੀ ਧਿਰ ਕਾਨੂੰਨੀ ਉਮਰ ਤੱਕ ਪਹੁੰਚ ਗਈ ਹੋਵੇ, ਜੋ ਕਿ ਲੜਕੀਆਂ ਲਈ 12 ਸਾਲ ਅਤੇ ਲੜਕਿਆਂ ਲਈ 14 ਸਾਲ ਸੀ। ਵਿਆਹ ਤੋਂ ਬਾਅਦ ਔਰਤਾਂ ਪੂਰੀ ਤਰ੍ਹਾਂ ਆਪਣੇ ਪਤੀਆਂ ਦੇ ਅਧੀਨ ਹੋ ਜਾਂਦੀਆਂ ਸਨ। ਪਤੀ ਅਤੇ ਪਤਨੀ ਇੱਕ ਕਾਨੂੰਨੀ ਹਸਤੀ ਬਣ ਜਾਂਦੇ ਸਨ, ਇੱਕ ਕਾਨੂੰਨੀ ਸਥਿਤੀ ਜਿਸ ਨੂੰ ਸੁਰੱਖਿਆ ਕਵਚ (**coverture-the legal status of a married woman, considered to be under her husband's protection and authority.**) ਕਿਹਾ ਜਾਂਦਾ ਸੀ। ਜਿਵੇਂ ਕਿ ਉੱਘੇ ਅੰਗਰੇਜ਼ ਜੱਜ ਸਰ ਵਿਲੀਅਮ ਬਲੈਕਸਟੋਨ ਨੇ 1753 ਵਿਚ ਲਿਖਿਆ ਸੀ, "ਔਰਤ ਦੀ ਹੋਂਦ ਜਾਂ ਕਾਨੂੰਨੀ ਹੋਂਦ, ਵਿਆਹ ਦੇ ਦੌਰਾਨ ਮੁਅੱਤਲ ਕਰ ਦਿੱਤੀ ਜਾਂਦੀ ਹੈ, ਜਾਂ ਘੱਟੋ-ਘੱਟ ਉਸਦੇ ਪਤੀ ਵਿਚ ਇੱਕਤਰ ਅਤੇ ਸ਼ਾਮਲ ਕੀਤੀ ਜਾਂਦੀ ਹੈ: ਜਿਸਦੇ ਖੰਭ ਹੇਠ, ਸੁਰੱਖਿਆ ਅਤੇ ਸੁੱਖਾਂ ਦਾ ਕਵਚ ਉਹ ਮਾਣਦੀ ਹੈ।"

ਵਰਣਨਯੋਗ ਹੈ ਕਿ ਉਦੋਂ ਇੰਗਲੈਂਡ ਵਿਚ ਵਿਆਹੀਆਂ ਔਰਤਾਂ ਆਪਣੇ ਨਾਮ ਜਾਇਦਾਦ ਨਹੀਂ ਰੱਖ ਸਕਦੀਆਂ ਸਨ ਕਿਉਂਕਿ ਅਸਲ ਵਿਚ ਉਹ ਆਪਣੇ ਪਤੀਆਂ ਦੀ ਜਾਇਦਾਦ ਹੁੰਦੀਆਂ ਸਨ। ਪਰ ਬਲੈਕਸਟੋਨ ਨੇ ਅੱਗੇ ਕਿਹਾ ਸੀ, "ਇੱਥੋਂ ਤੱਕ ਕਿ ਪਤਨੀ ਜਿਸ ਅਪਾਹਜਤਾ ਦੇ ਅਧੀਨ ਹੈ, ਉਹ ਵੀ ਜ਼ਿਆਦਾਤਰ ਹਿੱਸੇ ਲਈ ਉਸਦੀ ਸੁਰੱਖਿਆ ਅਤੇ ਲਾਭ ਲਈ ਹੈ। ਇੰਗਲੈਂਡ ਦੇ ਕਾਨੂੰਨਾਂ ਵਿਚ ਇਸਤਰੀ ਲਿੰਗ ਦਾ ਬਹੁਤ ਖਿਆਲ ਰੱਖਿਆ ਜਾਂਦਾ ਹੈ।"

ਅਜਿਹੇ ਮਾਮਲੇ ਵੀ ਸਨ, ਜਿੱਥੇ ਪਤਨੀ ਖੁਦ ਕਈ ਵਾਰੀ ਪਤੀ ਨੂੰ ਆਪਣੀ ਵਿਕਰੀ ਲਈ ਜ਼ੋਰ ਪਾਉਂਦੀ ਹੁੰਦੀ ਸੀ ਅਤੇ ਬਹੁਤ ਸਾਰੀਆਂ ਨਾਖੁਸ਼ ਔਰਤਾਂ ਲਈ ਵਿਆਹ ਤੋਂ ਬਾਹਰ ਨਿਕਲਣ ਦਾ ਇਹ ਇੱਕ ਮਾਤਰ ਰਸਤਾ ਹੁੰਦਾ ਸੀ। ਕਾਮੀ ਅਤੇ ਬਦਚਲਣ ਔਰਤਾਂ ਲਈ ਤਾਂ ਇਹ ਰੀਤ ਇੱਕ ਤਰ੍ਹਾਂ ਦਾ ਵਰਦਾਨ ਸੀ। ਵੈਲਣ ਤੀਵੀਆਂ ਆਪਣੇ ਕਿਸੇ ਯਾਰ ਨੂੰ ਆਪਣੀ ਖਰੀਦ ਲਈ ਉਕਸਾ ਲੈਂਦੀਆਂ ਸਨ ਤੇ ਪਤੀ ਤੋਂ ਖਹਿੜਾ ਛੁਡਾਉਣ ਬਾਅਦ ਆਪਹੁਦਰੀਆਂ ਹੋ ਕੇ ਜੀਵਨ ਬਤੀਤ ਕਰਿਆ ਕਰਦੀਆਂ ਸਨ। ਦੂਜੇ ਪਾਸੇ ਲੋੜਵੰਦ ਛੜੇ, ਰੰਡੇ ਅਤੇ ਮੁਸ਼ਟੰਡੇ ਕਈ ਵਾਰ ਹੋਰਾਂ ਨਾਲ ਹਿੱਸਾ ਪਾ ਕੇ ਵੀ ਵਿਕਾਊ ਪਤਨੀਆਂ ਖਰੀਦ ਲੈਂਦੇ ਸਨ ਤੇ ਆਪਣੀ ਰੋਟੀ ਪੱਕਦੀ ਕਰ ਲਿਆ ਕਰਦੇ ਸਨ।

ਪਤਨੀਆਂ ਦੀ ਵਿਕਰੀ 1820 ਅਤੇ 1830 ਦੇ ਦਹਾਕੇ ਵਿਚ ਉੱਚ ਪੱਧਰ 'ਤੇ ਪਹੁੰਚ ਗਈ ਸੀ ਅਤੇ ਪਤੀ ਜੋ ਆਪਣੀਆਂ ਪਤਨੀਆਂ ਨੂੰ ਵੇਚਣਾ ਚਾਹੁੰਦੇ ਸਨ, ਬਹੁਤ ਜ਼ਿਆਦਾ ਸਮਾਜਿਕ ਦਬਾਅ ਹੇਠ ਆ ਗਏ ਸਨ। ਅਖ਼ਬਾਰਾਂ ਦੀ ਪ੍ਰਸਿੱਧੀ ਵਿਚ ਵਾਧਾ ਹੋਣ ਦੇ ਨਾਲ 18ਵੀਂ ਸਦੀ ਦੇ ਦੂਜੇ ਅੱਧ ਵਿਚ ਪਤਨੀ ਵਿਕਰੀ ਦੇ ਅਭਿਆਸ ਦੀਆਂ ਰਿਪੋਰਟਾਂ ਵਧੇਰੇ ਨਸ਼ਰ ਹੋਣ ਲੱਗੀਆਂ ਸਨ। ਧਰਮ ਦੇ ਠੇਕੇਦਾਰਾਂ ਨੇ ਇਸ ਰੀਤ ਦੀ ਮੁਖਾਲਫਤ ਵਿਚ ਲਾਂਗੜ ਚੁੱਕ ਲਏ ਸਨ। ਇੰਝ ਇਹ ਪ੍ਰਥਾ ਕਾਫੀ ਹੱਦ ਤੱਕ ਘੱਟ ਗਈ ਸੀ। ਇਸਦਾ ਮਤਲਬ ਇਹ ਨਹੀਂ ਸੀ ਕਿ ਇਹ ਰੀਤ ਪੂਰਨ ਤੌਰ 'ਤੇ ਬੰਦ ਹੋ ਗਈ ਸੀ ਜਾਂ ਪਤਨੀ ਨੂੰ ਵੇਚਣ ਦੇ ਕੋਈ ਹੋਰ ਮਾਮਲੇ ਨਹੀਂ ਸਨ। ਉਸ ਤੋਂ ਬਾਅਦ 1913 ਵਿਚ ਇੱਕ ਹੋਰ ਮਾਮਲਾ ਬੜਾ ਚਰਚਿਤ ਰਿਹਾ ਸੀ, ਜਦੋਂ ਇੱਕ ਔਰਤ ਨੇ ਦਾਅਵਾ ਕੀਤਾ ਸੀ ਕਿ ਉਸਦੇ ਪਤੀ ਨੇ ਉਸਨੂੰ ਕੇਵਲ ਦੋ ਸ਼ੀਲਿੰਗਾਂ (ਇੱਕ ਪੌਂਡ) ਵਿਚ ਆਪਣੇ ਇੱਕ ਮਿੱਤਰ ਨੂੰ ਵੇਚ ਦਿੱਤਾ ਸੀ।

ਕਈ ਵਾਰ ਪੈਸੇ ਦੀ ਲੋੜ ਜਾਂ ਕਰਜ਼ਾ ਮੋੜਨ ਲਈ ਵੀ ਪਤੀ ਆਪਣੀ ਪਤਨੀ ਨੂੰ ਸਭ ਤੋਂ ਵੱਧ ਬੋਲੀ ਲਗਾਉਣ ਵਾਲੇ ਨੂੰ ਵੇਚ ਦਿੰਦਾ ਸੀ। ਜ਼ਿਆਦਾਤਰ ਕੇਸਾਂ ਵਿਚ ਪਤਨੀ ਨੂੰ ਉਸਨੂੰ ਚਾਹੁਣ ਵਾਲਾ ਆਸ਼ਿਕ ਮਰਦ ਹੀ ਬੋਲੀ ਦੇ ਕੇ ਖਰੀਦਿਆ ਕਰਦਾ ਸੀ। ਜੇਕਰ ਕੋਈ ਮਨੋਨੀਤ ਖਰੀਦਦਾਰ ਨਹੀਂ ਹੁੰਦਾ ਸੀ, ਤਾਂ ਮਰਦ ਆਪਣੀ ਪਤਨੀ ਨੂੰ ਦੱਸੇ ਬਿਨਾਂ ਪਤਨੀ ਦੀ ਵਿਕਰੀ ਦੀ ਘੋਸ਼ਣਾ ਕਰ ਸਕਦੇ ਸਨ ਅਤੇ ਉਸ 'ਤੇ ਕੁੱਲ ਅਜਨਬੀਆਂ ਦੁਆਰਾ ਬੋਲੀ ਲਗਾਈ ਜਾ ਸਕਦੀ ਸੀ। ਪਰ ਔਰਤਾਂ ਨੂੰ ਵਿਕਣ ਲਈ ਸਹਿਮਤ ਹੋਣਾ ਪੈਂਦਾ ਸੀ। ਅਜਿਹਾ ਲੱਗਦਾ ਹੈ ਕਿ ਪਤਨੀ ਦੀ ਵਿਕਰੀ ਦੌਰਾਨ ਔਰਤ ਨੂੰ ਨੁਕਸਾਨ ਹੋਇਆ ਸੀ, ਪਰ ਅਜਿਹਾ ਹਮੇਸ਼ਾ ਨਹੀਂ ਹੁੰਦਾ ਸੀ। ਕਿਉਂਕਿ ਉਹ ਅਜੇ ਵੀ ਕਾਨੂੰਨ ਦੇ ਅਧੀਨ ਆਪਣੇ ਪਹਿਲੇ ਪਤੀ ਨਾਲ ਵਿਆਹੀ ਹੋਈ ਹੁੰਦੀ ਸੀ, ਉਹ ਤਕਨੀਕੀ ਤੌਰ 'ਤੇ ਉਸ ਦੀਆਂ ਸਾਰੀਆਂ ਜਾਇਦਾਦਾਂ ਦਾ ਹੱਕਦਾਰ ਸੀ (ਉਸ ਸਮੇਂ, ਵਿਆਹੀਆਂ ਔਰਤਾਂ ਦੀ ਜਾਇਦਾਦ ਸਭ ਉਨ੍ਹਾਂ ਦੇ ਪਤੀਆਂ ਦੀ ਸੀ)। ਵਿਕਰੀ ਦੇ ਜਨਤਕ ਸੁਭਾਅ ਨੇ ਹਾਲਾਂਕਿ ਸਭ ਨੂੰ ਇਹ ਸਪੱਸ਼ਟ ਕਰ ਦਿੱਤਾ ਹੁੰਦਾ ਸੀ ਕਿ ਵਿਕਰੇਤਾ ਨੇ ਆਪਣੀ ਸਾਬਕਾ ਪਤਨੀ ਦੀਆਂ ਜਾਇਦਾਦਾਂ 'ਤੇ ਆਪਣਾ ਹੱਕ ਛੱਡ ਦਿੱਤਾ ਹੈ। ਇੰਝ ਔਰਤ ਆਪਣੇ ਨਵੇਂ ਪ੍ਰੇਮੀ ਨੂੰ ਉਸਦੇ ਪਹਿਲੇ ਪਤੀ ਦੁਆਰਾ ਮੁਕੱਦਮਾ ਕਰਨ ਤੋਂ ਵੀ ਬਚਾ ਲੈਂਦੀ ਸੀ। ਇਸ ਬਾਰੇ ਕਾਨੂੰਨੀ ਵਿਦਵਾਨ ਜੂਲੀ ਸੀ. ਸੂਕ ਲਿੱਖਦੀ ਹੈ, "ਵਿਕਰੀ ਰਾਹੀਂ, ਪਹਿਲੇ ਪਤੀ ਨੇ ਪਤਨੀ ਦੇ ਪ੍ਰੇਮੀ ਤੋਂ ਅਪਰਾਧਿਕ ਕੇਸ ਲਈ ਕਾਰਵਾਈ ਨਾ ਕਰਨ ਤੇ ਸਿਵਲ ਮੁਕੱਦਮੇ ਨੂੰ ਛੱਡਣ ਦੇ ਬਦਲੇ ਰਿਸ਼ਵਤ ਲਈ।"

ਅੰਗਰੇਜ਼ੀ ਇਤਿਹਾਸ ਦੇ ਸ਼ੁਰੂਆਤੀ ਆਧੁਨਿਕ ਦੌਰ ਵਿਚ ਵਿਆਹ ਨੂੰ ਤੋੜਨ ਦੇ ਪੰਜ ਵੱਖਰੇ ਤਰੀਕੇ ਮੌਜੂਦ ਸਨ:-

ਪਹਿਲਾ, ਵਿਭਚਾਰ ਜਾਂ ਜਾਨਲੇਵਾ ਬੇਰਹਿਮੀ ਦੇ ਆਧਾਰ 'ਤੇ ਬਿਸਤਰੇ ਅਤੇ ਬੋਰਡ (ਇੱਕ ਮੇਨਸਾ ਐਟ ਥੋਰੋ) ਤੋਂ ਵੱਖ ਹੋਣ ਲਈ ਚਰਚ ਦੀਆਂ ਅਦਾਲਤਾਂ ਵਿਚ ਮੁਕੱਦਮਾ ਕਰਨਾ ਸੀ, ਪਰ ਇਸ ਵਿਚ ਦੁਬਾਰਾ ਵਿਆਹ ਦੀ ਇਜਾਜ਼ਤ ਨਹੀਂ ਸੀ।

ਦੂਜਾ, ਅਦਾਲਤੀ ਤਲਾਕ 1550 ਦੇ ਦਹਾਕੇ ਤੋਂ 1857 ਵਿਚ ਮੈਟਰੀਮੋਨੀਅਲ ਕਾਜ਼ ਐਕਟ ਦੇ ਕਾਨੂੰਨ ਬਣਨ ਤੱਕ, ਇੰਗਲੈਂਡ ਵਿਚ ਤਲਾਕ ਕੇਵਲ ਤਾਂ ਹੀ ਸੰਭਵ ਸੀ, ਜੇ ਕਿਸੇ ਵੀ ਤਰ੍ਹਾਂ ਪਾਰਲੀਮੈਂਟ ਦੇ ਇੱਕ ਨਿੱਜੀ ਐਕਟ ਦੀ ਗੁੰਝਲਦਾਰ ਅਤੇ ਮਹਿੰਗੀ ਪ੍ਰਕਿਰਿਆ ਵਿਚੋਂ ਗੁਜ਼ਰਿਆ ਜਾਵੇ। ਹਾਲਾਂਕਿ 1857 ਦੇ ਐਕਟ ਦੇ ਮੱਦੇਨਜ਼ਰ ਸਥਾਪਿਤ ਤਲਾਕ ਅਦਾਲਤਾਂ ਨੇ ਪ੍ਰਕਿਰਿਆ ਨੂੰ ਕਾਫ਼ੀ ਸਸਤਾ ਕਰ ਦਿੱਤਾ ਸੀ। ਫਿਰ ਵੀ ਸਮਾਜ ਦੇ ਗਰੀਬ ਮੈਂਬਰਾਂ ਲਈ ਤਲਾਕ ਪ੍ਰਤੀਬੰਧਿਤ ਤੌਰ 'ਤੇ ਮਹਿੰਗਾ ਸੀ।

ਤੀਜਾ, ਵਿਕਲਪ ਇੱਕ "ਨਿਜੀ ਵਿਛੋੜਾ" ਪ੍ਰਾਪਤ ਕਰਨਾ ਸੀ, ਇੱਕ ਸਮਝੌਤਾ ਜੋ ਦੋਨਾਂ ਪਤੀ-ਪਤਨੀ ਵਿਚਕਾਰ ਗੱਲਬਾਤ ਰਾਹੀਂ ਕੀਤਾ ਜਾਂਦਾ ਸੀ, ਜੋ ਕਿ ਇੱਕ ਵਿਚਲੇ ਦੁਆਰਾ ਤਿਆਰ ਕੀਤੇ ਗਏ ਵਿਛੋੜਾਨਾਮੇ ਨਾਲ ਹੁੰਦਾ ਸੀ।

ਚੌਥਾ ਤਿਆਗ ਜਾਂ ਭਗੌੜਾ ਵੀ ਸੰਭਵ ਸੀ, ਜਿਸ ਨਾਲ ਪਤਨੀ ਨੂੰ ਪਰਿਵਾਰਕ ਘਰ ਤੋਂ ਬਾਹਰ ਕੱਢ ਦਿੱਤਾ ਜਾਂਦਾ ਸੀ, ਜਾਂ ਪਤੀ ਨੇ ਆਪਣੀ ਮਾਲਕਣ ਨਾਲ ਨਵਾਂ ਘਰ ਸਥਾਪਤ ਕਰ ਲਿਆ ਹੁੰਦਾ ਸੀ।

ਪੰਜਵਾਂ, ਅੰਤ ਵਿਚ ਪਤਨੀ ਨੂੰ ਵੇਚਣ ਦੀ ਪ੍ਰਸਿੱਧ ਧਾਰਨਾ ਇੱਕ ਵਿਆਹ ਨੂੰ ਖਤਮ ਕਰਨ ਦਾ ਇੱਕ ਵਿਕਲਪਕ ਪਰ ਗੈਰ-ਕਾਨੂੰਨੀ ਤਰੀਕਾ ਸੀ।

ਔਰਤਾਂ ਦਾ ਆਦਰ ਕਰਨ ਵਾਲੇ ਕਾਨੂੰਨ, ਜਿਵੇਂ ਕਿ ਕੁਦਰਤੀ ਅਧਿਕਾਰਾਂ ਨੂੰ ਧਿਆਨ ਵਿਚ ਰੱਖਦੇ ਹਨ, ਨੇ ਦੇਖਿਆ ਕਿ ਗਰੀਬਾਂ ਲਈ ਪਤਨੀ ਵੇਚਣ ਨੂੰ "ਵਿਆਹ ਨੂੰ ਭੰਗ ਕਰਨ ਦੇ ਢੰਗ" ਵਜੋਂ ਦੇਖਿਆ ਜਾਂਦਾ ਸੀ।

ਪਤਨੀ ਦੀ ਵਿਕਰੀ ਨੂੰ ਹੋਰ ਡੂੰਘਾਈ ਨਾਲ ਸਮਝਣ ਲਈ, ਸਾਨੂੰ ਇਹ ਯਾਦ ਰੱਖਣ ਦੀ ਲੋੜ ਹੈ ਕਿ ਪਤੀ ਨੂੰ ਨਾ ਸਿਰਫ਼ ਆਪਣੀ ਪਤਨੀ ਦਾ ਰਖਵਾਲਾ ਅਤੇ ਪ੍ਰਦਾਤਾ ਮੰਨਿਆ ਜਾਂਦਾ ਸੀ, ਸਗੋਂ ਉਸਦਾ ਮਾਲਕ ਵੀ ਸੀ। ਇਸ ਲਈ ਉਸਨੂੰ ਵੇਚਣ ਦਾ ਅਧਿਕਾਰ ਹੋਣ ਦੇ ਤੌਰ 'ਤੇ ਦੇਖਿਆ ਗਿਆ ਸੀ, ਜਿਵੇਂ ਕਿ ਉਸ ਕੋਲ ਕੋਈ ਕਬਜ਼ਾ ਸੀ। ਕਾਨੂੰਨ ਪਤਨੀ-ਵੇਚਣ ਦਾ ਸਮਰਥਨ ਨਹੀਂ ਕਰਦਾ ਸੀ, ਪਰ ਦੂਜੇ ਅਰਥਾਂ ਵਿਚ ਇਸਨੇ ਪਤਨੀ ਨੂੰ ਪਤੀ ਦੀ ਮਲਕੀਅਤ ਵਜੋਂ ਪਰਿਭਾਸ਼ਤ ਕੀਤਾ ਸੀ। ਵਿਆਹ ਨਾਲ ਜੋ ਕੁਝ ਪਤਨੀ ਦਾ ਸੀ, ਉਹ ਪਤੀ ਦਾ ਬਣ ਜਾਂਦਾ ਸੀ। ਇੱਕ ਨਾਖੁਸ਼ ਵਿਆਹੇ ਜੋੜੇ ਲਈ, ਪਤਨੀ-ਵਿਕਰੀ ਨੇ ਦੁਬਿਧਾ ਤੋਂ ਬਾਹਰ ਨਿਕਲਣ ਦਾ ਰਸਤਾ ਪ੍ਰਦਾਨ ਕੀਤਾ ਸੀ। ਇਹ ਨਿਸ਼ਚਤ ਤੌਰ 'ਤੇ ਪਤੀ ਦੁਆਰਾ ਔਰਤ ਨੂੰ ਛੱਡਣ ਨਾਲੋਂ ਵਧੇਰੇ ਸਨਮਾਨਯੋਗ ਸੀ, ਜਿਵੇਂ ਕਿ ਬਹੁਤ ਸਾਰੇ ਕਰਦੇ ਸਨ ਅਤੇ ਕਈ ਵਾਰ ਮੁਕੱਦਮਾ ਚਲਾਇਆ ਜਾਂਦਾ ਸੀ।

ਉਸ ਸਮੇਂ ਦੇ ਕਈ ਦੁੱਖੀ ਪਤੀ ਇਸ ਪ੍ਰਥਾ ਦੀ ਪ੍ਰੈਵਾਈ ਕਰਦੇ ਹੋਏ ਆਖਦੇ ਹਨ, "ਧੋਖੇਬਾਜ਼ ਜਾਂ ਬਦਚਲਨ ਪਤਨੀ ਨਾਲ ਗਾਂ ਵਾਂਗ ਵਿਹਾਰ ਕਰਨਾ... ਇੱਥੋਂ ਤੱਕ ਕਿ ਜਨਤਕ ਤੌਰ 'ਤੇ ਉਸ ਦੇ ਭਾਰ ਦਾ ਐਲਾਨ ਕਰਨਾ ਅਤੇ ਉਸਨੂੰ ਖੇਤ ਦੇ ਜਾਨਵਰਾਂ ਵਾਂਗ ਬਦਲਣਾ... ਆਦਿਕ ਨੇ ਕਈ ਦੁੱਖੀ ਪਤੀਆਂ ਨੂੰ ਸੰਤੁਸ਼ਟ ਕੀਤਾ ਸੀ। ਇੰਗਲੈਂਡ ਵਿਚ ਪਤਨੀ ਵੇਚਣਾ ਇੱਕ ਅਸੰਤੁਸ਼ਟੀਜਨਕ ਵਿਆਹ ਨੂੰ ਖਤਮ ਕਰਨ ਦਾ ਇੱਕ ਤਰੀਕਾ ਸੀ।"


1832 ਵਿਚ ਜੋਸਫ਼ ਥੌਮਸਨ ਨਾਮੀ ਇੱਕ ਵਿਅਕਤੀ ਨੇ ਕਥਿਤ ਤੌਰ 'ਤੇ ਆਪਣੀ ਪਤਨੀ ਨੂੰ ਵੇਚਣ ਵੇਲੇ ਉਸਦੇ ਮਾੜੇ ਗੁਣਾਂ ਨੂੰ ਸੂਚੀਬੱਧ ਕਰਦਿਆਂ ਆਪਣੇ ਖਰੀਦਦਾਰਾਂ ਨੂੰ ਸਲਾਹ ਦਿੱਤੀ ਸੀ, "ਤੁਸੀਂ "ਜੀਉਂਦੀ ਸੱਪਣੀ, ਪਾਗਲ ਕੁੱਤੀ, ਗਰਜਦੀ ਸ਼ੇਰਨੀ, ਭਰਿਆ ਹੋਇਆ ਪਿਸਤੌਲ, ਹੈਜ਼ਾ ਵਰਗੀਆਂ ਬਿਮਾਰੀਆਂ ਯਾਨੀ ਮੇਰੀ ਪਤਨੀ ਤੋਂ ਬਚ ਸਕਦੇ ਹੋ, ਤਾਂ ਬਚ ਜਾਉ।" ਫਿਰ ਉਸਨੇ ਉਸਦੇ ਗੁਣਾਂ ਦਾ ਵਰਣਨ ਵੀ ਕੀਤਾ ਸੀ। ਜਿਸ ਵਿਚ ਗਾਵਾਂ ਦਾ ਦੁੱਧ ਚੋਣ, ਗਾਉਣ ਅਤੇ ਦਾਰੂ ਪੀਣ ਸਮੇਂ ਸਾਕੀ ਵਾਲੀ ਸੇਵਾ ਕਰਨ ਦੀ ਯੋਗਤਾ ਸ਼ਾਮਲ ਸੀ। ਇਸ ਲਈ, ਮੈਂ ਇੱਥੇ ਉਸ ਦੀਆਂ ਸਾਰੀਆਂ ਸੰਪੂਰਨਤਾਵਾਂ ਅਤੇ ਅਪੂਰਣਤਾਵਾਂ ਦੇ ਨਾਲ ਪੰਜ ਸ਼ਿਲਿੰਗਾਂ ਬਦਲੇ ਪੇਸ਼ ਕਰਦਾ ਹਾਂ।"

■ ਬਾਕੀ ਅਗਲੇ ਅੰਕ 'ਚ

# ਗੁਰਭਜਨ ਗਿੱਲ ਦਾ 'ਅੱਖ਼ਰ ਅੱਖ਼ਰ' ਗ਼ਜ਼ਲ ਸੰਗ੍ਰਹਿ : ਸਾਹਿਤ ਤੇ ਸੰਗੀਤ ਦਾ ਸਮੁੰਦਰ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA








**ਗ਼ਜ਼ਲਾਂ ਪ੍ਰਦੂਸ਼ਣ ਰਹਿਤ ਵਾਤਵਰਨ ਦੀ ਪ੍ਰੋੜ੍ਹਤਾ ਕਰਦੀਆਂ ਹਨ: 'ਧਰਤ ਹਵਾ ਤੇ ਗੰਧਲੇ ਪਾਣੀ, ਇਸ ਤੋਂ ਵੱਧ ਧਰੋਹ ਨਾ ਹੋਵੇ'। ਮਨੁੱਖੀ ਜੀਵਨ ਨੂੰ ਸੁਖਮਈ ਤੇ ਇਨਸਾਨੀਅਤ ਦੀ ਸਿਹਤ ਲਈ ਸਾਰਥਿਕ ਬਣਾਉਣ ਲਈ ਹਵਾ, ਪਾਣੀ ਅਤੇ ਰੁੱਖਾਂ ਦੀ ਅਤਿਅੰਤ ਜ਼ਰੂਰਤ ਮਹਿਸੂਸ ਕਰਦਿਆਂ ਗ਼ਜ਼ਲਕਾਰ ਨੇ ਆਪਣੀਆਂ ਗ਼ਜ਼ਲਾਂ ਵਿਚ ਇਨ੍ਹਾਂ ਤਿੰਨਾਂ ਦੀ ਮਹੱਤਤਾ ਨੂੰ ਸਮਝਣ ਦੀ ਲੋੜ ਦਾ ਅਹਿਸਾਸ ਕਰਵਾਇਆ ਹੈ। ਇਨ੍ਹਾਂ ਤਿੰਨਾਂ ਨੂੰ ਗੁਰਬਾਣੀ ਵਿਚ ਮਹੱਤਤਾ ਦਿੱਤੀ ਗਈ ਹੈ।**

ਮੀਂਹ ਪੈਣ ਤੋਂ ਬਾਅਦ ਅਸਮਾਨ ਵਿਚ ਸਤਰੰਗੀ ਪੀਂਘ ਸੁਹਾਵਣਾ, ਮਨਮੋਹਕ ਤੇ ਦਿਲਕਸ਼ ਸੀਨ ਪੈਦਾ ਕਰਦੀ ਹੈ, ਬਿਲਕੁਲ ਉਸੇ ਤਰ੍ਹਾਂ ਗੁਰਭਜਨ ਗਿੱਲ ਦੀਆਂ ਗ਼ਜ਼ਲਾਂ ਦੇ ਸ਼ਿਅਰ ਸਤਰੰਗੀ ਕਿਰਨਾਂ ਦੀ ਰੌਸ਼ਨੀ ਪੈਦਾ ਕਰਦੀਆਂ ਹੋਈਆਂ ਪਾਠਕਾਂ ਦੇ ਮਨਾਂ ਨੂੰ ਰੁਸ਼ਨਾ ਜਾਂਦੀਆਂ ਹਨ। ਮਨ ਬਾਗੋ-ਬਾਗ ਹੋ ਜਾਂਦਾ ਹੈ। ਗ਼ਜ਼ਲਾਂ ਪੜ੍ਹਦਿਆਂ ਪਾਠਕ ਵਿਸਮਾਦੀ ਹਾਲਤ ਵਿਚ ਪਹੁੰਚ ਜਾਂਦਾ ਹੈ। ਗੁਰਭਜਨ ਗਿੱਲ ਦੀਆਂ ਗ਼ਜ਼ਲਾਂ ਇਨਸਾਨੀ ਮਨਾਂ 'ਤੇ ਅਜਿਹਾ ਜਾਦੂਮਈ ਪ੍ਰਭਾਵ ਛੱਡਦੀਆਂ ਹਨ ਕਿ ਉਨ੍ਹਾਂ ਨੂੰ ਸਰਸ਼ਾਰ ਕਰ ਦਿੰਦੀਆਂ ਹਨ। ਗ਼ਜ਼ਲਾਂ ਪਾਠਕਾਂ ਨੂੰ ਸਾਹਿਤਕ ਚਾਨਣ ਦੀਆਂ ਤਰੰਗਾਂ ਦੇ ਵਹਿਣ ਵਿਚ ਗੋਤੇ ਮਾਰਨ ਲਈ ਮਜਬੂਰ ਕਰ ਦਿੰਦੀਆਂ ਹਨ। ਗੁਰਭਜਨ ਗਿੱਲ ਪੰਜਾਬੀ ਦਾ ਬਹੁ-ਪੱਖੀ, ਬਹੁ-ਪਰਤੀ ਅਤੇ ਬਹੁ-ਦਿਸ਼ਾਵੀ ਸਰਬਾਂਗੀ ਸਾਹਿਤਕਾਰ ਹੈ। ਉਸ ਦੀਆਂ ਗ਼ਜ਼ਲਾਂ, ਕਵਿਤਾਵਾਂ, ਗੀਤ ਅਤੇ ਰੁਬਾਈਆਂ ਇਸ਼ਕ-ਮੁਸ਼ਕ ਦੇ ਰੁਮਾਂਸਵਾਦੀ ਦ੍ਰਿਸ਼ਟੀਕੋਣ ਤੋਂ ਕੋਹਾਂ ਦੂਰ ਹੁੰਦੀਆਂ ਹਨ। ਪ੍ਰੰਤੂ ਸਾਫ਼-ਸੁਥਰੀ ਮੁਹੱਬਤ ਦੀ ਅਜਿਹੀ ਬਾਤ ਪਾਉਂਦੀਆਂ ਹਨ, ਜਿਹੜੀ ਪਾਠਕਾਂ ਨੂੰ ਸਮਾਜਿਕ ਸਥਿਤੀਆਂ ਨਾਲ ਨਿਪਟਣ ਲਈ ਪ੍ਰੇਰਤ ਕਰਦੀ ਹੈ। ਉਹ ਸਮਾਜਿਕ, ਕਲਾਤਮਕ, ਸੰਗੀਤਕ ਅਤੇ ਸੁਹਜ ਸੁਆਦ ਦੀ ਪਿਉਂਦ ਵਾਲਾ ਸਾਹਿਤ ਰਚਦਾ ਹੈ, ਜਿਹੜਾ ਮਾਨਵਤਾ ਦੀ ਦੁਖਦੀ ਰਗ 'ਤੇ ਹੱਥ ਧਰਦਾ ਹੋਇਆ ਗੁੱਝੇ ਤੀਰ ਮਾਰਕੇ ਇਨਸਾਨੀ ਮਾਨਸਿਕਤਾ ਨੂੰ ਝੰਜੋੜਦਾ ਹੈ। ਆਮ ਤੌਰ 'ਤੇ ਗ਼ਜ਼ਲ ਨੂੰ ਇਸਤਰੀ ਲਿੰਗ ਕਿਹਾ ਜਾਂਦਾ ਹੈ ਕਿਉਂਕਿ ਹੁਣ ਤੱਕ ਗ਼ਜ਼ਲ ਇਸਤਰੀ ਤੇ ਰੁਮਾਂਸਵਾਦ ਦੇ ਆਲੇ-ਦੁਆਲੇ ਘੁੰਮਦੀ ਰਹੀ ਹੈ। ਪ੍ਰੰਤੂ ਗੁਰਭਜਨ ਗਿੱਲ ਨੇ ਇਸ ਸੰਕਲਪ ਨੂੰ ਵੀ ਦਰਕਿਨਾਰ ਕਰ ਦਿੱਤਾ ਹੈ। ਉਸ ਦੀਆਂ ਗ਼ਜ਼ਲਾਂ ਵਿਚ ਇਸ਼ਕ ਤੇ ਬ੍ਰਿਹਾ ਦਾ ਰੋਣਾ-ਧੋਣਾ ਨਹੀਂ, ਜਿਵੇਂ ਆਮ ਤੌਰ 'ਤੇ ਵੇਖਿਆ ਜਾਂਦਾ ਹੈ। ਉਸ ਨੇ ਗ਼ਜ਼ਲ ਨੂੰ ਲੋਕਾਈ ਦੇ ਦਰਦ ਦਾ ਪ੍ਰਗਟਾਵਾ ਕਰਨ ਤੇ ਦਰਦ ਦੂਰ ਕਰਨ ਵਾਲੀ ਸਾਬਤ ਕਰ ਦਿੱਤਾ ਹੈ। ਉਸ ਦੀਆਂ ਗ਼ਜ਼ਲਾਂ ਸਮਾਜਿਕ ਸਰੋਕਾਰਾਂ ਦੀ ਪ੍ਰਤੀਨਿਧਤਾ ਕਰਦੀਆਂ ਹਨ। ਲੋਕਾਈ ਦੀ ਚੰਗਿਆਈ ਅਤੇ ਇਨਸਾਨੀਅਤ ਦੀ ਰਹਿਨੁਮਾਈ ਉਸ ਦੀਆਂ ਗ਼ਜ਼ਲਾਂ ਦਾ ਮੁੱਖ ਵਿਸ਼ਾ ਹੁੰਦਾ ਹੈ। ਗ਼ਜ਼ਲਾਂ ਪ੍ਰਦੂਸ਼ਣ ਰਹਿਤ ਵਾਤਵਰਨ ਦੀ ਪ੍ਰੋੜ੍ਹਤਾ ਕਰਦੀਆਂ ਹਨ: 'ਧਰਤ ਹਵਾ ਤੇ ਗੰਧਲੇ ਪਾਣੀ, ਇਸ ਤੋਂ ਵੱਧ ਧਰੋਹ ਨਾ ਹੋਵੇ'। ਮਨੁੱਖੀ ਜੀਵਨ ਨੂੰ ਸੁਖਮਈ ਤੇ ਇਨਸਾਨੀਅਤ ਦੀ ਸਿਹਤ ਲਈ ਸਾਰਥਿਕ ਬਣਾਉਣ ਲਈ ਹਵਾ, ਪਾਣੀ ਅਤੇ ਰੁੱਖਾਂ ਦੀ ਅਤਿਅੰਤ ਜ਼ਰੂਰਤ ਮਹਿਸੂਸ ਕਰਦਿਆਂ ਗ਼ਜ਼ਲਕਾਰ ਨੇ ਆਪਣੀਆਂ ਗ਼ਜ਼ਲਾਂ ਵਿਚ ਇਨ੍ਹਾਂ ਤਿੰਨਾਂ ਦੀ ਮਹੱਤਤਾ ਨੂੰ ਸਮਝਣ ਦੀ ਲੋੜ ਦਾ ਅਹਿਸਾਸ ਕਰਵਾਇਆ ਹੈ। ਇਨ੍ਹਾਂ ਤਿੰਨਾਂ ਨੂੰ ਗੁਰਬਾਣੀ ਵਿਚ ਮਹੱਤਤਾ ਦਿੱਤੀ ਗਈ ਹੈ। ਰੁੱਖਾਂ ਦੀ ਕਟਾਈ ਸੰਬੰਧੀ ਦੋਹਰੇ ਮਾਪ ਦੰਡਾਂ ਬਾਰੇ ਲਿਖਦਾ ਹੈ:

ਤੇਰੇ ਹੱਥ ਕੁਹਾੜਾ, ਆਰੀ, ਹੁਣ ਤਾਂ ਪੁਛਣਾ ਬਣਦਾ ਹੈ,
ਤੂੰ ਤਾਂ ਸਾਨੂੰ ਇਹ ਕਹਿੰਦਾ ਸੀ, ਲੜਨਾ ਹੈ, ਗੁਲਜ਼ਾਰ ਲਈ।

ਗੁਰਭਜਨ ਗਿੱਲ ਆਪਣੀਆਂ ਗ਼ਜ਼ਲਾਂ ਵਿਚ ਪੰਜਾਬੀ ਸੱਭਿਆਚਾਰ ਵਿਚੋਂ ਸ਼ਬਦਾਵਲੀ ਵਰਤਦਾ ਹੈ, ਤਾਂ ਜੋ ਪੰਜਾਬੀ ਆਪਣੇ ਵਿਰਸੇ ਨਾਲ ਜੁੜੇ ਰਹਿਣ। ਗ਼ਜ਼ਲਾਂ ਦਿਹਾਤੀ ਸੱਭਿਆਚਾਰ ਦੀ ਸਾਦਗੀ, ਸ਼ਹਿਰੀ ਸੱਭਿਆਚਾਰ ਦੀ ਚੁਸਤੀ-ਚਲਾਕੀ, ਪਿੰਡਾਂ ਦੀਆਂ ਬੋਹੜਾਂ/ਪਿਪਲਾਂ ਦੀ ਛਾਂ ਹੇਠਲੀਆਂ ਸੱਥਾਂ ਅਤੇ ਆਪਸੀ ਭਾਈਚਾਰਕ ਸਾਂਝ ਦਾ ਵਰਣਨ ਕਰਦੀਆਂ ਹਨ। ਦੋ ਸ਼ਿਅਰ ਦਿਹਾਤੀ ਤੇ ਸ਼ਹਿਰੀ ਲੋਕਾਂ ਦੀ ਸਥਿਤੀ ਦਾ ਪ੍ਰਗਟਾਵਾ ਕਰਦੇ ਹਨ:

ਸਾਡੇ ਪਿੰਡ ਦੇ ਚਿਹਰੇ 'ਤੇ ਉਦਰੇਵਾਂ ਆ ਕੇ ਬੈਠ ਗਿਆ,
ਬੋਹੜਾਂ ਤੇ ਪਿਪਲਾਂ ਦੀ ਰੌਣਕ ਜਦ ਤੋਂ ਦਰਿਆ ਪਾਰ ਗਈ।
ਪਿੰਡਾਂ ਪੱਲੇ ਕੁਝ ਨਹੀਂ ਬਚਿਆ, ਫਿਰ ਵੀ ਜੱਫੀਆਂ ਪਾਉਂਦੇ, ਗਾਉਂਦੇ,
ਖਾਂਦਾ ਪੀਂਦਾ ਨਿੱਘਰ ਚੱਲਿਆ, ਤੇਰਾ ਸ਼ਹਿਰ ਉਦਾਸ ਕਿਉਂ ਹੈ ?

ਧਾਰਮਿਕ ਤੇ ਨਸਲੀ ਭੇਦਭਾਵ ਮਾਨਵਤਾ ਦੀ ਸਦਭਾਵਨਾ ਨੂੰ ਠੇਸ ਪਹੁੰਚਾਉਂਦੇ ਹਨ, ਗੁਰਭਜਨ ਗਿੱਲ ਨੇ ਲੋਕਾਂ ਨੂੰ ਆਪਣੀਆਂ ਗ਼ਜ਼ਲਾਂ ਰਾਹੀਂ ਕੱਟੜਤਾ ਤੋਂ ਲੋਕਾਈ ਨੂੰ ਪ੍ਰਹੇਜ਼ ਕਰਨ ਦੀ ਨਸੀਅਤ ਦਿੱਤੀ ਹੈ। ਸੰਕੀਰਣ ਸੋਚ ਇਨਸਾਨੀਅਤ ਦੀਆਂ ਕਦਰਾਂ-ਕੀਮਤਾਂ ਨੂੰ ਠੇਸ ਪਹੁੰਚਾਉਂਦੀ ਹੈ। ਉਸ ਦੀਆਂ ਗ਼ਜ਼ਲਾਂ ਸੰਕੀਰਣ ਸੋਚ ਤੋਂ ਖਹਿੜਾ ਛੁਡਾਉਣ ਦੀ ਗਵਾਹੀ ਭਰਦੀਆਂ ਹਨ। ਵਹਿਮਾਂ-ਭਰਮਾ, ਪਾਖੰਡਾਂ, ਅਡੰਬਰਾਂ, ਧੋਖ਼ੇ-ਫ਼ਰੇਬਾਂ, ਚੁਸਤੀਆਂ-ਚਲਾਕੀਆਂ ਅਤੇ ਵਿਸ਼ਵਾਸਘਾਤਾਂ ਨੂੰ ਆੜੇ ਹੱਥੀਂ ਲੈਂਦੀਆਂ ਹੋਈਆਂ, ਇਨ੍ਹਾਂ ਦੇ ਵਿਰੁੱਧ ਲਾਮਬੰਦ ਹੋਣ ਦੀ ਸਲਾਹ ਦਿੰਦੀਆਂ ਹਨ। ਧਰਮ ਦੀ ਥਾਂ ਧਾਰਮਿਕ ਪੁਜਾਰੀਆਂ ਨੇ ਸਾਂਭ ਲਈ ਹੈ, ਪੁਜਾਰੀ ਧਰਮ ਦੇ ਸਿਧਾਂਤਾਂ 'ਤੇ ਪਹਿਰਾ ਦੇਣ ਦੀ ਥਾਂ ਆਪਣੇ ਨਿੱਜੀ ਹਿੱਤਾਂ ਦੀ ਗੱਲ ਕਰਦੇ ਹਨ। ਧਰਮ ਵਿਚ ਪੁਜਾਰੀਵਾਦ ਭਾਰੂ ਹੋ ਗਿਆ ਹੈ, ਜਦੋਂ ਕਿ ਧਰਮ ਮੁੱਖ ਹੋਣਾ ਚਾਹੀਦਾ ਹੈ। ਗ਼ਜ਼ਲਕਾਰ ਦੀਆਂ ਗ਼ਜ਼ਲਾਂ ਅਜਿਹੀਆਂ ਕੁਰੀਤੀਆਂ ਦਾ ਡੱਟ ਕੇ ਵਿਰੋਧ ਕਰਦੀਆਂ ਹਨ। ਸਰਕਾਰਾਂ ਅਤੇ ਦਰਬਾਰਾਂ ਦੀਆਂ ਕਾਰਗੁਜ਼ਾਰੀਆਂ 'ਤੇ ਵੀ ਕਿੰਤੂ-ਪ੍ਰੰਤੂ ਕਰਦਾ ਹੈ। ਸਿਆਸਤਦਾਨ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡਦੇ ਹੋਏ ਭ੍ਰਿਸ਼ਟਾਚਾਰ ਵਰਗੀਆਂ ਅਲਾਮਤਾਂ ਨੂੰ ਬੜਾਵਾ ਦੇ ਰਹੇ ਹਨ। ਲੋਕ ਭਲਾਈ ਦੀ ਥਾਂ ਵੋਟਾਂ ਬਟੋਰਨਾ ਸਿਆਸਤਦਾਨਾਂ ਦਾ ਮੁੱਖ ਕੰਮ ਬਣ ਗਿਆ। ਇਸ ਸੰਬੰਧੀ ਕੁਝ ਸ਼ਿਅਰ ਇਸ ਪ੍ਰਕਾਰ ਹਨ:

ਬਣ ਗਈ ਨਗਨ ਸਿਆਸਤ, ਹੀਰਾ ਮੰਡੀ ਵਿਚ ਤਵਾਇਫ਼ ਜਹੀ,
ਦੱਸ ਵਿਕਾਊ ਕੀਹ ਨਾ ਏਥੇ, ਓਹਲਾ ਰੱਖਿਐ ਨਾਵਾਂ ਨੇ।
ਸੁਣੋ ਸਿਆਸਤਦਾਨਾਂ ਨੂੰ ਤਾਂ ਇੰਜ ਕਿਉਂ ਲੱਗਦਾ ਰਹਿੰਦਾ ਹੈ,
ਗਿਰਗਿਟ ਵਰਗੇ ਬੰਦੇ ਬੇਇਤਬਾਰੇ ਗੱਲਾਂ ਕਰਦੇ ਨੇ।
ਇਹ ਦਰਬਾਰੀ, ਅਖ਼ਬਾਰੀ ਜੋ, ਭਰਮਾ ਦਾ ਜਾਲ ਵਿਛਾਉਂਦੇ ਨੇ,
ਇਨ੍ਹਾਂ ਤੋਂ ਮੁਕਤੀ ਸੌਖੀ ਨਹੀਂ, ਕਦ ਤੀਕ ਭੁਲੇਖੇ ਖਾਉਗੇ।
ਆਈਆਂ ਚੋਣਾਂ, ਘਰ ਘਰ ਰੋਣਾ, ਫਿਰ ਧੜਿਆਂ ਵਿਚ ਵੰਡਣਗੇ,
ਬੱਕਰੇ ਦੀ ਮਾਂ ਕਿੰਜ ਉਡੀਕੇ, ਦੱਸੋ ਜੀ, ਬਕਰੀਦਾਂ ਨੂੰ।

ਹੁਣ ਤੱਕ ਗੁਰਭਜਨ ਗਿੱਲ ਨੇ 35 ਪੁਸਤਕਾਂ ਸਾਹਿਤ ਦੇ ਵੱਖ-ਵੱਖ ਰੂਪਾਂ ਵਿਚ ਪੰਜਾਬੀ ਮਾਂ ਬੋਲੀ ਦੀ ਝੋਲੀ ਪਾਈਆਂ ਹਨ। ਇਸ ਤੋਂ ਇਲਾਵਾ ਉਸਦਾ ਇੱਕ ਕਾਵਿ ਸੰਗ੍ਰਹਿ ਅਤੇ 4 ਗ਼ਜ਼ਲ ਸੰਗ੍ਰਹਿ ਸ਼ਾਹਮੁਖੀ ਵਿਚ ਪ੍ਰਕਾਸ਼ਤ ਹੋ ਚੁੱਕੇ ਹਨ। ਉਸਦੀ 1973 ਤੋਂ 2023 ਤੱਕ ਕੀਤੀ ਗ਼ਜ਼ਲ ਸਿਰਜਣਾ ਦੇ 8 ਗ੍ਰੰਥ ਸੰਗ੍ਰਹਾਂ ਦੀਆਂ ਗ਼ਜ਼ਲਾਂ 'ਅੱਖਰ ਅੱਖਰ' ਦੇ ਰੂਪ ਵਿਚ ਇਕ ਸੰਗਠਤ ਗ਼ਜ਼ਲ ਸੰਗ੍ਰਹਿ ਪ੍ਰਕਾਸ਼ਤ ਹੋਇਆ ਹੈ, ਜਿਹੜਾ ਗੁਰਭਜਨ ਗਿੱਲ ਦੀ ਸਾਹਿਤਕ ਸੋਚ ਦਾ ਪ੍ਰਗਟਾਵਾ ਕਰਦਾ ਹੈ। ਇਸ ਗ਼ਜ਼ਲ ਸੰਗ੍ਰਹਿ ਵਿਚ 900 ਗ਼ਜ਼ਲਾਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਸਾਰੀਆਂ ਗ਼ਜ਼ਲਾਂ ਨੂੰ ਇੱਕ ਥਾਂ ਇਕੱਠਾ ਕਰਕੇ ਗ਼ਜ਼ਲ ਸੰਗ੍ਰਹਿ ਪ੍ਰਕਾਸ਼ਤ ਕਰਵਾਉਣਾ ਭਵਿੱਖ ਵਿਚ ਸਾਹਿਤਕ ਖੋਜੀਆਂ ਲਈ ਲਾਹੇਵੰਦ ਸਾਬਤ ਹੋਵੇਗਾ। ਇਸ ਸੰਗ੍ਰਹਿ ਦੀ ਹਰ ਗ਼ਜ਼ਲ ਇੱਕ ਨਵੀਂ ਵਿਚਾਰਧਾਰਾ ਦੀ ਪ੍ਰਤੀਨਿਧਤਾ ਕਰਦੀ ਹੈ। ਗ਼ਜ਼ਲ ਦਾ ਹਰ ਸ਼ਿਅਰ ਸਮਾਜਿਕ ਸਰੋਕਾਰਾਂ ਦੀ ਤਰਜਮਾਨੀ ਕਰਦਾ ਹੈ। ਇਸ ਦੇ ਨਾਲ ਹੀ ਉਸ ਦੀਆਂ ਗ਼ਜ਼ਲਾਂ ਦੀ ਕਮਾਲ ਇਸ ਗੱਲ ਵਿਚ ਵੀ ਹੈ ਕਿ ਉਹ ਗ਼ਜ਼ਲ ਦੇ ਮਾਪਦੰਡਾਂ 'ਤੇ ਪੂਰੀਆਂ ਉਤਰਦੀਆਂ ਹਨ। ਸਮਾਜਿਕ ਸਰੋਕਾਰਾਂ ਨਾਲ ਕੋਈ ਅਜਿਹਾ ਵਿਸ਼ਾ ਨਹੀਂ ਹੈ, ਜਿਸ ਬਾਰੇ ਗੁਰਭਜਨ ਗਿੱਲ ਦੀਆਂ ਗ਼ਜ਼ਲਾਂ ਉਸ ਦੀ ਪ੍ਰਤੀਨਿਧਤਾ ਨਹੀਂ ਕਰਦੀਆਂ। ਗ਼ਜ਼ਲਾਂ ਵਿਚੋਂ ਸੰਗੀਤਕ ਸੁਰ ਦੀਆਂ ਰਿਸ਼ਮਾਂ ਦੀ ਮਿੱਠੀ-ਮਿੱਠੀ ਤੇ ਨਿੰਮੀ-ਨਿੰਮੀ ਮਧੁਰ ਆਵਾਜ਼ ਸੁਣਾਈ ਦਿੰਦੀ ਹੈ। ਇਸ ਸੰਗ੍ਰਹਿ ਦੀਆਂ ਗ਼ਜ਼ਲਾਂ ਸਮਾਜਿਕ ਤਾਣੇ-ਬਾਣੇ ਵਿਚ ਵਾਪਰ ਰਹੀਆਂ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਸੁਖਾਵੀਆਂ ਤੇ ਅਣਸੁਖਾਵੀਆਂ ਘਟਨਾਵਾਂ ਦੇ ਪ੍ਰਭਾਵਾਂ ਬਾਰੇ ਪ੍ਰੇਰਨਾਦਾਇਕ ਜਾਣਕਾਰੀ ਦਿੰਦੀਆਂ ਹਨ। ਜੇ ਇਹ ਕਹਿ ਲਿਆ ਜਾਵੇ ਕਿ ਇਸ ਗ਼ਜ਼ਲ ਸੰਗ੍ਰਹਿ ਰਾਹੀਂ ਗੁਰਭਜਨ ਗਿੱਲ ਨੇ ਪੰਜਾਬੀ ਦਿਹਾਤੀ ਸੱਭਿਆਚਾਰ ਨੂੰ ਸੰਭਾਲਕੇ ਵੱਡਾ ਉਦਮ ਕੀਤਾ ਹੈ, ਤਾਂ ਜੋ ਪੰਜਾਬੀ ਆਪਣੀ ਵਿਰਾਸਤ ਨਾਲ ਬਾਵਾਸਤਾ ਰਹਿ ਸਕਣ, ਤਾਂ ਕੋਈ ਅਤਕਥਨੀ ਨਹੀਂ ਹੋਵੇਗੀ। ਇਹ ਗ਼ਜ਼ਲਾਂ ਸਮਾਜਿਕ ਵਿਸੰਗਤੀਆਂ 'ਤੇ ਸਿੱਧੇ ਅਤੇ ਅਸਿੱਧੇ ਤੁਣਕੇ ਮਾਰਦੀਆਂ ਹਨ। ਬਹੁਤੀਆਂ ਗ਼ਜ਼ਲਾਂ ਬਹੁ-ਅਰਥੀ ਸਿੰਬਾਲਿਕ ਹਨ, ਪੜ੍ਹਨ ਤੇ ਸੁਣਨ ਵਾਲਿਆਂ ਦੀ ਸਮਝ 'ਤੇ ਨਿਰਭਰ ਕਰਦਾ ਹੈ ਕਿ ਉਹ ਗ਼ਜ਼ਲਕਾਰ ਦੀਆਂ ਰਮਜ਼ਾਂ ਦੀ ਪਛਾਣ ਕਰਦੇ ਹਨ ਕਿ ਨਹੀਂ, ਵੈਸੇ ਗ਼ਜ਼ਲਾਂ ਦੀ ਭਾਸ਼ਾ ਸਰਲ ਹੈ। ਮਝੈਲ ਹੋਣ ਦੇ ਬਾਵਜੂਦ ਗੁਰਭਜਨ ਗਿੱਲ ਨੇ ਇਹ ਗ਼ਜ਼ਲਾਂ ਸਾਧਾਰਨ ਲੋਕਾਂ ਦੀ ਆਮ ਬੋਲਚਾਲ ਵਾਲੀ ਠੇਠ ਸਰਲ ਭਾਸ਼ਾ ਵਿਚ ਲਿਖੀਆਂ ਹਨ। ਇਨ੍ਹਾਂ ਗ਼ਜ਼ਲਾਂ ਵਿਚੋਂ ਵਿਦਵਾਨੀ ਦੀ ਥਾਂ ਗਿਆਨਵਾਨ ਹੋਣ ਦਾ ਪ੍ਰਗਟਾਵਾ ਹੁੰਦਾ ਹੈ। ਗ਼ਜ਼ਲਾਂ ਦੇ ਸ਼ਿਅਰਾਂ ਵਿਚੋਂ ਆ ਰਹੀ ਸਾਹਿਤਕ ਸੁਗੰਧ ਪਾਠਕਾਂ ਨੂੰ ਮੰਤਰ ਮੁਗਧ ਕਰਦੀ ਹੈ। ਇਸ ਦੇ ਨਾਲ ਹੀ ਇਨਸਾਨੀਅਤ ਦੀਆਂ ਕਰੂਰ ਹਰਕਤਾਂ ਦਾ ਚਿੱਟਾ ਚਿੱਠਾ ਵੀ ਖੋਲ੍ਹਦੀਆਂ ਹਨ। ਗੁਰਭਜਨ ਗਿੱਲ ਦੇ ਬੇਬਾਕੀ ਨਾਲ ਲਿਖੇ ਸ਼ਿਅਰ ਸਰਕਾਰੇ ਦਰਬਾਰੇ ਅਤੇ ਸਮਾਜ ਵਿਚ ਘੁਸਰ-ਮੁਸਰ ਜ਼ਰੂਰ ਪੈਦਾ ਕਰਕੇ ਆਪੋ ਆਪਣੇ ਫ਼ਰਜ਼ ਨਿਭਾਉਣ ਦੀ ਤਾਕੀਦ ਕਰਦੇ ਹਨ। ਸਮਾਜ ਵਿਚ ਜਿਹੜੀਆਂ ਅਲਾਮਤਾਂ ਸਮਾਜਿਕ ਤੇ ਆਰਥਿਕ ਤਾਣੇ-ਬਾਣੇ ਨੂੰ ਪਲੀਤ ਕਰਦੀਆਂ ਹਨ, ਉਨ੍ਹਾਂ ਬਾਰੇ ਗ਼ਜ਼ਲਕਾਰ ਨੇ ਸਮਾਜ ਨੂੰ ਜਾਗ੍ਰਿਤ ਹੋ ਕੇ ਹੰਭਲਾ ਮਾਰਨ ਦੀ ਤਾਕੀਦ ਕੀਤੀ ਹੈ। ਇਹ ਗ਼ਜ਼ਲਾਂ ਹੋਸ਼ ਨਾਲ ਜੋਸ਼ ਦੀ ਵਰਤੋਂ ਕਰਨ ਲਈ ਵੀ ਪ੍ਰੇਰਦੀਆਂ ਹਨ। ਗੁਰਭਜਨ ਗਿੱਲ ਆਪਣੀਆਂ ਗ਼ਜ਼ਲਾਂ ਦੇ ਸ਼ਿਅਰਾਂ ਵਿਚ ਲਿਖਦਾ ਹੈ ਕਿ ਜੇਕਰ ਸਮਾਜ ਇਕਮੁੱਠ ਨਾ ਹੋਇਆ ਤੇ ਅਵੇਸਲਾ ਰਿਹਾ, ਤਾਂ ਅਜਿਹਾ ਸਮਾਂ ਆਵੇਗਾ ਕਿ ਇਨਸਾਨੀਅਤ ਬੁਰੀ ਤਰ੍ਹਾਂ ਪ੍ਰਭਾਵਤ ਹੋ ਜਾਵੇਗੀ। ਆਪਣੇ ਹੱਕਾਂ ਦੀ ਪ੍ਰਾਪਤੀ ਲਈ ਸ਼ਾਂਤਮਈ ਜੱਦੋ-ਜਹਿਦ ਕਰਨੀ ਕੋਈ ਗ਼ਲਤ ਗੱਲ ਨਹੀਂ। ਉਹ ਲੋਕਾਈ ਨੂੰ ਏਕਤਾ ਦਾ ਸਬੂਤ ਦਿੰਦਿਆਂ ਇਕਮੁੱਠ ਹੋਣ ਦੀ ਪ੍ਰੇਰਨਾ ਦਿੰਦਾ ਹੈ। ਇਨਸਾਨੀਅਤ ਦੇ ਸਮਾਜਿਕ ਵਿਵਹਾਰ ਬਾਰੇ ਗ਼ਜ਼ਲਕਾਰ ਕਟਾਖ਼ਸ਼ ਕਰਦਾ 'ਜਗ ਰਹੇ ਜੁਗਨੂੰ' ਗ਼ਜ਼ਲ ਵਿਚ ਉਹ ਲਿਖਦਾ ਹੈ: 'ਪੱਥਰਾਂ ਦੇ ਸ਼ਹਿਰ ਪੱਥਰ ਹੋ ਗਿਆਂ, ਦੁਖ ਸੁਖ ਪੋਂਹਦਾ ਨਾ ਹੁਣ ਜਜ਼ਬਾਤ ਨੂੰ'। ਭਾਵ ਇਨਸਾਨ ਭਾਵਨਾਵਾਂ ਤੇ ਸਮਾਜਿਕ ਕਦਰਾਂ-ਕੀਮਤਾਂ ਤੋਂ ਦੂਰ ਹੋ ਗਿਆ ਹੈ। ਇਨਸਾਨਾਂ ਦੇ ਦੋਹਰੇ ਕਿਰਦਾਰ ਬਾਰੇ ਲਿਖਦਾ ਹੈ 'ਤਨ 'ਤੇ ਨਿੱਘਾ ਕੋਟ ਸਵੈਟਰ, ਮਨ ਦੇ ਪਾਲੇ ਕਰਕੇ ਠਰੀਏ'। ਮਨੁੱਖ ਆਪਣੇ ਮਨ ਨੂੰ ਸਾਫ਼ ਕਰਨ ਦੀ ਕੋਸ਼ਿਸ਼ ਨਹੀਂ ਕਰਦਾ। ਗ਼ਜ਼ਲਕਾਰ ਲਈ ਪੰਜਾਬੀਆਂ ਦਾ ਵੱਡੀ ਗਿਣਤੀ ਵਿਚ ਪਰਵਾਸ ਵਿਚ ਜਾਣਾ ਵੀ ਚਿੰਤਾ ਦਾ ਵਿਸ਼ਾ ਹੈ:

ਪਰਦੇਸਾਂ ਵਿਚ ਬਣੇ ਸਹਾਰਾ ਕੱਲ੍ਹਿਆਂ ਦਾ, ਸਾਂਭੇ ਦਿਲ ਦੀ ਲਾਟ ਡੋਲਦੀ ਮਾਂ।
ਦੂਰ ਦੇਸ ਪਰਦੇਸ ਗੁਆਚੇ ਬੱਚਿਆਂ ਨੂੰ, ਫਿਰਦੀ ਦਿਨ ਤੇ ਰਾਤ ਟੋਲਦੀ ਮਾਂ।
ਸੱਤ ਸਮੁੰਦਰ ਪਾਰ ਤੂੰ ਬੈਠੀ, ਆਪੇ ਫਾਥੜੀਏ,
ਆਪ ਸਹੇੜਿਆ ਜਾਲ ਮਕੜੀਏ, ਇਹ ਬਨਵਾਸ ਨਹੀਂ।
ਬਿਰਧ ਘਰਾਂ ਵਿਚ ਰੁਲਦੇ ਹੌਕੇ, ਲੋਰੀ ਦੇਵਣਹਾਰੀ ਡੁਸਕੇ,
ਸੱਚ ਕਹੀਏ ਤਾਂ, ਇਸ ਤੋਂ ਵੱਧ ਕੇ ਮਮਤਾ ਦਾ ਅਪਮਾਨ ਨਹੀਂ।

ਸਮਾਜ ਵਿਚ ਫ਼ੈਲੇ ਭ੍ਰਿਸ਼ਟਾਚਾਰ ਦੀ ਚਿੰਤਾ ਇਸ ਸ਼ਿਅਰ ਵਿਚੋਂ ਸ਼ਪਸ਼ਟ ਵਿਖਾਈ ਦਿੰਦੀ ਹੈ:

ਕੀਹਦੇ ਕੋਲ ਸ਼ਿਕਾਇਤ ਕਰਾਂ ਤੇ ਰੋਵਾਂ ਕਿੱਥੇ ਜਾ ਕੇ,
ਹਰ ਕੁਰਸੀ ਦੀ ਨਾਲ ਲੁਟੇਰੇ, ਹਰ ਥਾਂ ਹਿੱਸਾ-ਪੱਤੀ।

472 ਪੰਨਿਆਂ, 1000 ਭਾਰਤੀ ਰੁਪਏ, 20 ਅਮਰੀਕੀ ਡਾਲਰ ਕੀਮਤ ਵਾਲਾ ਗ਼ਜ਼ਲ ਸੰਗ੍ਰਹਿ ਪੰਜਾਬੀ ਲੋਕ ਵਿਰਾਸਤ ਅਕਾਦਮੀ ਲੁਧਿਆਣਾ ਨੇ ਰਘਬੀਰ ਸਿੰਘ ਹਿਊਸਟਨ ਅਮਰੀਕਾ ਰਾਹੀਂ ਪ੍ਰਕਾਸ਼ਤ ਕੀਤਾ ਹੈ।

# ਪੰਜਾਬ ਦੀ ਪ੍ਰਸਿੱਧ ਲੋਕ ਗਾਇਕਾ ਪ੍ਰਕਾਸ਼ ਕੌਰ

ਪ੍ਰਕਾਸ਼ ਕੌਰ ਪੰਜਾਬੀ ਲੋਕ ਗਾਇਕੀ ਦਾ ਇਕ ਐਸਾ ਚਿਹਰਾ ਸਨ, ਜਿਨ੍ਹਾਂ ਨੇ ਤਕਰੀਬਨ 40 ਸਾਲ ਤੱਕ ਆਪਣੀ ਸੁਰੀਲੀ ਆਵਾਜ਼ ਨਾਲ ਪੰਜਾਬੀ ਸੰਗੀਤ ਦੀ ਭਰਪੂਰ ਸੇਵਾ ਕੀਤੀ ਅਤੇ ਪੰਜਾਬੀ ਸੱਭਿਆਚਾਰ ਤੇ ਪੰਜਾਬੀ ਅਦਬ ਨੂੰ ਸੰਗੀਤ ਦੇ ਮਾਧਿਅਮ ਰਾਹੀਂ ਘਰ-ਘਰ ਪਹੁੰਚਾਉਣ ਦਾ ਸ਼ਲਾਘਾਯੋਗ ਕੰਮ ਕੀਤਾ। ਬੇਸ਼ੱਕ ਪ੍ਰਕਾਸ਼ ਕੌਰ ਨਾ ਤਾਂ ਕਿਸੇ ਸੰਗੀਤਕ ਘਰਾਣੇ ਨਾਲ ਸੰਬੰਧਿਤ ਸੀ ਅਤੇ ਨਾ ਹੀ ਉਨ੍ਹਾਂ ਨੇ ਬਾਕਾਇਦਾ ਸੰਗੀਤ ਦੀ ਕੋਈ ਤਾਅਲੀਮ ਹਾਸਿਲ ਕੀਤੀ ਸੀ ਪਰ ਉਨ੍ਹਾਂ ਦੀ ਆਵਾਜ਼ ਵਿਚ ਇੰਨੀ ਕਸ਼ਿਸ਼ ਅਤੇ ਸੁਰੀਲਾਪਣ ਸੀ ਕਿ ਉਹ ਕਿਸੇ ਵੀ ਔਖੀ ਤਰਜ਼ ਨੂੰ ਅਤੇ ਹਰ ਤਰ੍ਹਾਂ ਦੇ ਗੀਤ ਨੂੰ ਬੜੇ ਸੌਖਿਆਂ ਹੀ ਬੇਹੱਦ ਖ਼ੂਬਸੂਰਤੀ ਨਾਲ ਨਿਭਾ ਲੈਂਦੇ ਸਨ। ਉਨ੍ਹਾਂ ਦੀ ਆਵਾਜ਼ ਰੱਬ ਵੱਲੋਂ ਬਖ਼ਸ਼ੀ ਇਕ ਅਨਮੋਲ ਦਾਤ ਸੀ। ਪ੍ਰਕਾਸ਼ ਕੌਰ ਵੱਲੋਂ ਗਾਏ ਅਣਗਿਣਤ ਗੀਤ ਅੱਜ ਵੀ ਸੰਗੀਤ ਪ੍ਰੇਮੀਆਂ ਦੇ ਕੰਨਾਂ ਵਿਚ ਮਧੁਰ ਰਸ ਘੋਲਦੇ ਹਨ। ਆਪਣੀ ਛੋਟੀ ਭੈਣ ਪੰਜਾਬ ਦੀ ਕੋਇਲ ਕਰਕੇ ਜਾਣੀ ਜਾਣ ਵਾਲੀ ਮਹਾਨ ਗਾਇਕਾ ਸੁਰਿੰਦਰ ਕੌਰ ਨਾਲ ਇਕੱਠਿਆਂ ਰਲ ਕੇ ਪ੍ਰਕਾਸ਼ ਕੌਰ ਨੇ ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦੇ ਬੇਸ਼ੁਮਾਰ ਖ਼ੂਬਸੂਰਤ ਗੀਤ ਜਿਨ੍ਹਾਂ ਵਿਚ ਵਿਆਹਾਂ ਦੇ ਗੀਤ, ਸੁਹਾਗ, ਘੋੜੀਆਂ, ਸਿੱਠਣੀਆਂ, ਟੱਪੇ, ਮਾਹੀਏ, ਢੋਲੇ, ਲੋਕ ਬੋਲੀਆਂ ਗਾਏ, ਜਿਨ੍ਹਾਂ ਦੀ ਮਕਬੂਲੀਅਤ ਅੱਜ ਵੀ ਕਾਇਮ ਹੈ ਅਤੇ ਇਨ੍ਹਾਂ ਵੱਲੋਂ ਗਾਏ ਬਹੁਤ ਸਾਰੇ ਗੀਤਾਂ ਨੂੰ ਅੱਜ ਪੰਜਾਬੀ ਸੱਭਿਆਚਾਰ, ਅਦਬ ਅਤੇ ਪੰਜਾਬੀ ਸੰਗੀਤ ਵਿਚ ਲੋਕ ਗੀਤਾਂ ਜਿੰਨਾਂ ਦਰਜਾ ਹਾਸਿਲ ਹੈ।



**ਜਨਮ ਅਤੇ ਪਰਿਵਾਰਿਕ ਪਿਛੋਕੜ:-** ਵੰਡ ਤੋਂ ਪਹਿਲਾਂ ਸਾਂਝੇ ਪੰਜਾਬ ਦੀ ਰਾਜਧਾਨੀ ਅਤੇ ਪੰਜਾਬੀ ਸੰਗੀਤ, ਪੰਜਾਬੀ ਅਦਬ ਅਤੇ ਕਲਾ ਲਈ ਜਾਣੇ ਜਾਣ ਵਾਲੇ ਸ਼ਹਿਰ ਲਾਹੌਰ 'ਚ 19 ਸਤੰਬਰ ਸੰਨ 1919 ਈ. ਨੂੰ ਲਾਹੌਰ ਦੇ ਅੰਦਰੂਨੀ ਸ਼ਹਿਰ ਵਿਚ ਸਥਿਤ ਭੱਟੀ ਗੇਟ ਦੇ ਰਹਿਣ ਵਾਲੇ ਸਹਿਜਧਾਰੀ ਸਿੱਖ ਪਿਤਾ ਬਿਸ਼ਨ ਦਾਸ ਅਤੇ ਮਾਤਾ ਮਾਇਆ ਦੇਵੀ ਦੇ ਘਰ ਇਕ ਬੱਚੀ ਨੇ ਜਨਮ ਲਿਆ, ਜਿਸ ਦਾ ਨਾਂ ਮਾਪਿਆ ਪ੍ਰਕਾਸ਼ ਕੌਰ ਰੱਖਿਆ। ਕੌਣ ਜਾਣਦਾ ਸੀ ਕਿ ਇਹ ਨੰਨੀ ਪ੍ਰਕਾਸ਼ ਵੱਡੀ ਹੋ ਕੇ ਸੰਗੀਤ ਦੀ ਦੁਨੀਆਂ ਵਿਚ ਐਸਾ ਮਾਅਰਕਾ ਮਾਰੇਗੀ, ਜਿਸ ਨੂੰ ਰਹਿੰਦੀ ਦੁਨੀਆਂ ਤੱਕ ਉਸ ਦੀ ਕਲਾ ਕਰਕੇ ਜਾਣਿਆ ਜਾਂਦਾ ਰਹੇਗਾ। 4 ਭੈਣਾਂ ਮਹਿੰਦਰ ਕੌਰ, ਸੁਰਿੰਦਰ ਕੌਰ, ਨਰਿੰਦਰ ਕੌਰ, ਮਨਜੀਤ ਕੌਰ ਅਤੇ 5 ਭਰਾਵਾਂ ਨਾਲੋਂ ਸਭ ਤੋਂ ਵੱਡੀ ਭੈਣ ਪ੍ਰਕਾਸ਼ ਨੂੰ ਨਿੱਕੇ ਹੁੰਦੇ ਤੋਂ ਹੀ ਸੰਗੀਤ ਨਾਲ ਲਗਾਓ ਸੀ। ਘਰਦਿਆਂ ਤੋਂ ਛੁਪ-ਛੁਪ ਕੇ ਉਸ ਨੂੰ ਗਲੀ-ਗਵਾਂਢ 'ਚ ਹੋਣ ਵਾਲੇ ਵਿਆਹਾਂ ਮੌਕੇ ਘਰ ਵਿਚ ਔਰਤਾ ਵੱਲੋਂ ਬੈਠਾਏ ਜਾਂਦੇ ਗਾਉਣ ਵਿਚ ਸ਼ਾਮਲ ਹੋਣਾ ਚੰਗਾ ਲੱਗਦਾ ਸੀ। ਉੱਥੇ ਉਹ ਰਬਾਬੀ ਔਰਤਾਂ ਨੂੰ ਗੀਤ ਗਾਉਂਦਿਆਂ ਸੁਣਦੀ, ਜੋ ਉਸ ਦੇ ਮਨ ਨੂੰ ਟੁੰਬਦੇ। ਉਨ੍ਹਾਂ ਗੀਤਾਂ ਨੂੰ ਸੁਣ ਕੇ ਹੌਲੀ-ਹੌਲੀ ਪ੍ਰਕਾਸ਼ ਵੀ ਗੁਣਗਣਾਉਣ ਲੱਗੀ। ਫਿਰ ਉਹ ਵਿਆਹ ਸ਼ਾਦੀਆਂ 'ਤੇ ਹੁੰਦੇ ਲੇਡੀ ਸੰਗੀਤ ਵਿਚ ਔਰਤਾਂ ਨਾਲ ਰਲ ਐਸੇ ਗੀਤ ਗਾਉਣ ਲੱਗੀ ਕਿ ਉੱਥੇ ਮੌਜੂਦ ਸਭ ਔਰਤਾਂ, ਕੁੜੀਆਂ ਚਿੜ੍ਹੀਆਂ ਅਤੇ ਬਜ਼ੁਰਗ ਮਾਤਾਵਾਂ ਉਸਦੀ ਟੁਣਕਦੀ ਆਵਾਜ਼ ਦੇ ਜਾਦੂ ਨਾਲ ਕੀਲੀਆਂ ਜਾਦੀਆਂ। ਇਸ ਤਰ੍ਹਾਂ ਗਲੀ ਗਵਾਂਢ ਦੇ ਵਿਆਹ ਸ਼ਾਦੀਆਂ ਦੇ ਮੌਕੇ 'ਤੇ ਪ੍ਰਕਾਸ਼ ਕੌਰ ਦੀ ਲੇਡੀ ਸੰਗੀਤ ਵਿਚ ਹਾਜ਼ਰੀ ਜ਼ਰੂਰੀ ਸਮਝੀ ਜਾਣ ਲੱਗੀ ਅਤੇ ਸੰਗੀਤ ਵਿਚ ਪ੍ਰਕਾਸ਼ ਦੀ ਰੁਚੀ ਹੋਰ ਵੱਧਣ ਲੱਗੀ। ਪ੍ਰਕਾਸ਼ ਨੂੰ ਨਿੱਕੇ ਹੁੰਦਿਆਂ ਤੋਂ ਹੀ ਰੱਬ ਵੱਲੋਂ ਐਸਾ ਹੁਨਰ ਪ੍ਰਾਪਤ ਸੀ, ਜੋ ਉਸ ਨੂੰ ਹੋਰਾਂ ਨਾਲੋਂ ਅੱਡ ਕਰਦਾ ਸੀ। ਪ੍ਰਕਾਸ਼ ਵਿਚ ਇਹ ਹੁਨਰ ਸੀ ਕਿ ਉਹ ਬਹੁਤ ਛੋਟੀ ਉਮਰ ਤੋਂ ਹੀ ਨਾਮੀ ਸਿੰਗਰਾਂ ਦੇ ਗਾਏ ਗੀਤਾਂ ਨੂੰ ਇਕ ਵਾਰ ਕੰਨੀਂ ਸੁਣ ਕੇ ਉਨ੍ਹਾਂ ਨੂੰ ਹੂ-ਬ-ਹੂ ਉਂਝ ਹੀ ਗਾ ਲੈਂਦੀ ਸੀ। ਪ੍ਰਕਾਸ਼ ਨੇ ਸੰਗੀਤ ਦੀ ਸਿੱਖਿਆ ਭਾਵੇਂ ਪ੍ਰਾਪਤ ਨਹੀਂ ਕੀਤੀ ਸੀ ਪਰ ਫਿਰ ਵੀ ਉਹ ਸੁਰ ਤਾਲ ਦੀ ਬਹੁਤ ਪੱਕੀ ਸੀ। ਸ਼ੁਰੂ-ਸ਼ੁਰੂ ਵਿਚ ਪ੍ਰਕਾਸ਼ ਕੌਰ ਨੂੰ ਗਾਉਣ ਲਈ ਆਪਣੇ ਘਰਦਿਆਂ ਦੇ ਸਖ਼ਤ ਵਿਰੋਧ ਦਾ ਸਾਹਮਣਾ ਕਰਨਾ ਪਿਆ ਸੀ ਕਿਉਂ ਜੋ ਉਸ ਜ਼ਮਾਨੇ ਵਿਚ ਸ਼ਰੀਫ਼ ਘਰਾਂ ਦੀਆਂ ਧੀਆਂ-ਭੈਣਾਂ ਦਾ ਇੰਝ ਗਾਉਣਾ ਚੰਗਾ ਨਹੀਂ ਸਮਝਿਆ ਜਾਂਦਾ ਸੀ। ਇਸੇ ਕਰਕੇ ਪ੍ਰਕਾਸ਼ ਕੌਰ ਦਾ 15 ਸਾਲ ਦੀ ਛੋਟੀ ਉਮਰ ਵਿਚ ਹੀ ਵਿਆਹ ਕਰ ਦਿੱਤਾ ਗਿਆ ਸੀ। ਇੰਡੀਅਨ ਰੇਲਵੇ ਵਿਚ ਬਤੌਰ ਇਲੈਕਟ੍ਰੀਕਲ ਇੰਜੀਨੀਅਰ ਸ. ਹਰਬੰਸ ਸਿੰਘ ਸੂਰੀ ਜੋ ਕਿ ਲਾਹੌਰ ਦੇ ਹੀ ਵਾਸੀ ਸਨ ਤੇ ਲਾਹੌਰ ਹੀ ਇਨ੍ਹਾਂ ਦੀ ਪੋਸਟਿੰਗ ਸੀ, ਨਾਲ ਪ੍ਰਕਾਸ਼ ਕੌਰ ਦਾ ਵਿਆਹ ਹੋਇਆ। ਹਰਬੰਸ ਸਿੰਘ ਸੂਰੀ ਨੇ ਪ੍ਰਕਾਸ਼ ਕੌਰ ਨੂੰ ਗਾਇਕੀ ਦਾ ਆਪਣਾ ਸ਼ੌਂਕ ਕਾਇਮ ਰੱਖਣ ਵਿਚ ਉਨ੍ਹਾਂ ਦਾ ਭਰਪੂਰ ਸਾਥ ਦਿੱਤਾ ਅਤੇ ਹਮੇਸ਼ਾ ਉਤਸ਼ਾਹਿਤ ਕੀਤਾ। ਹਾਲਾਕਿ ਉਨ੍ਹਾਂ ਦਿਨਾਂ 'ਚ ਲੋਕ ਗਾਉਣ ਵਾਲੀਆਂ ਕੁੜੀਆਂ ਨੂੰ ਇੱਜ਼ਤ ਭਰੀ ਨਜ਼ਰ ਨਾਲ ਨਹੀਂ ਦੇਖਦੇ ਸਨ ਪਰ ਪ੍ਰਕਾਸ਼ ਕੌਰ ਦੀ ਦਲੇਰੀ ਸਦਕਾ ਅਤੇ ਪਤੀ ਹਰਬੰਸ ਸਿੰਘ ਸੂਰੀ ਵੱਲੋਂ ਮਿਲੇ ਸਹਿਯੋਗ ਕਰਕੇ ਪ੍ਰਕਾਸ਼ ਕੌਰ ਨੇ ਇਹ ਮਿੱਥ ਵੀ ਤੋੜ ਦਿੱਤੀ ਤੇ ਆਉਣ ਵਾਲੇ ਸਮੇਂ ਲਈ ਹੋਰ ਵੀ ਸ਼ਰੀਫ ਘਰਾਂ ਦੀਆਂ ਕੁੜੀਆਂ ਜਿਨ੍ਹਾਂ ਨੂੰ ਗਾਉਣ ਦਾ ਸ਼ੌਂਕ ਐ, ਲਈ ਗਾਇਕੀ ਵਿਚ ਆਪਣਾ ਕੈਰੀਅਰ ਬਣਾਉਣ ਵਾਸਤੇ ਉਨ੍ਹਾਂ ਦੇ ਰਾਹ ਦਸੇਰਾ ਅਤੇ ਪ੍ਰੇਰਨਾ ਸਰੋਤ ਬਣੇ।

**ਰੇਡੀਓ ਤੋਂ ਗਾਇਕੀ ਦੀ ਸ਼ੁਰੂਆਤ:-** ਸੰਨ 1940 ਵਿਚ ਪ੍ਰਕਾਸ਼ ਕੌਰ ਨੇ ਆਲ ਇੰਡੀਆ ਰੇਡੀਓ ਲਾਹੌਰ 'ਤੇ ਆਪਣੇ ਗਾਇਕੀ ਦੇ ਸਫ਼ਰ ਦੀ ਸ਼ੁਰੂਆਤ ਲਈ ਆਡੀਸ਼ਨ ਪਾਸ ਕੀਤਾ। ਸੰਨ 1941 ਵਿਚ ਪ੍ਰਕਾਸ਼ ਕੌਰ ਨੇ ਪਿਸ਼ਾਵਰ ਰੇਡੀਓ ਤੋਂ ਆਪਣਾ ਪਹਿਲਾ ਗੀਤ ਗਾਇਆ। ਉਨ੍ਹੀਂ ਦਿਨੀਂ ਰੇਡੀਓ ਤੋਂ ਸਿੱਧੇ ਗੀਤ ਪ੍ਰਸਾਰਿਤ ਕੀਤੇ ਜਾਂਦੇ ਸਨ। ਪ੍ਰਕਾਸ਼ ਕੌਰ ਨੇ ਰੇਡੀਓ 'ਤੇ ਆਪਣੇ ਖ਼ੂਬਸੂਰਤ ਗੀਤਾਂ ਨਾਲ ਆਪਣੀ ਮਿੱਠੀ ਤੇ ਸੁਰੀਲੀ ਆਵਾਜ਼ ਦਾ ਜਾਦੂ ਬਖੇਰਨਾਂ ਸ਼ੁਰੂ ਕੀਤਾ। ਦਿਨਾਂ ਵਿਚ ਹੀ ਪ੍ਰਕਾਸ਼ ਕੌਰ ਦੀ ਗਾਇਕੀ ਦੇ ਚਰਚੇ ਹਰ ਪਾਸੇ ਹੋਣ ਲੱਗੇ। ਲੋਕਾਂ ਨੂੰ ਉਨ੍ਹਾਂ ਦੇ ਗਾਏ ਗੀਤ ਬਹੁਤ ਪਸੰਦ ਆਉਂਦੇ। ਪੰਜਾਬੀ ਸੱਭਿਆਚਾਰ ਦੀ ਤਰਜ਼ਮਾਨੀ ਕਰਦੇ ਪ੍ਰਕਾਸ਼ ਕੌਰ ਦੇ ਗੀਤ ਘਰ-ਘਰ ਗੂੰਜਨ ਲੱਗੇ। ਸੰਨ 1943 ਤੱਕ ਪਹੁੰਚਦੇ-ਪਹੁੰਚਦੇ ਪ੍ਰਕਾਸ਼ ਕੌਰ ਰੇਡੀਓ ਦੀ ਇਕ ਆਹਲਾ ਦਰਜੇ ਦੀ ਪ੍ਰਵਾਨਿਤ ਗਾਇਕਾ ਬਣ ਚੁੱਕੇ ਸਨ। ਫਿਰ ਇਕ ਦਿਨ ਪ੍ਰਕਾਸ਼ ਕੌਰ ਆਪਣੇ ਤੋਂ 10 ਸਾਲ ਛੋਟੀ ਭੈਣ ਸੁਰਿੰਦਰ ਕੌਰ ਨੂੰ ਆਲ ਇੰਡੀਆਂ ਰੇਡੀਓ ਆਡੀਸ਼ਨ ਦਿਵਾਉਣ ਲੈ ਕੇ ਆਈ, ਜੋ ਸੁਰਿੰਦਰ ਕੌਰ ਨੇ ਬਗੈਰ ਕਿਸੇ ਮੁਸ਼ਕਿਲ ਤੋਂ ਪਾਸ ਕਰ ਲਿਆ। ਹੁਣ ਦੋਵੇ ਭੈਣਾਂ ਆਲ ਇੰਡੀਆ ਰੇਡੀਓ ਲਾਹੌਰ ਦੀਆਂ ਪ੍ਰਵਾਨਿਤ ਗਾਇਕਾਵਾਂ ਬਣ ਚੁੱਕੀਆਂ ਸਨ ਅਤੇ ਦੋਵਾਂ ਭੈਣਾਂ ਨੇ ਇਕੱਠਿਆਂ ਆਲ ਇੰਡੀਆ ਰੇਡੀਓ ਲਾਹੌਰ ਤੋਂ ਕਈ ਗੀਤ ਡਿਊਟ ਗਾਏ, ਜੋ ਬਹੁਤ ਮਸ਼ਹੂਰ ਹੋਏ। ਰੇਡੀਓ 'ਤੇ ਗਾਉਂਦਿਆ ਈ ਦੋਵੇ ਭੈਣਾਂ ਨੇ ਲਾਹੌਰ ਰੇਡੀਓ ਦੇ ਸੰਗੀਤ ਸੈਕਸ਼ਨ ਦੇ ਹੈੱਡ ਬੁੱਧ ਸਿੰਘ ਤਾਨ ਦੇ ਸਹਾਇਕ ਜੀਵਨ ਲਾਲ ਮੱਟੂ ਕੋਲੋਂ ਲਾਈਟ ਕਲਾਸੀਕਲ ਵਿਚ ਸੰਗੀਤ ਦੀ ਸਿਖਲਾਈ ਲੈਣੀ ਸ਼ੁਰੂ ਕਰ ਦਿੱਤੀ।



**ਪਹਿਲਾ ਰਿਕਾਰਡ:-** 31 ਅਗਸਤ ਸੰਨ 1943 ਨੂੰ ਪ੍ਰਕਾਸ਼ ਕੌਰ ਅਤੇ ਸੁਰਿੰਦਰ ਕੌਰ ਦੀਆਂ ਆਵਾਜ਼ਾਂ ਵਿਚ ਰਿਕਾਰਡ ਕੀਤਾ ਪਹਿਲਾ ਡਿਊਟ ਗੀਤ "ਮਾਂਵਾ ਤੇ ਧੀਆਂ ਰੱਲ ਬੈਠੀਆਂ ਨੀ ਮਾਏ" ਐੱਚ.ਐੱਮ.ਵੀ. ਕੰਪਨੀ ਵੱਲੋਂ ਰਿਲੀਜ਼ ਹੋਇਆ। ਇਹ ਉਹ ਸਦਾਬਹਾਰ ਗੀਤ ਸੀ, ਜੋ ਲੋਕਾਂ ਵਿਚ ਕੱਲ੍ਹ ਵੀ ਸੁਪਰਹਿੱਟ ਸੀ ਅਤੇ ਅੱਜ ਵੀ ਇਸ ਨੂੰ ਬੇਹੱਦ ਪਸੰਦ ਕੀਤਾ ਜਾਂਦਾ ਹੈ। ਸੰਗੀਤ ਨਿਰਦੇਸ਼ਕ ਇਨਾਇਤ ਹੁਸੈਨ ਦੀ ਨਿਰਦੇਸ਼ਨਾ ਵਿਚ ਰਿਕਾਰਡ ਕੀਤੇ ਇਸ ਗੀਤ ਨੇ ਸਫਲਤਾ ਦੇ ਨਵੇਂ ਕੀਰਤੀਮਾਨ ਸਥਾਪਿਤ ਕੀਤੇ ਅਤੇ ਭਾਰਤੀ ਉਪਮਹਾਦੀਪ ਵਿਚ ਉਨ੍ਹਾਂ ਦੇ ਗੀਤ ਦੀਆਂ ਧੁੰਮਾਂ ਚਾਰੇ ਪਾਸੇ ਫੈਲ ਗਈਆਂ। ਪ੍ਰਕਾਸ਼ ਕੌਰ ਅਤੇ ਸੁਰਿੰਦਰ ਕੌਰ ਦੇ ਨਾਂਵਾਂ ਦੀ ਚਰਚਾ ਘਰ-ਘਰ ਹੋਣ ਲੱਗੀ ਅਤੇ ਨਾਲ ਹੀ ਦੋਵਾਂ ਭੈਣਾਂ ਦੀ ਪ੍ਰਸਿੱਧੀ ਵਿਚ ਵੀ ਅਥਾਹ ਵਾਧਾ ਹੋਇਆ। ਭਾਵੇਂ ਪ੍ਰਕਾਸ਼ ਕੌਰ ਨੂੰ ਅਕਸਰ ਸੁਰਿੰਦਰ ਕੌਰ ਦੇ ਨਾਲ ਜੋੜ ਕੇ ਹੀ ਦੇਖਿਆ ਜਾਂਦਾ ਪਰ ਪੰਜਾਬੀ ਗਾਇਕੀ ਵਿਚ ਉਨ੍ਹਾਂ ਦੀ ਥਾਂ ਵਿਲੱਖਣ ਸੀ ਤੇ ਹਮੇਸ਼ਾ ਰਹੇਗੀ। ਸੰਗੀਤਕਾਰ ਇਨਾਇਤ ਹੁਸੈਨ ਨੇ ਹੋਰ ਵੀ ਬਹੁਤ ਸਾਰੇ ਗੀਤ ਪ੍ਰਕਾਸ਼ ਕੌਰ ਅਤੇ ਸੁਰਿੰਦਰ ਕੌਰ ਦੀ ਆਵਾਜ਼ ਵਿਚ ਰਿਕਾਰਡ ਕੀਤੇ। ਉਨ੍ਹਾਂ 'ਚ ਕੁਝ ਗੀਤ ਸਨ, "ਢੋਲ ਸਿਪਾਹੀਆ ਵੇ, ਕਿਥੇ ਗਿਓ ਦਿਲ ਲਾ ਕੇ", "ਹਾਏ ਨਾ ਵੱਸ ਉਏ ਨਾ ਵੱਸ ਬੱਦਲਾ, ਅਜੇ ਨਾ ਵੱਸ ਉਏ ਕਾਲਿਆ"। ਪ੍ਰਕਾਸ਼ ਕੌਰ ਨੇ ਫ਼ਿਲਮਾਂ ਲਈ ਵੀ ਗੀਤ ਗਾਏ। ਪ੍ਰਕਾਸ਼ ਕੌਰ ਨੇ ਰੇਡੀਓ ਤੋਂ ਸ਼ਬਦ ਗੁਰਬਾਣੀ ਦਾ ਵੀ ਗਾਇਨ ਕੀਤਾ। ਕਿਉਂਕਿ ਉਸ ਵੇਲੇ ਪ੍ਰੋਗਰਾਮ ਲਾਇਵ ਟੈਲੀਕਾਸਟ ਕੀਤੇ ਜਾਂਦੇ ਸਨ, ਇਸ ਲਈ ਇਹ ਸ਼ਬਦ ਗੁਰਬਾਣੀ ਦੀ ਰਿਕਾਰਿਡ ਮੌਜੂਦ ਨਹੀਂ।

ਅੰਗਰੇਜ ਸਿੰਘ ਵਿਰਦੀ
ਅੰਮ੍ਰਿਤਸਰ
ਮੋਬਾਇਲ: 94646-28857
ਪੰਜਾਬ ਮੇਲ USA



**ਦੇਸ਼ ਵੰਡ ਤੋਂ ਬਾਅਦ ਗਾਇਕੀ ਦਾ ਸਫ਼ਰ:-** 15 ਅਗਸਤ 1947 ਜਦੋਂ ਬਾਕੀ ਸਾਰਾ ਦੇਸ਼ ਆਜ਼ਾਦੀ ਦਾ ਜਸ਼ਨ ਮਨਾ ਰਿਹਾ ਸੀ, ਉਸ ਵਕਤ ਪੰਜਾਬ ਆਪਣੀ ਹੋਣੀ 'ਤੇ ਅੱਥਰੂ ਕੇਰ ਰਿਹਾ ਸੀ। ਉਸ ਵੇਲੇ ਦੇ ਮੌਜੂਦਾ ਹੁਕਮਰਾਨਾ ਅਤੇ ਆਉਣ ਵਾਲੇ ਭਾਰਤ ਪਾਕਿਸਤਾਨ ਦੇ ਹੁਕਮਰਾਨਾ ਮਿਲ ਕੇ ਪੰਜਾਬ ਦੇ ਸੀਨੇ 'ਤੇ ਇਕ ਨਾ ਮਿਟਣ ਵਾਲੀ ਲਕੀਰ ਖਿੱਚ ਦਿੱਤੀ। ਜਿਸ ਵਿਚ ਕਲਾਕਾਰ, ਆਮ ਖ਼ਾਸ ਪੰਜਾਬ ਵਾਸੀ ਦੋ ਹਿੱਸਿਆਂ ਵਿਚ ਤਕਸੀਮ ਹੋ ਗਏ। ਚਾਰੋਂ ਪਾਸੇ ਕਤਲੋਗਾਰਤ, ਲੁੱਟਾਂ-ਖੋਹਾਂ ਅਤੇ ਜਾਨੀ-ਮਾਲੀ ਨੁਕਸਾਨ ਹੋਣ ਲੱਗਾ। ਹਿੰਦੂ ਸਿੱਖ ਲਹਿੰਦੇ ਤੋਂ ਚੜ੍ਹਦੇ ਤੇ ਮੁਸਲਮਾਨ ਚੜ੍ਹਦੇ ਤੋਂ ਲਹਿੰਦੇ ਪੰਜਾਬ ਵੱਲ ਆਪਣਾ ਸਭ ਕੁਝ ਛੱਡ ਛਡਾ ਲੁੱਟੇ-ਪੁੱਟੇ ਪਲਾਇਣ ਕਰਨ ਲੱਗੇ। ਕਈ ਰਸਤੇ 'ਚ ਫ਼ਿਰਕੂ ਜਨੂੰਨੀਆਂ ਦੇ ਹੱਥੇ ਚੜ੍ਹ ਮਰ ਮੁੱਕ ਗਏ। ਪ੍ਰਕਾਸ਼ ਕੌਰ ਵੀ ਆਪਣੇ ਪਰਿਵਾਰ ਨਾਲ ਫ਼ਿਰਕੂ ਜਨੂਨੀਆਂ ਤੋਂ ਬਚਦੇ ਬਚਾਉਂਦੇ ਲਾਹੌਰ ਵਿਚਲਾ ਆਪਣਾ ਭਰਿਆ-ਭਰਾਇਆ ਘਰ-ਬਾਰ, ਸਭ ਧਨ-ਦੌਲਤ ਛੱਡ ਜਾਨਾਂ ਬਚਾ ਅੰਮ੍ਰਿਤਸਰ ਰਫ਼ਿਊਜੀ ਕੈਂਪ 'ਚ ਆ ਸ਼ਾਮਲ ਹੋਏ। ਕੁਝ ਚਿਰ ਅੰਮ੍ਰਿਤਸਰ ਠਹਿਰਨ ਤੋਂ ਬਾਅਦ ਪ੍ਰਕਾਸ਼ ਕੌਰ ਪਰਿਵਾਰ ਸਹਿਤ ਦਿੱਲੀ ਜਾ ਵੱਸੇ। ਉਥੇ ਹੀ ਉਨ੍ਹਾਂ ਦੇ ਪਤੀ ਦੀ ਨੌਕਰੀ ਰੇਲਵੇ ਵਿਭਾਗ 'ਚ ਫਿਰ ਤੋਂ ਦੁਬਾਰਾ ਸ਼ੁਰੂ ਹੋ ਗਈ। ਪ੍ਰਕਾਸ਼ ਕੌਰ ਨੇ ਵੀ ਆਲ ਇੰਡੀਆ ਰੇਡੀਓ ਦਿੱਲੀ ਤੋਂ ਆਪਣੀ ਗਾਇਕੀ ਦਾ ਸਫ਼ਰ ਫਿਰ ਤੋਂ ਸ਼ੁਰੂ ਕਰ ਲਿਆ। ਕਿਉਂਕਿ ਉਨ੍ਹਾਂ ਦਿਨਾਂ ਵਿਚ ਦਿੱਲੀ ਰਫ਼ਿਊਜ਼ੀ ਕੈਂਪਾਂ ਵਿਚ ਸਭ ਤੋਂ ਜ਼ਿਆਦਾ ਤਾਦਾਦ ਪੰਜਾਬੀਆਂ ਦੀ ਸੀ, ਇਸ ਕਰਕੇ ਉਹ ਕੈਂਪ ਪੰਜਾਬੀ ਸੰਗੀਤ ਦੀ ਵੱਡੀ ਮੰਡੀ ਵਜੋਂ ਉਭਰੇ। ਪ੍ਰਕਾਸ਼ ਕੌਰ ਦੀ ਮੰਗ ਇਸ ਖਿੱਤੇ ਵਿਚ ਪਹਿਲੇ ਦਿਨ ਤੋਂ ਹੀ ਬਣ ਗਈ ਸੀ। 1948 ਤੋਂ 1958 ਤੱਕ ਪ੍ਰਕਾਸ਼ ਕੌਰ ਦੇ ਸਭ ਤੋਂ ਵੱਧ ਹਿੱਟ ਗੀਤ ਬਣੇ।

**ਪ੍ਰਕਾਸ਼ ਕੌਰ ਦੇ ਹਿੱਟ ਗੀਤ:-** ਪ੍ਰਕਾਸ਼ ਕੌਰ ਨੇ ਅਪਣੇ 40 ਸਾਲਾ ਦੇ ਗਾਇਕੀ ਦੇ ਸਫ਼ਰ ਦੌਰਾਨ ਅਣਗਿਣਤ ਹਿੱਟ ਗੀਤ ਗਾਏ। ਰੇਡੀਓ 'ਤੇ ਗਾਉਣ ਤੋਂ ਇਲਾਵਾ ਪ੍ਰਕਾਸ਼ ਕੌਰ ਨੇ ਪੰਜਾਬੀ ਫਿਲਮਾਂ ਵਿਚ ਵੀ ਗੀਤ ਗਾਏ। ਸੰਨ 1964 ਵਿਚ ਆਈ ਨੈਸ਼ਨਲ ਅਵਾਰਡ ਜੇਤੂ ਬਲਰਾਜ ਸਾਹਨੀ ਅਭਿਨੀਤ ਫ਼ਿਲਮ ਸਤਲੁਜ ਦੇ ਕੰਢੇ ਵਿਚ ਪ੍ਰਕਾਸ਼ ਕੌਰ ਤੇ ਸੁਰਿੰਦਰ ਕੌਰ ਦਾ ਇਕੱਠਿਆਂ ਗਾਇਆ ਕੋਰਸ ਗੀਤ ਕਾਲੇ ਰੰਗ ਦਾ ਪਰਾਂਦਾ ਮੇਰੇ ਸੱਜਣਾ ਨੇ ਆਂਦਾ ਬੇਹੱਦ ਮਕਬੂਲ ਹੋਇਆ ਸੀ। ਅਣਗਿਣਤ ਗੀਤਾਂ ਦੇ ਐੱਲ.ਪੀ. ਗੀਤ ਰਿਕਾਰਡ ਮਾਰਕੀਟ 'ਚ ਉਤਾਰੇ ਗਏ, ਜਿਨ੍ਹਾਂ ਦੀ ਰਿਕਾਰਡਤੋੜ ਵਿਕਰੀ ਹੋਈ। ਪ੍ਰਕਾਸ਼ ਕੌਰ ਤੇ ਸੁਰਿੰਦਰ ਕੌਰ ਦੇ ਇਕੱਠਿਆਂ ਗਾਏ ਅਣਗਿਣਤ ਗੀਤਾਂ ਨੇ ਪ੍ਰਸਿੱਧੀ ਦੀਆਂ ਸ਼ਿਖਰਾਂ ਨੂੰ ਛੂਹਿਆ। ਪ੍ਰਕਾਸ਼ ਕੌਰ ਤੇ ਸੁਰਿੰਦਰ ਕੌਰ ਦੇ ਡਿਊਟ ਹਿੱਟ ਗੀਤਾਂ ਦੀ ਜੇਕਰ ਗੱਲ ਕੀਤੀ ਜਾਵੇ, ਤਾਂ ਉਸ ਵਿਚ ਮਾਂਵਾ ਤੇ ਧੀਆਂ ਰਲ ਬੈਠੀਆਂ ਨੀ ਮਾਏ, ਸੂਹੇ ਵੇ ਚੀਰੇ ਵਾਲਿਆ, ਸੂਈ ਵੇ ਹਾਏ ਜਾਲਮਾ ਸੂਈ ਵੇ, ਡਾਚੀ ਵਾਲਿਆ ਮੋੜ ਮੁਹਾਰ ਵੇ, ਬਾਜ਼ਰੇ ਦਾ ਸਿੱਟਾ ਅਸੀਂ ਤਲੀ 'ਤੇ ਮਰੋੜਿਆ, ਬਣ ਮੋਰਨੀ ਬਾਗਾਂ ਦੇ ਵਿਚ, ਬਾਰੀ ਬਰਸੀ ਖੱਟਣ ਗਿਆ ਸੀ, ਚੰਨ ਕਿੱਥਾਂ ਗੁਜ਼ਾਰੀ ਐ ਰਾਤ, ਬੇਟੀ ਚੰਦਨ ਦੇ ਓਹਲੇ ਓਹਲੇ ਕਿਉਂ ਖੜੀ, ਮੈਂ ਕੱਤਾ ਪ੍ਰੀਤਾਂ ਨਾਲ ਚਰਖਾ ਚੰਦਨ ਦਾ, ਸਾਡਾ ਚਿੜੀਆਂ ਦਾ ਚੰਬਾਂ ਵੇ ਬਾਬਲਾ, ਵੇ ਲੈ ਦੇ ਮੈਨੂੰ ਪੱਖੀ ਘੁੰਗਰੂਆਂ ਵਾਲੀ, ਭਾਬੋ ਕਹਿੰਦੀ ਆ ਪਿਆਰਾ ਸਿੰਘਾ ਵੇਲਨਾ ਲਿਆ, ਸੜਕੇ ਸੜਕੇ ਜਾਂਦੀਏ ਮੁਟਿਆਰੇ ਨੀ, ਅੜੀ ਵੇ ਅੜੀ ਲੱਗੀ ਸਾਉਣ ਦੀ ਝੜੀ, ਨੂੰ ਲੋਕ ਅੱਜ ਵੀ ਚਾਅ ਨਾਲ ਸੁਣਦੇ ਹਨ।

ਪ੍ਰਕਾਸ਼ ਕੌਰ ਦੇ ਹੋਰ ਹਿੱਟ ਗੀਤਾਂ ਵਿਚ ਟਾਂਡੇ ਚੂਪ ਨਾ ਚਰੀ ਦੇ ਹਾਣੀਆਂ ਵੇ ਘਰ 'ਚ ਸੰਦੂਰੀ ਅੰਬੀਆਂ, ਚੰਨ ਵੇ ਕੇ ਸ਼ੌਕਣ ਮੇਲੇ ਦੀ, ਨਦੀਓਂ ਪਾਰ ਮੇਰੇ ਮਾਹੀ ਦਾ ਡੇਰਾ, ਮੇਰੇ ਢੋਲ ਦੀ ਚਿੱਠੀ, ਮੇਰੀ ਗੁੱਤ ਨਾਲ ਛਣਕਦੇ ਘੁੰਗਰੂ, ਨੀ ਮੈਂ ਤਾਰਿਆ ਦੇ ਪਾਵਾਂ ਕੰਨੀ ਝੁੰਮਕੇ, ਇੱਕ ਕੈਂਠੇ ਵਾਲਾ ਆ ਗਇਆ ਪ੍ਰਾਹੁਣਾਂ ਨੀ ਮਾਏ ਤੇਰਾ ਕੰਮ ਨਾ ਮੁੱਕੇ, ਗੋਰੀ ਪਰਾਂਦਾ ਤੇਰਾ ਨਾਗ ਕਾਲਾ ਉਡਣ ਵਾਲਾ ਰਾਹੀਆਂ ਨੂੰ ਛੇੜ ਦਾ, ਬਣ ਮੋਰਨੀ ਬਾਗਾਂ ਦੇ ਵਿਚ, ਗਲੀਆਂ ਤੇ ਬਾਬੁਲ ਹੋਈਆ ਭੀੜੀਆਂ ਧੀ ਚੱਲੀ ਬਗਾਨੇ ਦੇਸ਼ ਬਾਬਲ, ਸੁਹਾਗ, ਘੋੜੀਆਂ, ਟੱਪੇ, ਮਾਹੀਆ ਅਤੇ ਲੋਕ ਬੋਲੀਆਂ ਆਦਿ ਪ੍ਰਮੁੱਖ ਹਨ।

ਪ੍ਰਕਾਸ਼ ਕੌਰ ਨੇ ਨੰਦ ਲਾਲ ਨੂਰਪੁਰੀ, ਗਿਆਨ ਚੰਦ ਧਵਨ, ਪ੍ਰਕਾਸ਼ ਸਾਥੀ ਜਿਹੇ ਸ਼ਾਇਰਾ ਦੇ ਗੀਤ ਗਾਏ। ਨੰਦ ਲਾਲ ਨੂਰਪੁਰੀ ਦੇ ਲਿਖੇ ਗੀਤ ਚੰਨ ਵੇ ਕੇ ਸ਼ੌਂਕਣ ਮੇਲੇ ਦੀ, ਗੋਰੀ ਦੀਆਂ ਝਾਂਜਰਾਂ ਬੁਲਾਉਂਦੀਆ ਗਈਆਂ ਅਤੇ ਵੇ ਲੈ ਦੇ ਮੈਨੂੰ ਮਖਮਲ ਦੀ ਪੱਖੀ ਘੁੰਗਰੂਆਂ ਵਾਲੀ ਪੂਰੀ ਸ਼ੋਖੀ, ਅੱਲੜ ਤੇ ਮਖਮਲੀ ਭਾਵ ਨਾਲ ਗਾਏ। ਸੁਰਿੰਦਰ ਕੌਰ ਤੋਂ ਇਲਾਵਾ ਪ੍ਰਕਾਸ਼ ਕੌਰ ਨੇ ਹੋਰ ਵੀ ਆਪਣੇ ਸਮਕਾਲੀ ਗਾਇਕਾਂ ਨਾਲ ਅਣਗਿਣਤ ਗੀਤ ਗਾਏ, ਜਿਨ੍ਹਾਂ ਵਿਚ ਆਸਾ ਸਿੰਘ ਮਸਤਾਨਾ ਦੇ ਨਾਲ ਗੀਤ ਗਾਏ, ਬਲਦੇਵ ਮੂੰਗਾ, ਸੁਰਿੰਦਰ ਕੋਹਲੀ, ਤ੍ਰਿਲੋਕ ਕਪੂਰ ਨਾਲ ਗੀਤ ਗਾਏ, ਜਿਨ੍ਹਾਂ 'ਚ ਦੋ ਗਾਣਾ ਬੂਹੇ ਤਾਂ ਮਾਰਾਂਗੀ ਜੰਦਰੇ ਵੇ ਪੇਕੇ ਲਾਵਾਂਗੀ ਡੇਰੇ ਬਹੁਤ ਮਕਬੂਲ ਹੋਇਆ ਸੀ। ਪਰ ਪ੍ਰਕਾਸ਼ ਕੌਰ ਨੇ ਜ਼ਿਆਦਾ ਗੀਤ ਹਜ਼ਾਰਾ ਸਿੰਘ ਰਮਤੇ ਨਾਲ ਗਾਏ ਅਤੇ ਸਟੇਜ 'ਤੇ ਜੋੜੀ ਵੀ ਹਜ਼ਾਰਾ ਸਿੰਘ ਰਮਤੇ ਨਾਲ ਹੀ ਰਹੀ। ਦੋਵੇਂ ਕਲਾਕਾਰਾ ਨੇ ਤਕਰੀਬਨ 11 ਸਾਲ ਇਕੱਠੇ ਮਿਲ ਕੇ ਗਾਇਆ। ਪ੍ਰਕਾਸ਼ ਕੌਰ ਨੇ ਆਪਣੀ ਗਾਇਕੀ ਦੇ ਸਫ਼ਰ ਦੌਰਾਨ ਤਕਰੀਬਨ ਦੋ ਹਜ਼ਾਰ ਤੋਂ ਵੀ ਵੱਧ ਗੀਤ ਗਾਏ।

**ਸੰਸਾਰ ਤੋਂ ਰੁਖ਼ਸਤੀ:-** ਪ੍ਰਕਾਸ਼ ਕੌਰ ਅਜੇ 62 ਵਰ੍ਹਿਆਂ ਦੀ ਹੀ ਸੀ, ਜਦੋਂ ਉਨ੍ਹਾਂ ਨੂੰ ਗੁਰਦਿਆਂ ਦੇ ਰੋਗ ਕਾਰਣ ਤੇ ਕਾਰ ਦੇ ਹੋਏ ਹਾਦਸੇ ਕਾਰਣ ਸਿਹਤ ਸਬੰਧੀ ਸਮੱਸਿਆਵਾਂ ਨਾਲ ਦੋ ਚਾਰ ਹੋਣਾ ਪਿਆ। ਉਨ੍ਹਾਂ ਦੀ ਸਿਹਤ ਵਿਚ ਦਿਨੋਂ-ਦਿਨ ਨਿਘਾਰ ਆਉਂਦਾ ਗਿਆ ਅਤੇ ਅਖੀਰ ਪੰਜਾਬ ਦੀ ਇਹ ਧੀ, ਬੁਲੰਦ ਆਵਾਜ਼ ਦੀ ਧਨੀ ਮਹਾਨ ਲੋਕ ਗਾਇਕਾ ਪ੍ਰਕਾਸ਼ ਕੌਰ ਮਿਤੀ 2 ਨਵੰਬਰ ਸੰਨ 1982 ਨੂੰ ਇਸ ਫ਼ਾਨੀ ਸੰਸਾਰ ਨੂੰ ਸਦਾ ਲਈ ਅਲਵਿਦਾ ਆਖ ਗਏ।

# 100 ਦਿਨ 3.0 ਸਰਕਾਰ ਦੇ



- ਗੁਰਮੀਤ ਸਿੰਘ ਪਲਾਹੀ
218, ਗੁਰੂ ਹਰਿਗੋਬਿੰਦ ਨਗਰ, ਫਗਵਾੜਾ
98158-02070
ਪੰਜਾਬ ਮੇਲUSA



ਪ ਇਸ ਵਾਰ ਮਸਾਂ ਬਣੀ ਤੀਜੀ ਵਾਰ ਦੀ ਮੋਦੀ ਸਰਕਾਰ ਦੇ 100 ਦਿਨ 17 ਸਤੰਬਰ 2024 ਨੂੰ ਪੂਰੇ ਹੋ ਜਾਣਗੇ। ਕੁਝ ਦਿਨ ਹੀ ਤਾਂ ਬਾਕੀ ਹਨ। ਦੇਸ਼ ਦੇ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਨੇ ਇਨ੍ਹਾਂ 100 ਦਿਨ ਲਈ ਕੁਝ ਟੀਚੇ ਮਿੱਥੇ ਸਨ : ਦੇਸ਼ ਦੇ ਪ੍ਰਧਾਨ ਮੰਤਰੀ ਨੇ ਦੇਸ਼ ਦੀ ਆਜ਼ਾਦੀ ਦਿਹਾੜੇ 'ਤੇ ਲਾਲ ਕਿਲੇ ਦੀ ਫਸੀਲ ਤੋਂ ਭਾਸ਼ਨ ਦਿੰਦਿਆਂ ਅਤੇ ਵਿੱਤ ਮੰਤਰੀ ਨੇ ਦੇਸ਼ ਦੀ ਨਵੀਂ ਪਾਰਲੀਮੈਂਟ 'ਚ ਬਜਟ ਪੇਸ਼ ਕਰਦਿਆਂ। ਜਾਪਦਾ ਹੈ ਇਹ ਵਾਅਦੇ, ਇਹ ਦਾਈਏ, ਤਾਂ ਜਿਵੇਂ ਠੁੱਸ ਹੋ ਕੇ ਹੀ ਰਹਿ ਗਏ ਹਨ, ਉਪਰੋਂ ਸਰਕਾਰ ਐਨੀ ਬੇਵੱਸ ਕਦੇ ਨਹੀਂ ਦਿਸੀ, ਜਿੰਨੀ ਇਨ੍ਹਾਂ 100 ਦਿਨਾਂ 'ਚ।

ਮੋਦੀ ਸਰਕਾਰ ਨੂੰ ਇਨ੍ਹਾਂ 100 ਦਿਨ 'ਚ ਜੁਆਇੰਟ ਸਕੱਤਰਾਂ ਅਤੇ ਡਾਇਰੈਕਟਰਾਂ ਦੀ ਸਿੱਧੀ ਭਰਤੀ (ਲਿਟਰਲ ਇੰਟਰੀ) ਯੋਜਨਾ ਨੂੰ ਉਨ੍ਹਾਂ ਦੇ ਸਹਿਯੋਗੀਆਂ ਦੇ ਅਤੇ ਵਿਰੋਧੀ ਧਿਰ ਦੇ ਵਿਰੋਧ ਕਾਰਨ ਵਾਪਿਸ ਲੈਣਾ ਪਿਆ। ਆਪਣੀ ਧੁਨ ਦੀ ਪੱਕੀ ਅਤੇ ਇਕੋ ਧਰਮ ਦੇ ਝੰਡੇ ਵਾਲਾ ਸਾਮਰਾਜ ਲਿਆਉਣ ਵਾਲੀ ਸਰਕਾਰ ਨੂੰ ਜਦੋਂ ਮਜਬੂਰੀਵੱਸ ਲੋਕ ਸਭਾ 'ਚ ਵਕਫ ਬੋਰਡ ਬਿੱਲ ਸੰਯੁਕਤ ਸੰਸਦੀ ਕਮੇਟੀ ਨੂੰ ਭੇਜਣਾ ਪਿਆ, ਜਿਸ ਦੀ ਉਹ ਪਿਛਲੇ 10 ਵਰਿਆਂ ਦੇ ਰਾਜ-ਭਾਗ 'ਚ ਆਦੀ ਨਹੀਂ ਰਹੀ, ਤਾਂ ਇਸ ਘਟਨਾ ਦਾ ਅਰਥ ਕੀ ਲਿਆ ਜਾਣਾ ਚਾਹੀਦਾ ਹੈ?

ਮੋਦੀ ਸਰਕਾਰ ਦਾ ਮੁੱਖ ਅਜੰਡਾ ਕਿ ਦੇਸ਼ 'ਚ 'ਇਕ ਦੇਸ਼ ਇਕ ਚੋਣ' ਦਾ ਪੈਟਰਨ ਲਾਗੂ ਹੋਵੇ, ਉਦੋਂ ਕਿਥੇ ਰੱਫੂ ਚੱਕਰ ਹੋ ਗਿਆ, ਜਦੋਂ ਜੰਮੂ-ਕਸ਼ਮੀਰ ਅਤੇ ਹਰਿਆਣਾ 'ਚ ਤਾਂ ਚੋਣਾਂ ਦਾ ਐਲਾਨ ਕਰ ਦਿੱਤਾ, ਪਰ ਮਹਾਂਰਾਸ਼ਟਰ 'ਚ ਹਾਰ ਦੇ ਡਰੋਂ ਚੋਣਾਂ ਪਛੇਤੀਆਂ ਕਰ ਦਿੱਤੀਆਂ ਗਈਆਂ। ਹਾਲਾਂਕਿ ਪਿਛਲੀਆਂ ਕਈ ਵਾਰੀਆਂ 'ਚ ਹਰਿਆਣਾ ਅਤੇ ਮਹਾਂਰਾਸ਼ਟਰ ਚੋਣਾਂ ਇਕੋ ਵੇਲੇ ਇਕੱਠੀਆਂ ਹੁੰਦੀਆਂ ਰਹੀਆਂ ਹਨ, ਜਿਵੇਂ ਹਰਿਆਣਾ 'ਚ ਭਾਜਪਾ ਸਰਕਾਰ ਨੂੰ ਵਿਰੋਧੀਆਂ (ਇੰਡੀਆ ਗਰੁੱਪ) ਵੱਲੋਂ ਸਖ਼ਤ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਥੇ ਭਾਜਪਾ ਦੇ ਅੰਦਰੋਂ ਹਰਿਆਣਾ 'ਚ ਤਿੱਖਾ ਵਿਰੋਧ ਵੀ ਝੱਲਣਾ ਪੈ ਰਿਹਾ ਹੈ, ਕਿਉਂਕਿ ਜਿਨ੍ਹਾਂ ਭਾਜਪਾ ਨੇਤਾਵਾਂ ਨੂੰ ਚੋਣਾਂ 'ਚ ਪਾਰਟੀ ਟਿਕਟ ਨਹੀਂ ਮਿਲ ਰਹੀ, ਉਹ ਭਾਜਪਾ ਦਾ ਸਾਥ ਛੱਡ ਰਹੇ ਹਨ। ਭਾਵੇਂ ਇਹ ਤੱਥ ਸਿੱਧੇ ਤੌਰ 'ਤੇ ਕੇਂਦਰ ਸਰਕਾਰ ਦੀ ਕਾਰਗੁਜ਼ਾਰੀ ਨਾਲ ਨਹੀਂ ਜੁੜੇ ਹੋਏ, ਪਰ ਕੇਂਦਰ ਸਰਕਾਰ ਦੇ ਕਮਜ਼ੋਰ ਹੋਣ ਦੀ ਨਿਸ਼ਾਨੀ ਹਨ ਅਤੇ ਉਸ ਦਾ ਪ੍ਰਛਾਵਾਂ ਵਿਧਾਨ ਸਭਾ ਚੋਣਾਂ 'ਚ ਚੋਣਾਂ ਤੋਂ ਪਹਿਲਾਂ ਹੀ ਦਿੱਸਣ ਲੱਗਾ ਹੈ। ਇਹ ਸਿੱਧਾ ਭਾਜਪਾ ਪ੍ਰਤੀ ਉਹਦੇ ਵੱਡੇ ਨੇਤਾਵਾਂ ਪ੍ਰਤੀ ਬੇਯਕੀਨੀ ਅਤੇ ਸਰਕਾਰ 'ਚ ਆਤਮ ਵਿਸ਼ਵਾਸ ਦੀ ਕਮੀ ਦਾ ਸਿੱਟਾ ਹੈ।

ਆਓ ਜ਼ਰਾ ਮੋਦੀ ਸਰਕਾਰ ਦੀ 100 ਦਿਨਾਂ ਦੀ ਕਾਰਗੁਜ਼ਾਰੀ ਦਾ ਮੁਲਾਂਕਣ ਕਰੀਏ। ਪ੍ਰਧਾਨ ਮੰਤਰੀ ਨੇ ਭਾਸ਼ਨ 'ਚ ਕਿਹਾ ਸੀ ਲਾਲ ਕਿਲ੍ਹੇ ਤੋਂ ਅੱਜ ਭਾਰਤ ਦੇ ਲੋਕ ਆਤਮ-ਵਿਸ਼ਵਾਸ ਨਾਲ ਭਰੇ ਪਏ ਹਨ। ਉਹ ਸੌਖੇ ਹਨ। ਦੇਸ਼ ਦੀ ਅਰਥ ਵਿਵਸਥਾ ਤਕੜੀ ਹੋ ਰਹੀ ਹੈ। ਪਿਛਲੇ ਦਸ ਸਾਲਾਂ 'ਚ ਜੀ.ਡੀ.ਪੀ. ਵਧੀ ਹੈ। ਪਰ ਸਵਾਲ ਹੈ ਕਿ ਇਸ ਦਾ ਲਾਭ ਕਿਸ ਨੂੰ ਹੋਇਆ ਹੈ? ਆਮ ਆਦਮੀ ਨੂੰ ਜਾਂ ਦੇਸ਼ ਦੇ ਧੰਨ ਕੁਬੇਰਾਂ ਨੂੰ?

ਕੁਝ ਦਿਨ ਪਹਿਲਾਂ ਦੀ ਆਖਰੀ ਖ਼ਬਰ ਦੇਖੋ। ਖ਼ਬਰ ਉੱਪਰ, ਥੱਲੇ ਰਾਜ ਕਰਦੀ ਭਾਜਪਾ ਦੀ ਹਰਿਆਣਾ ਡਬਲ ਇੰਜਨ ਸਰਕਾਰ ਦੀ ਹੈ। ਹਰਿਆਣਾ ਸਰਕਾਰ ਨੇ 15000 ਰੁਪਏ ਮਹੀਨਾ ਤਨਖਾਹ ਤੇ ਸਫ਼ਾਈ ਕਰਮਚਾਰੀਆਂ ਦੀਆਂ ਨੌਕਰੀਆਂ ਕੱਢੀਆਂ, ਇਨ੍ਹਾਂ ਨੌਕਰੀਆਂ ਲਈ 3,95,000 ਉਮੀਦਵਾਰਾਂ ਨੇ ਬਿਨੈ-ਪੱਤਰ ਦਿੱਤੇ। ਇਨ੍ਹਾਂ ਵਿਚ 6112 ਪੋਸਟ ਗ੍ਰੈਜੂਏਟ, 39,990 ਗ੍ਰੈਜੂਏਟ ਅਤੇ 1,17,144 ਬਾਹਰਵੀਂ ਪਾਸ ਵਾਲੇ ਹਨ। ਕੀ ਇਹ 100 ਦਿਨਾਂ ਦੀ ਸਰਕਾਰ ਦੇ ਆਤਮ-ਵਿਸ਼ਵਾਸ ਦੀ ਨਿਸ਼ਾਨੀ ਹੈ? ਕੀ ਇਹ ਦੇਸ਼ ਦੀ ਅਰਥ ਵਿਵਸਥਾ ਦੇ ਵਿਕਾਸ ਦੀ ਤਸਵੀਰ ਹੈ? ਅਸਲ ਮੁੱਦਾ ਦੇਸ਼ ਦੇ ਆਰਥਿਕ ਵਿਕਾਸ ਬਨਾਮ ਬਰਾਬਰੀ ਦੇ ਨਾਲ ਵਿਕਾਸ ਦਾ ਹੈ, ਜਿਸ ਨੂੰ ਕੇਂਦਰ ਦੀ ਸਰਕਾਰ ਨੇ 1.0 ਸਰਕਾਰ ਅਤੇ ਫਿਰ 2.0 ਸਰਕਾਰ ਸਮੇਂ ਵੀ ਭੁਲਾਈ ਰੱਖਿਆ ਅਤੇ ਹੁਣ ਫਿਰ 3.0 'ਚ ਵੀ ਭੁਲੀ ਬੈਠੀ ਹੈ। ਇਸ ਮੁੱਦੇ ਨੂੰ ਰੋਲੀ ਬੈਠੀ ਹੈ।

ਪਿਛਲੇ ਪੂਰੇ ਦਹਾਕੇ 'ਚ ਦੇਸ਼ ਰੋਜ਼ਗਾਰ ਦੇ ਮਾਮਲੇ 'ਤੇ ਬੁਰੀ ਤਰ੍ਹਾਂ ਫੇਲ ਹੋਇਆ ਹੈ। 2023 ਅਤੇ 2024 ਵਿਚ ਲੋਕਾਂ ਨੂੰ ਭਾਰਤੀ ਕੰਪਨੀਆਂ ਵੱਲੋਂ ਨੌਕਰੀਆਂ ਤੋਂ ਕੱਢ ਦਿੱਤਾ ਗਿਆ। ਇਨ੍ਹਾਂ ਕੰਪਨੀਆਂ ਵਿਚ ਔਲਾ, ਪੀ.ਟੀ.ਐੱਮ. ਆਦਿ ਸ਼ਾਮਲ ਹਨ। ਟੈਕਨੀਕਲ ਕੰਪਨੀਆਂ ਵੀ ਨਿੱਤ ਦਿਹਾੜੇ ਐਲਾਨ ਕਰ ਰਹੀਆਂ ਹਨ ਕਿ ਉਹ ਆਪਣੇ ਕਰਮਚਾਰੀਆਂ ਦੀ ਸੰਖਿਆ ਨੂੰ ਸਹੀ ਕਰਨ ਦੀ ਪ੍ਰਕਿਰਿਆ 'ਚ ਹਨ। ਇਹੋ ਹਾਲ ਪ੍ਰਾਈਵੇਟ ਬੈਂਕਾਂ ਦਾ ਵੀ ਹੈ। 5 ਸਤੰਬਰ 2024 ਨੂੰ ਟਾਈਮਜ਼ ਆਫ਼ ਇੰਡੀਆ ਨੇ ਫਿਰ ਖ਼ਬਰ ਛਾਇਆ ਕੀਤੀ ਹੈ। ਖ਼ਬਰ ਅਨੁਸਾਰ ਦੇਸ਼ ਦੇ ਵੱਡੇ ਆਈ.ਆਈ.ਟੀ. ਅਦਾਰੇ ਅਤੇ ਆਈ.ਆਈ.ਟੀ. ਮੁੰਬਈ ਵਿਚ ਇਸ ਸਾਲ ਗ੍ਰੈਜੂਏਸ਼ਨ ਪੱਧਰ 'ਤੇ ਸਿਰਫ਼ 75 ਫੀਸਦੀ ਗ੍ਰੈਜੂਏਟਾਂ ਨੂੰ ਪਲੇਸਮੈਂਟ ਮਿਲੀ ਅਤੇ ਵੇਤਨ ਦਰ ਵੀ ਘਟੀ ਹੈ। ਆਈ.ਆਈ.ਟੀ. ਤੋਂ ਇਲਾਵਾ ਦੂਜੇ ਇਹੋ ਜਿਹੇ ਸੰਸਥਾਵਾਂ ਵਿਚ ਤਾਂ ਪਲੇਸਮੈਂਟ ਦਰ 30 ਫੀਸਦੀ ਤੱਕ ਸਿਮਟ ਗਈ।

ਵਿਸ਼ਵ ਬੈਂਕ ਦਾ ਸਤੰਬਰ 2024 ਦਾ ਇਕ ਅਪਡੇਟ ਧਿਆਨ ਮੰਗਦਾ ਹੈ। ਉਸ ਅਨੁਸਾਰ ਭਾਰਤ ਵਿਚ ਸ਼ਹਿਰੀ ਯੁਵਕਾਂ ਦਾ ਰੋਜ਼ਗਾਰ 17 ਫੀਸਦੀ ਉੱਤੇ ਹੀ ਬਣਿਆ ਹੋਇਆ ਹੈ। ਅਸਲ 'ਚ ਤਾਂ ਬੇਰੁਜ਼ਗਾਰੀ 'ਟਾਈਮ ਬੰਬ' ਹੈ ਅਤੇ 3.0 ਸਰਕਾਰ ਵੱਲੋਂ 100 ਦਿਨਾਂ ਦੇ ਆਪਣੇ ਅਰਸੇ ਦੌਰਾਨ ਬੇਰੁਜ਼ਗਾਰ ਦੇ ਮਾਮਲੇ 'ਤੇ ਅੱਗੋਂ ਗੋਹੜੇ 'ਚੋਂ ਪੂਣੀ ਵੀ ਨਹੀਂ ਕੱਤੀ। ਕੀ ਬੇਰੁਜ਼ਗਾਰੀ ਦਾ ਮਾਮਲਾ, ਸਮੱਸਿਆ ਤੋਂ ਅੱਖਾਂ ਮੀਟ ਕੇ ਹੱਲ ਹੋ ਸਕਦਾ ਹੈ? ਕੀ ਫਰਜ਼ੀ ਅੰਕੜੇ ਬੇਰੁਜ਼ਗਾਰੀ ਨੂੰ ਖਤਮ ਕਰ ਸਕਦੇ ਹਨ, ਜਾਂ ਨੌਜਵਾਨਾਂ ਨੂੰ ਸੰਤੁਸ਼ਟ ਕਰ ਸਕਦੇ ਹਨ ਜਾਂ ਉਨ੍ਹਾਂ ਦਾ ਢਿੱਡ ਭਰ ਸਕਦੇ ਹਨ?

ਅੱਜ ਭਾਰਤ 'ਚ ਬੇਰੁਜ਼ਗਾਰੀ ਦਰ 9.2 ਫੀਸਦੀ ਹੈ। ਅੱਜ ਜਦੋਂ ਲੱਖਾਂ ਬੇਰੁਜ਼ਗਾਰ ਨੌਜਵਾਨ ਸੜਕਾਂ 'ਤੇ ਹਨ। ਸਰਕਾਰੀ, ਨਿਯਮਤ ਨੌਕਰੀਆਂ ਦੀ ਕਮੀ ਹੈ, ਕਾਰਪੋਰੇਟ ਜਗਤ ਨੌਜਵਾਨਾਂ ਨੂੰ ਠੱਗ ਰਿਹਾ ਹੈ, ਨੌਜਵਾਨ ਵੋਕੇਸ਼ਨਲ ਸਿੱਖਿਆ ਤੋਂ ਊਣੇ ਹਨ, ਤਾਂ ਸਰਕਾਰ ਨੂੰ ਇਸੇ ਮਾਮਲੇ 'ਤੇ ਵਧੇਰੇ ਧਿਆਨ ਦੇਣ ਦੀ ਲੋੜ ਸੀ, ਪਰ ਸਰਕਾਰ ਦੇ ਤਾਂ ਟੀਚੇ ਹੀ ਕੁਝ ਹੋਰ ਹਨ। ਸਰਕਾਰ ਜਿਸ ਦਾ ਧਿਆਨ ਸਿੱਖਿਅਤ-ਅਸਿੱਖਿਅਤ, ਸ਼ਹਿਰੀ-ਪੇਂਡੂ, ਬੱਚੇ-ਬੁੱਢੇ ਹਰ ਸ਼ਹਿਰੀ ਵੱਲ ਇਕੋ ਜਿਹਾ, ਬਰਾਬਰੀ ਵਾਲਾ ਹੋਣਾ ਚਾਹੀਦਾ ਹੈ, ਪਰ ਸਰਕਾਰ ਦਾ ਦ੍ਰਿਸ਼ਟੀਕੋਣ ਹੀ ਵੱਖਰਾ ਹੈ। ਦੇਸ਼ ਭਗਤੀ ਦੇ ਨਾਮ ਉੱਤੇ ਸਮਾਜ ਨੂੰ ਵੰਡਣਾ, ਨਫ਼ਰਤ ਫੈਲਾਉਣਾ ਅਤੇ ਰਾਜ ਕਰਨਾ। ਇਹ ਕੁਝ ਪਿਛਲੇ ਦਸ ਸਾਲ ਸ਼ਰੇਆਮ ਵਾਪਰਿਆ। ਲੋਕਾਂ ਨੇ ਸਰਕਾਰ ਦੇ ਇਸ ਦ੍ਰਿਸ਼ਟੀਕੋਣ ਨੂੰ ਸਮੂਹਿਕ ਤੌਰ 'ਤੇ ਰੱਦ ਕੀਤਾ। ਭਾਜਪਾ ਨੂੰ ਇਕੱਲੇ-ਇਕਹਿਰੇ ਤਾਕਤ ਨਹੀਂ ਦਿੱਤੀ ਚੋਣਾਂ ਵੇਲੇ। ਮਜਬੂਰੀ 'ਚ ਫੌਹੜੀਆਂ ਵਾਲੀ ਸਰਕਾਰ ਬਣਾਈ ਗਈ। ਪਰ 100 ਦਿਨਾਂ ਦੇ 3.0 ਕਾਰਜਕਾਲ ਦੌਰਾਨ ਵੀ ਭਾਜਪਾ ਦੀ ਇਹ ਸਾਂਝੀ-ਮਾਂਝੀ ਸਰਕਾਰ ਆਪਣੀ ਸੋਚ ਵਿਚ ਬਦਲਾਅ ਨਹੀਂ ਲਿਆ ਰਹੀ।

ਕੇਂਦਰ ਦੀ ਸਰਕਾਰ ਵਿਰੋਧੀ ਧਿਰਾਂ ਵਾਲੀਆਂ ਸਰਕਾਰਾਂ ਨੂੰ ਪ੍ਰੇਸ਼ਾਨ ਕਰਨ ਅਤੇ ਉਨ੍ਹਾਂ ਨੂੰ ਤੋੜਨ ਦੇ ਰਾਹ ਤੋਂ ਨਹੀਂ ਹਟੀ। ਰਾਜਪਾਲਾਂ ਰਾਹੀਂ ਚੁਣੀਆਂ ਵਿਰੋਧੀ ਸਰਕਾਰਾਂ ਦੇ ਕੰਮਾਂ 'ਚ ਸਿੱਧਾ ਦਖਲ ਦਿੱਤਾ ਜਾ ਰਿਹਾ ਹੈ। ਮਨੀਪੁਰ 'ਚ ਹਿੰਸਾ ਜਾਰੀ ਹੈ, ਉਥੇ ਗ੍ਰਹਿ ਯੁੱਧ ਵਰਗੀ ਸਥਿਤੀ ਹੈ। ਉਸ ਸੂਬੇ ਦੇ ਲੋਕਾਂ ਨੂੰ ਜਿਵੇਂ ਸਰਕਾਰ ਆਪਣੇ ਰਹਿਮੋ-ਕਰਮ 'ਤੇ ਛੱਡ ਚੁੱਕੀ ਹੈ। ਆਪਣੇ ਵਿਰੋਧੀ ਸੋਚ ਵਾਲੇ ਦੇਸ਼ ਭਰ 'ਚ ਨੇਤਾਵਾਂ ਉੱਤੇ ਈ.ਡੀ., ਸੀ.ਬੀ.ਆਈ. ਛਾਪੇ ਨਿਰੰਤਰ ਪੁਆਏ ਜਾ ਰਹੇ ਹਨ। ਗੋਦੀ ਚੈਨਲਾਂ ਰਾਹੀਂ ਸਰਕਾਰੀ ਪ੍ਰਚਾਰ ਸਿਰੇ ਦਾ ਹੈ। ਸਰਕਾਰੀ ਨੀਤੀਆਂ 'ਚ ਕੋਈ ਬਦਲਾਅ ਨਹੀਂ। ਨਿੱਜੀਕਰਨ ਨੂੰ ਹੁਲਾਰਾ ਦੇਣ ਤੋਂ ਸਰਕਾਰ ਉੱਕ ਨਹੀਂ ਰਹੀ।

ਪਰ ਇਸ ਸਭ ਕੁਝ ਦੇ ਵਿਚਕਾਰ ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਬਾਵਜੂਦ ਵੱਡੇ ਲੋਕ ਭਰੋਸਿਆਂ ਦੇ, ਸਰਕਾਰ ਲੋਕ ਹਿੱਤਾਂ ਤੋਂ ਕਿਨਾਰਾ ਕਰੀ ਬੈਠੀ ਹੈ ਅਤੇ ਉਨ੍ਹਾਂ ਦੇ ਭਲੇ ਹਿੱਤ ਕਥਿਤ ਤੌਰ 'ਤੇ ਬਣਾਈਆਂ ਯੋਜਨਾਵਾਂ, ਸਿਰਫ਼ ਕਾਗ਼ਜ਼ੀ ਸਾਬਤ ਹੋ ਰਹੀਆਂ ਹਨ। ਕੀ ਸਰਕਾਰ ਇਨ੍ਹਾਂ ਤਲਖ ਹਕੀਕਤਾਂ ਨੂੰ ਮੰਨਣ ਨੂੰ ਤਿਆਰ ਨਹੀਂ ਹੈ? ਕਿਥੇ ਹੈ ਜਨ-ਧਨ ਯੋਜਨਾ? ਕਿਥੇ ਹੈ ਆਮ ਵਿਅਕਤੀ ਲਈ ਸਿਹਤ ਸੁਰੱਖਿਆ ਆਯੂਸ਼ਮਾਨ ਯੋਜਨਾ? ਕਿਥੇ ਹੈ ਸਮਾਰਟ ਸਿਟੀ। ਜ਼ੋਰ ਹੈ ਵੱਡੀਆਂ ਹਾਈਵੇ ਬਨਾਉਣ ਵੱਲ ਤਾਂ ਕਿ ਕਾਰਪੋਰੇਟਾਂ ਦੇ ਹੱਕਾਂ ਦੀ ਪੂਰਤੀ ਹੋ ਸਕੇ, ਇਨ੍ਹਾਂ ਹਾਈਵੇਜ਼ ਦਾ ਆਮ ਲੋਕਾਂ ਨੂੰ ਆਖਰ ਕੀ ਫਾਇਦਾ?

ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਸਰਕਾਰ ਦਾ ਟੀਚਾ ਦੇਸ਼ ਨੂੰ 2047 ਤੱਕ ਵਿਕਸਿਤ ਦੇਸ਼ ਬਨਾਉਣ ਦਾ ਹੈ। ਇਹ ਉਨ੍ਹਾਂ 15 ਅਗਸਤ 2025 ਦੇ ਆਪਣੇ ਭਾਸ਼ਨ 'ਚ ਵੀ ਕਿਹਾ ਅਤੇ 25 ਅਗਸਤ ਨੂੰ ਆਪਣੇ 'ਮਨ ਕੀ ਬਾਤ' ਸੰਬੋਧਨ 'ਚ ਵੀ ਦੁਹਰਾਇਆ।

2047 ਤੱਕ ਵਿਕਸਿਤ ਦੇਸ਼ ਬਨਣ ਲਈ ਹਰ ਦੇਸ਼ ਵਾਸੀ ਦੀ ਆਮਦਨ ਸਾਲਾਨਾ 18000 ਡਾਲਰ ਹੋਣੀ ਚਾਹੀਦੀ ਹੈ। ਇਸ ਦੀ ਅਰਥ ਵਿਵਸਥਾ 30 ਲੱਖ ਕਰੋੜ ਅਮਰੀਕੀ ਡਾਲਰ ਲੋੜੀਂਦੀ ਹੈ। ਇਸ ਦੀ ਜੀ.ਡੀ.ਪੀ. ਇਸ ਵੇਲੇ 3.36 ਲੱਖ ਕਰੋੜ ਡਾਲਰ ਹੈ, ਇਸ ਨੂੰ 9 ਗੁਣਾਂ ਵਧਾਉਣਾ ਹੋਵੇਗਾ। ਦੇਸ਼ ਤੀਜੀ ਵੱਡੀ ਅਰਥ ਵਿਵਸਥਾ ਤਾਂ 2027 ਤੱਕ ਬਣ ਜਾਏਗਾ, ਪਰ 2047 ਤੱਕ ਵਿਕਸਤ ਦੇਸ਼ ਬਨਣ ਦਾ ਟੀਚਾ ਚੁਣੌਤੀਪੂਰਨ ਹੈ।

ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਦੇਸ਼ ਦੀ ਵਧਦੀ ਜਨਸੰਖਿਆ ਦੀਆਂ ਚੁਣੌਤੀਆਂ ਵਿਚਕਾਰ ਜ਼ਿਆਦਾ ਰੋਜ਼ਗਾਰ, ਸਾਰਥਕ ਸਿੱਖਿਆ ਅਤੇ ਹੱਥੀਂ ਕਿੱਤਾ ਸਿੱਖਿਆ, ਸਿਹਤ, ਬੁਨਿਆਦੀ ਢਾਂਚਾ, ਖੇਤੀ, ਕਾਰੋਬਾਰ ਆਦਿ ਨੂੰ ਨਵੀਂ ਦਿਸ਼ਾ ਦਿੱਤੇ ਬਿਨਾਂ ਇਨ੍ਹਾਂ ਚੁਣੌਤੀਆਂ ਦਾ ਮੁਕਾਬਲਾ ਕਰਨਾ ਸੰਭਵ ਨਹੀਂ।

ਜਿਸ ਮੱਧਮ ਗਤੀ ਨਾਲ 100 ਦਿਨਾਂ 'ਚ 3.0 ਸਰਕਾਰ ਨੇ ਕਦਮ ਪੁਟੇ ਹਨ, ਉਹ ਸੱਚਮੁੱਚ ਨਿਰਾਸ਼ਾਜਨਕ ਅਤੇ ਆਪਣੀ ਗੱਦੀ ਬਚਾਉਣ ਤੱਕ ਸੀਮਤ ਹਨ। ਪਹਾੜ ਜਿੱਡੀਆਂ ਸਮੱਸਿਆਵਾਂ ਦੇਸ਼ ਦੇ ਸਨਮੁੱਖ ਹਨ, ਪਰ ਜਿਸ ਕਿਸਮ ਦੀ ਸੋਚ, ਮਿਹਨਤ ਅਤੇ ਸਿਆਸੀ ਦ੍ਰਿੜ੍ਹਤਾ ਦੀ ਸਰਕਾਰ ਤੋਂ ਤਬੱਕੋ ਸੀ ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ, ਉਹ ਇਸ ਸਰਕਾਰ 'ਚ ਮਨਫ਼ੀ ਨਜ਼ਰ ਆ ਰਹੀ ਹੈ।

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ

Dr. Bindra Clinic

Dental Care & Hair Transplant
COSMETIC - IMPLANT - RESTORATIVE

ਐੱਨ.ਆਰ.ਆਈ. ਵੀਰ ਜਦੋਂ ਵੀ ਪੰਜਾਬ ਆਉਣ ਤਾਂ ਵਾਜ਼ਿਬ ਰੇਟਾਂ 'ਤੇ ਆਪਣੇ ਦੰਦਾਂ ਦਾ ਇਲਾਜ ਅਤੇ ਹੇਅਰ ਟਰਾਂਸਪਲਾਂਟ ਕਰਾਓ।

HIG Flat No. 4, Ground Floor, Rajguru Nagar, Ludhiana
+91-95420-00009, 87109-00001
dr.simranpalsingh@yahoo.in

Dr. Simranpal Singh Bindra
M.D.S, Endodontist

Dr. Samarpan Kaur
B.D.S, M.H.M

Editorial Board

Chief Editor
Gurjatinder Singh Randhawa

Sub Editors
Sandeep Kumar
Amit Saini

Distributor
Jai Singh

Website
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.

ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਰਾਮਦਾਸ ਸਰੋਵਰਿ ਨਾਤੇ ॥ ਸਭਿ ਉਤਰੇ ਪਾਪ ਕਮਾਤੇ ॥


-ਡਾ. ਸਤਿੰਦਰ ਪਾਲ ਸਿੰਘ
ਈ : 1716 , ਰਾਜਾਜੀਪੁਰਮ
ਲਖਨਊ : 226017
ਈ ਮੇਲ : akaalpurakh.7@gmail.com
ਪੰਜਾਬ ਮੇਲ USA






ਧੰਨ ਧੰਨ ਗੁਰੂ ਰਾਮਦਾਸ ਸਾਹਿਬ ਦਾ ਜੀਵਨ ਤੇ ਬਾਣੀ ਦੋਵੇਂ ਹੀ ਅੰਮ੍ਰਿਤ ਭਰਪੂਰ ਸਰੋਵਰ ਦੀ ਤਰ੍ਹਾਂ ਹਨ। ਅੰਮ੍ਰਿਤ ਦੀ ਤਾਂ ਇੱਕ ਬੂੰਦ ਹੀ ਸੁੱਕੇ ਨੂੰ ਹਰਾ ਕਰਨ ਵਾਲੀ, ਹਰੇ ਨੂੰ ਸਦ ਹਰਿਆ, ਨਰੋਆ ਕਰਨ ਵਾਲੀ ਹੈ। ਸਾਗਰ ਮੰਥਨ 'ਚੋਂ ਅੰਮ੍ਰਿਤ ਦਾ ਇੱਕ ਕਲਸ਼ ਨਿਕਲਿਆ ਸੀ, ਜਿਸ ਨੂੰ ਪ੍ਰਾਪਤ ਕਰਨ ਲਈ ਘੋਰ ਸੁਰ – ਅਸੁਰ ਜੰਗ ਹੋਈ। ਗੁਰਸਿੱਖ ਵਡਭਾਗੀ ਹੈ ਕਿ ਉਸ ਅੰਮ੍ਰਿਤ ਦਾ ਪੂਰਾ ਸਰੋਵਰ ਪ੍ਰਾਪਤ ਹੈ। ਇਹ ਅੰਮ੍ਰਿਤ ਸਰੋਵਰ ਨਾ ਮੁੱਕਣ ਵਾਲਾ ਹੈ, ਨਾ ਕਦੇ ਥੁੜਨ ਵਾਲਾ ਹੈ। ਗੁਰੂ ਰਾਮਦਾਸ ਸਾਹਿਬ ਦਾ ਸਰੋਵਰ ਸਦਾ ਹੀ ਭਰਿਆ ਰਹਿਣ ਵਾਲਾ ਹੈ। ਗੁਰੂ ਰਾਮਦਾਸ ਸਾਹਿਬ ਦਾ ਜੀਵਨ ਜੁਗਾਂ-ਜੁਗਾਂ ਤੱਕ ਮਨੁੱਖੀ ਸਮਾਜ ਲਈ ਪ੍ਰੇਰਣਾ ਦਾ ਸ੍ਰੋਤ ਬਣਿਆ ਰਹਿਣ ਵਾਲਾ ਹੈ। ਉਨ੍ਹਾਂ ਦੀ ਬਾਣੀ ਅਨੰਤ ਕਾਲ ਤੱਕ ਆਤਮਿਕ ਵਿਗਾਸ ਦਾ ਮਾਰਗ ਰੌਸ਼ਨ ਕਰਦੀ ਰਹੇਗੀ।

ਗੁਰੂ ਰਾਮਦਾਸ ਸਾਹਿਬ ਦਾ ਜੀਵਨ ਭਾਗਾਂ ਦੇ ਉਦੈ ਦੀ ਅਦੁੱਤੀ ਕਥਾ ਹੈ। ਆਪ ਨਿੱਕੇ ਬਾਲ ਹੀ ਸਨ, ਤਾਂ ਮਾਤਾ ਜੀ ਪਰਲੋਕ ਗਮਨ ਕਰ ਗਏ। ਸੱਤ ਵਰ੍ਹਿਆਂ ਦੇ ਹੋਏ ਤਾਂ ਪਿਤਾ ਜੀ ਵੀ ਨਾ ਰਹੇ। ਪਰਿਵਾਰ ਵਿਚ ਕੋਈ ਸਾਰ ਲੈਣ ਵਾਲਾ ਨਾ ਰਿਹਾ। ਗੁਰੂ ਸਾਹਿਬ ਦਾ ਨਾਮ ਰਾਮਦਾਸ ਰੱਖਿਆ ਗਿਆ ਸੀ ਪਰ ਸਭ ਤੋਂ ਵੱਡੀ ਸੰਤਾਨ ਹੋਣ ਕਾਰਣ ਉਨ੍ਹਾਂ ਨੂੰ ਜੇਠਾ ਕਹਿ ਕੇ ਬੁਲਾਇਆ ਜਾਂਦਾ ਸੀ। ਜੇਠਾ ਦਾ ਅਰਥ ਹੈ ਵੱਡਾ ਜਾਂ ਸ੍ਰੇਸ਼ਟ। ਇਹ ਨਿਰਾ ਸੰਜੋਗ ਨਹੀਂ, ਵਿਧੀ ਦਾ ਤੈ ਕੀਤਾ ਵਿਧਾਨ ਸੀ ਕਿ ਸ੍ਰੇਸ਼ਟਤਾ ਜਨਮ ਕਾਲ ਤੋਂ ਹੀ ਗੁਰੂ ਰਾਮਦਾਸ ਸਾਹਿਬ ਨਾਲ ਜੁੜ ਗਈ। ਬਾਸਰਕੇ ਤੇ ਗੋਇੰਦਵਾਲ ਸਾਹਿਬ ਵਿਚ ਛੋਲੇ ਵੇਚਦਿਆਂ ਵੀ ਸ੍ਰੇਸ਼ਟ ਰਹੇ ਕਿਉਂਕਿ ਕਦੇ ਮਨ ਦੀ ਅਵਸਥਾ ਡਿੱਗੀ ਨਹੀਂ। ਗੁਰੂ ਅਮਰਦਾਸ ਸਾਹਿਬ ਦੇ ਜਵਾਈ ਬਣੇ, ਤਾਂ ਸ੍ਰੇਸ਼ਟਤਾ ਸੇਵਾ ਵਿਚ ਮਿਸਾਲ ਬਣ ਕੇ ਪ੍ਰਗਟ ਹੋਈ। ਗੁਰੂ ਰਾਮਦਾਸ ਸਾਹਿਬ ਗੁਰਤਾ ਗੱਦੀ 'ਤੇ ਵਿਰਾਜਮਾਨ ਹੋਏ ਤਾਂ ਸ੍ਰੇਸ਼ਟਤਾ ਸਰੋਵਰ ਬਣ ਗਈ। ਵਡਿਆਈ ਕਦਮਤਾਲ ਕਰਦੀ ਗੁਰੂ ਸਾਹਿਬ ਦੇ ਨਾਲ-ਨਾਲ ਚੱਲਦੀ ਨਜ਼ਰ ਆਈ। ਪਿਤਾ ਦੇ ਦੇਹਾਂਤ ਤੋਂ ਬਾਅਦ ਗੁਰੂ ਸਾਹਿਬ ਇਕੱਲੇ ਰਹਿ ਗਏ, ਤਾਂ ਬਿਰਧ ਨਾਨੀ ਲਾਹੌਰ ਤੋਂ ਆਪਣੇ ਨਾਲ ਬਾਸਰਕੇ ਲੈ ਆਈ। ਬਸਰਕੇ ਗੁਰੂ ਅਮਰਦਾਸ ਸਾਹਿਬ ਦਾ ਪਿੰਡ ਸੀ। ਗੁਰੂ ਅਮਰਦਾਸ ਸਾਹਿਬ ਤਕਰੀਬਨ 62 ਸਾਲ ਦੇ ਹੋ ਚੁੱਕੇ ਸਨ ਤੇ ਅਜੇ ਗੁਰੂ ਅੰਗਦ ਸਾਹਿਬ ਨਾਲ ਮੇਲ ਦਾ ਸਬੱਬ ਨਹੀਂ ਬਣਿਆ ਸੀ। ਗੁਰੂ ਅਮਰਦਾਸ ਸਾਹਿਬ ਸਮਾਜਿਕ ਵਿਵਹਾਰ ਤਹਿਤ ਬਾਲ ਰੂਪ ਗੁਰੂ ਰਾਮਦਾਸ ਸਾਹਿਬ ਨੂੰ ਮਿਲਣ ਆਏ। ਇਹ ਲੋਕਾਚਾਰ ਤੋਂ ਵੱਧ ਵਿਸਮਾਦ ਭਰਿਆ ਮੇਲ ਸੀ। ਉਨ੍ਹਾਂ ਪੁੰਨ ਪ੍ਰਾਣੀਆਂ ਦਾ ਜਿਨ੍ਹਾਂ ਦੇ ਭਵਿੱਖ ਦੀ ਭੂਮਿਕਾ ਗੁਰੂ ਨਾਨਕ ਸਾਹਿਬ ਦੀ ਤੀਜੀ ਤੇ ਚੌਥੀ ਜੋਤ ਦੇ ਰੂਪ ਵਿਚ ਲਿਖੀ ਜਾ ਚੁੱਕੀ ਸੀ। ਗੁਰੂ ਅਮਰਦਾਸ ਸਾਹਿਬ ਕੋਲ ਉਸ ਵੇਲ ਦੇਣ ਲਈ ਭਰੋਸਾ ਤੇ ਸਾਥ ਸੀ। ਗੁਰੂ ਰਾਮਦਾਸ ਸਾਹਿਬ ਦੇ ਉਸ ਵਕਤ ਦੀ ਲੋੜ ਵੀ ਇਹੋ ਸੀ। ਵਿਲੱਖਣ ਇਤਿਹਾਸ ਲਿਖਿਆ ਜਾ ਰਿਹਾ ਸੀ। ਜਿਵੇਂ-ਜਿਵੇਂ ਗੁਰੂ ਅਮਰਦਾਸ ਸਾਹਿਬ ਦੀ ਸਮਰਥਾ ਵੱਧਦੀ ਗਈ, ਗੁਰੂ ਰਾਮਦਾਸ ਸਾਹਿਬ ਦੀ ਪਾਤਰਤਾ ਵੱਧਦੀ ਗਈ। ਇੱਕ ਸਮਾਂ ਆਇਆ ਕਿ ਗੁਰੂ ਅਮਰਦਾਸ ਸਾਹਿਬ ਕੋਲ ਦੇਣ ਲਈ ਪਰਮ ਪਦ, ਗੁਰੂ ਪਦ ਸੀ, ਤਾਂ ਗੁਰੂ ਰਾਮਦਾਸ ਸਾਹਿਬ ਇਸ ਪਦ ਦੇ ਪੂਰਨ ਯੋਗ ਬਣ ਚੁੱਕੇ ਸਨ। ਗੁਰੂ ਰਾਮਦਾਸ ਸਾਹਿਬ ਵਡਭਾਗੀ ਸਨ ਕਿ ਉਨ੍ਹਾਂ ਨੂੰ ਸੱਤ ਸਾਲ ਦੀ ਉਮਰ ਵਿਚ ਹੀ ਜੀਵਨ ਦਾ ਮਨੋਰਥ ਪ੍ਰਾਪਤ ਹੋ ਗਿਆ ਸੀ, ਭਟਕਣਾ ਨਹੀਂ ਪਿਆ।

ਗੁਰੂ ਅੰਗਦ ਸਾਹਿਬ ਦੀ ਸ਼ਰਣ ਵਿਚ ਆਉਣ ਤੋਂ ਬਾਅਦ ਗੁਰੂ ਅਮਰਦਾਸ ਸਾਹਿਬ ਦੀ ਕੀਤੀ ਸੇਵਾ ਭਗਤੀ ਸਾਰੀ ਸਿੱਖ ਸੰਗਤ ਲਈ ਚਾਨਣ ਮੁਨਾਰਾ ਬਣੀ ਹੀ, ਬਾਲ ਗੁਰੂ ਰਾਮਦਾਸ ਸਾਹਿਬ ਲਈ ਪੂਰਨ ਪ੍ਰੇਰਕ ਬਣ ਗਈ। ਗੁਰੂ ਅਮਰਦਾਸ ਸਾਹਿਬ ਭਾਵੇਂ ਖਡੂਰ ਸਾਹਿਬ ਆ ਗਏ ਸਨ ਪਰ ਗੁਰੂ ਰਾਮਦਾਸ ਸਾਹਿਬ ਦੀ ਸਾਰ ਲੈਂਦੇ ਰਹੇ ਕਿਉਂਕਿ ਵਚਨ ਦਿੱਤਾ ਹੋਇਆ ਸੀ। ਗੁਰੂ ਅੰਗਦ ਸਾਹਿਬ ਦੀ ਆਗਿਆ ਮੰਨ ਜਦੋਂ ਗੁਰੂ ਅਮਰਦਾਸ ਸਾਹਿਬ ਗੋਇੰਦਵਾਲ ਸਾਹਿਬ ਆ ਗਏ, ਤਾਂ ਗੁਰੂ ਰਾਮਦਾਸ ਸਾਹਿਬ ਵੀ ਆਪਣੀ ਨਾਨੀ ਨਾਲ ਬਸਰਕੇ ਛੱਡ ਕੇ ਗੋਇੰਦਵਾਲ ਸਾਹਿਬ ਆ ਗਏ। ਗੁਰੂ ਰਾਮਦਾਸ ਸਾਹਿਬ ਦੇ ਜੀਵਨ ਨੂੰ ਗਹਿਰਾਈ ਨਾਲ ਵੇਖਿਆਂ ਗਿਆਤ ਹੁੰਦਾ ਹੈ ਕਿ ਆਰੰਭ ਤੋਂ ਹੀ ਉਨ੍ਹਾਂ ਦਾ ਸੰਤ ਸਵਰੂਪ ਪ੍ਰਗਟ ਹੋਣ ਲੱਗ ਪਿਆ ਸੀ। ਮਾਤਾ – ਪਿਤਾ ਦੇ ਨਾ ਰਹਿਣ, ਸਬੰਧੀਆਂ ਦੇ ਮੂੰਹ ਫੇਰ ਲੈਣ, ਜਨਮ ਅਸਥਾਨ ਤੋਂ ਵਿਛੋੜਾ ਪੈ ਜਾਣ 'ਤੇ ਵੀ ਸੱਤ ਸਾਲ ਦੇ ਬਾਲ ਦਾ ਨਿਰਾਸ਼, ਉਦਾਸ ਨਾ ਹੋਣਾ, ਨਾਨੀ ਦੇ ਪਿੰਡ ਆ ਉਤਸ਼ਾਹ ਨਾਲ ਰੋਜ਼ਗਾਰ ਵਿਚ ਲੱਗ ਜਾਣਾ ਕੋਈ ਮਾਮੂਲੀ ਗੱਲ ਨਹੀਂ ਸੀ। ਇਸ ਲਈ ਵੱਡੇ ਸਬਰ, ਸੰਤੋਖ, ਸਹਿਜ ਦੀ ਲੋੜ ਸੀ, ਜੋ ਗੁਰੂ ਰਾਮਦਾਸ ਸਾਹਿਬ ਵਿਚ ਪ੍ਰਗਟ ਹੋਇਆ। ਅਜਿਹੇ ਗੁਣ ਵੱਡੇ-ਵੱਡੇ ਸੰਤ, ਸਾਧਕ ਲੋਚਦੇ ਹਨ। ਮਾਤਾ-ਪਿਤਾ ਦੀ ਥੁੜ ਉਨ੍ਹਾਂ ਨੇ ਪ੍ਰਮਾਤਮਾ ਨੂੰ ਮਾਤਾ, ਪਿਤਾ, ਭ੍ਰਾਤਾ, ਸਖਾ ਮੰਨ ਕੇ ਪੂਰੀ ਕਰ ਲਈ ਸੀ। ਪ੍ਰਮਾਤਮਾ ਜਿਸ ਹਾਲ ਵਿਚ ਰੱਖ ਰਿਹਾ ਸੀ, ਉਸ ਹਾਲ ਵਿਚ ਖੁਸ਼ ਰਹਿਣਾ ਗੁਰੂ ਰਾਮਦਾਸ ਸਾਹਿਬ ਨੇ ਸੱਤ ਸਾਲ ਦੀ ਉਮਰ ਵਿਚ ਹੀ ਸਿੱਖ ਲਿਆ ਸੀ।

ਤੂ ਅੰਤਰਜਾਮੀ ਹਰਿ ਆਪਿ ਜਿਉ ਤੂ ਚਲਾਵਹਿ ਪਿਆਰੇ ਹਉ ਤਿਵੈ ਚਲਾ ॥
ਹਮਰੈ ਹਾਥਿ ਕਿਛੁ ਨਾਹਿ ਜਾ ਤੂ ਮੇਲਹਿ ਤਾ ਹਉ ਆਇ ਮਿਲਾ ॥ (ਅੰਗ : 1115)

ਗੁਰੂ ਰਾਮਦਾਸ ਸਾਹਿਬ ਦੇ ਉਪਰੋਕਤ ਕਥਨ ਦੀ ਗਵਾਹੀ ਆਪ ਗੁਰੂ ਸਾਹਿਬ ਦਾ ਜੀਵਨ ਹੈ। ਗੁਰੂ ਸਾਹਿਬ ਨੇ ਪਰਮ ਪਦ ਪ੍ਰਾਪਤ ਕਰਨਾ ਸੀ। ਇਸ ਦਾ ਨਿਮਿੱਤ ਉਨ੍ਹਾਂ ਦੇ ਨਾਨੀ ਜੀ, ਪਿੰਡ ਬਾਸਰਕੇ, ਗੁਰੂ ਅਮਰਦਾਸ ਸਾਹਿਬ ਬਣੇ। ਅੰਤਰਜਾਮੀ ਪ੍ਰਮਾਤਮਾ ਆਪ ਹੀ ਸੰਜੋਗ ਬਣਾਉਂਦਾ ਚਲਾ ਗਿਆ। ਗੁਰੂ ਸਾਹਿਬ ਦਾ ਸਹਿਜ ਭਾਵ ਬਾਲ ਅਵਸਥਾ ਵਿਚ ਹੀ ਦ੍ਰਿੜ੍ਹ ਹੋ ਗਿਆ ਸੀ। ਮਾਤਾ-ਪਿਤਾ ਦੇ ਵਿਛੋੜੇ ਨੇ ਉਨ੍ਹਾਂ ਨੂੰ ਬੇਬਸ, ਬੇਆਸਰਾ ਨਹੀਂ ਮਹਿਸੂਸ ਹੋਣ ਦਿੱਤਾ। ਬਾਸਰਕੇ ਦੀਆਂ ਗਲੀਆਂ ਵਿਚ ਘੁੰਘਣੀਆਂ ਵੇਚਦਿਆਂ ਜੇ ਤਿਲ ਮਾਤਰ ਵੀ ਦੀਨ ਭਾਵ ਰਿਹਾ ਹੁੰਦਾ, ਤਾਂ ਗੁਰੂ ਸਾਹਿਬ ਲੋੜਵੰਦ ਲੋਕਾਂ ਨੂੰ ਮੁਫਤ ਘੁੰਘਣੀਆਂ ਵੰਡਦੇ ਨਜ਼ਰ ਨਾ ਆਉਂਦੇ। ਅਜਿਹੀ ਦਇਆ, ਫਰਾਖਦਿਲੀ, ਪਰੋਪਕਾਰਿਤਾ ਇੱਕ ਸਬਰ, ਸੰਤੋਖ ਭਰੇ ਦਿਲ ਵਿਚ ਹੀ ਜਨਮ ਲੈ ਸਕਦੀ ਹੈ। ਅਗਿਆਨਤਾ ਵੱਸ ਗੁਰੂ ਸਾਹਿਬ ਦੀ ਬਾਲ ਅਵਸਥਾ ਦਾ ਦੀਨ ਹੀਨ ਰੂਪ ਵਿਚ ਹਵਾਲਾ ਦੇਣਾ ਪੂਰਨ ਆਯੋਗ ਜਾਪਦਾ ਹੈ। ਗੁਰੂ ਰਾਮਦਾਸ ਸਾਹਿਬ ਦੀ ਵਡਿਆਈ ਇਹ ਸੀ ਕਿ ਜੋ ਵੀ ਹਾਲਾਤ ਸਾਹਮਣੇ ਆਏ, ਉਨ੍ਹਾਂ ਦਾ ਸੱਚ ਸਵੀਕਾਰ ਕਰਦਿਆਂ ਆਪ ਅਗਾਂਹ ਉਸ ਦਿਸ਼ਾ ਵੱਲ ਵਧਦੇ ਗਏ, ਜੋ ਪ੍ਰਮਾਤਮਾ ਨਾਲ ਮੇਲ ਦੀ ਦਿਸ਼ਾ ਸੀ। ਬਾਸਰਕੇ ਛੱਡ ਕੇ ਗੋਇੰਦਵਾਲ ਸਾਹਿਬ ਆ ਜਾਣਾ ਇਸ ਯਾਤਰਾ ਦਾ ਅਹਿਮ ਫੈਸਲਾ ਸੀ। ਗੁਰੂ ਅਮਰਦਾਸ ਸਾਹਿਬ ਦੀ ਕਿਰਪਾ ਨੇ ਪ੍ਰਮਾਤਮਾ ਦੀ ਸਮਰਥਾ ਨਾਲ ਜੋੜ ਗੁਰੂ ਰਾਮਦਾਸ ਸਾਹਿਬ ਨੇ ਜੀਵਨ ਜਿਉਣ ਦੀ ਜਾਚ ਸਿਖ ਲਈ ਸੀ।

ਹਮਰਾ ਜੋਰੁ ਸਭੁ ਰਹਿਓ ਮੇਰੇ ਬੀਰ ॥
ਹਰਿ ਕਾ ਤਨੁ ਮਨੁ ਸਭੁ ਹਰਿ ਕੈ ਵਸਿ ਹੈ ਸਰੀਰ ॥ 1 ॥ ਰਹਾਉ ॥

ਪ੍ਰਮਾਤਮਾ ਨੇ ਪਰਿਵਾਰਕ ਸਬੰਧ ਜੋੜੇ ਤੇ ਤੋੜੇ ਵੀ। ਗੁਰੂ ਰਾਮਦਾਸ ਸਾਹਿਬ ਸੰਸਾਰਕ ਸਬੰਧਾਂ ਤੇ ਸੰਸਾਰਕ ਬਲ ਦਾ ਸੱਚ ਜਾਣ ਲਿਆ ਤੇ ਜੀਵਨ ਪ੍ਰਮਾਤਮਾ ਦੇ ਹੁਕਮ ਅੰਦਰ ਪਾਬੰਦ ਕਰ ਲਿਆ। ਇਹ ਗੁਰੂ ਸਾਹਿਬ ਦਾ ਸੱਚਾ ਬਲ ਬਣ ਗਿਆ। ਗੋਇੰਦਵਾਲ ਸਾਹਿਬ ਵਿਚ ਗੁਰੂ ਸਾਹਿਬ ਦੀ ਕੀਤੀ ਸੇਵਾ ਦਾ ਆਧਾਰ ਇਹ ਬਲ ਹੀ ਸੀ। ਇਸ ਬਲ ਨੇ ਹੀ ਗੁਰੂ ਅਮਰਦਾਸ ਸਾਹਿਬ ਦੀ ਪਸੰਦ ਦਾ ਥੜ੍ਹਾ ਬਣਾਉਣ ਦੀ ਵਿਧੀ ਤੋਂ ਜਾਣੂੰ ਕਰਾਇਆ। ਸੇਵਾ ਦੀ ਮਹੱਤਤਾ ਦਾ ਗਿਆਨ ਪ੍ਰਦਾਨ ਕੀਤਾ। ਜਵਾਨ ਹੋ ਰਹੇ ਗੁਰੂ ਰਾਮਦਾਸ ਸਾਹਿਬ ਲੋਕਾਂ ਦੀ ਨਜ਼ਰ ਵਿਚ ਬਿਨਾ ਮਾਪਿਆਂ ਦੀ ਨਿਰਧਨ ਸੰਤਾਨ ਸਨ ਪਰ ਗੁਰੂ ਅਮਰਦਾਸ ਸਾਹਿਬ ਉਨ੍ਹਾਂ ਦੇ ਅੰਦਰ ਵਿਕਸਿਤ ਹੋ ਰਹੇ ਸੰਤ ਸਵਰੂਪ ਨੂੰ ਵੇਖ ਰਹੇ ਸਨ। ਗੁਰੂ ਅਮਰਦਾਸ ਜੀ ਨੇ ਸਰਬ ਪੱਖੋਂ ਸੰਪੂਰਨ ਜਾਣ ਕੇ ਹੀ ਆਪਣੀ ਸੁਪੁੱਤਰੀ ਬੀਬੀ ਭਾਣੀ ਜੀ ਦੇ ਵਰ ਲਈ ਉਨ੍ਹਾਂ ਦੀ ਚੋਣ ਕੀਤੀ ਹੋਵੇਗੀ। ਲੋਕਾਂ ਲਈ ਇਹ ਅਚਰਜ ਸੀ ਪਰ ਗੁਰੂ ਅਮਰਦਾਸ ਸਾਹਿਬ ਲਈ ਇਹ ਸੋਚ ਵਿਚਾਰ ਕੇ ਲਿਆ ਗਿਆ ਦੂਰਗਾਮੀ ਫੈਸਲਾ ਸੀ। ਗੁਰੂ ਅਮਰਦਾਸ ਸਾਹਿਬ ਨੇ ਇਹ ਵਡਿਆਈ ਆਪ ਗੁਰੂ ਰਾਮਦਾਸ ਸਾਹਿਬ ਵਿਚ ਪਾਈ ਸੀ।

ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਇ ॥ (ਅੰਗ : 164)

ਗੁਰੂ ਰਾਮਦਾਸ ਸਾਹਿਬ ਨੇ ਪ੍ਰਗਟ ਕੀਤਾ ਕਿ ਗੁਰਸਿੱਖ ਨੂੰ ਮਨ ਤਨ ਦੀ ਨਿਰਮਲਤਾ ਗੁਰੂ ਹੀ ਬਖਸ਼ਦਾ ਹੈ। ਗੁਰਸਿੱਖ ਦੇ ਅੰਦਰ ਦੀ ਵਡਿਆਈ ਦਰਅਸਲ ਗੁਰੂ ਦੀ ਹੀ ਵਡਿਆਈ ਹੈ। ਗੁਰਸਿੱਖ ਦੀ ਵਡਿਆਈ ਵਿਚ ਪ੍ਰਮਾਤਮਾ ਆਪ ਵਰਤਦਾ ਹੈ। ਇਹ ਭਾਵਨਾ ਗੁਰਸਿੱਖ ਨੂੰ ਸਦਾ ਨਿਮਰਤਾ ਵਿਚ ਰੱਖਦੀ ਹੈ। ਜਿਸ ਗੁਰੂ ਘਰ ਵਿਚ ਗੁਰੂ ਰਾਮਦਾਸ ਸਾਹਿਬ ਇੱਕ ਨਿਮਾਣੇ ਸੇਵਕ ਵਜੋਂ ਸੇਵਾ ਕਰਦੇ ਆਏ ਸਨ, ਉਸ ਘਰ ਦਾ ਮਾਣਯੋਗ ਜਵਾਈ ਬਣ ਜਾਣਾ ਇੱਕ ਵੱਡੀ ਘਟਨਾ ਸੀ ਪਰ ਗੁਰੂ ਸਾਹਿਬ ਦੀ ਨਾ ਭਾਵਨਾ ਬਦਲੀ, ਨਾ ਸਮਰਪਣ।

ਲਾਲਾ ਹਾਟਿ ਵਿਹਾਝਿਆ ਕਿਆ ਤਿਸੁ ਚਤੁਰਾਈ ॥
ਜੇ ਰਾਜਿ ਬਹਾਲੇ ਤਾ ਹਰਿ ਗੁਲਾਮੁ ਘਾਸੀ ਕਉ ਹਰਿ ਨਾਮੁ ਕਢਾਈ ॥
ਜਨ ਨਾਨਕ ਹਰਿ ਕਾ ਦਾਸੁ ਹੈ ਹਰਿ ਕੀ ਵਡਿਆਈ ॥ 4 ॥ (ਅੰਗ : 166)

ਗੁਰੂ ਰਾਮਦਾਸ ਸਾਹਿਬ ਦਾ ਉਪਰੋਕਤ ਵਚਨ ਹਰ ਸਿੱਖ ਲਈ ਅਨਮੋਲ ਤੇ ਸਦਾ ਧਿਆਨ 'ਚ ਰੱਖਣ ਜੋਗ ਹੈ। ਗੁਰਸਿੱਖ ਆਪਣੇ ਆਪ ਨੂੰ ਵਾਹਿਗੁਰੂ ਪ੍ਰਮਾਤਮਾ ਦਾ ਬੈ ਖਰੀਦ ਗੁਲਾਮ ਸਮਝੇ। ਪ੍ਰਮਾਤਮਾ ਜਿਸ ਅਵਸਥਾ ਵਿਚ ਰੱਖੇ ਉੱਚੀ ਜਾਂ ਨੀਵੀਂ, ਗੁਰਸਿੱਖ ਆਪਣੇ ਆਪ ਨੂੰ ਸਦਾ ਦਾਸ ਹੀ ਸਮਝਦਾ ਰਹੇ। ਉਹ ਦਾਸ ਇਸ ਕਾਰਣ ਹੈ ਕਿਉਂਕਿ ਉਸ ਅੰਦਰ ਨਾ ਕੋਈ ਗੁਣ ਹਨ, ਨਾ ਕੋਈ ਸਿਆਣਪ ਹੈ। ਆਪਣੀ ਮਤਿ, ਸਿਆਣਪ ਦਾ ਨਾ ਹੋਣਾ ਹੀ ਦਾਸ ਹੋਣਾ ਹੈ। ਅਜਿਹਾ ਦਾਸ ਹੋਣਾ ਹੀ ਗੁਰਸਿੱਖ ਦੀ ਵਡਿਆਈ ਹੈ, ਜੋ ਪ੍ਰਮਾਤਮਾ ਨੇ ਆਪ ਗੁਰਸਿੱਖ ਨੂੰ ਬਖਸ਼ੀ ਹੈ। ਬੈਖਰੀਦ ਦਾਸ ਹੋ ਕੇ ਹੀ ਗੁਰੂ ਦੀ ਮਤਿ ਧਾਰਨ ਕੀਤੀ ਜਾ ਸਕਦੀ ਹੈ।

ਗੁਰੂ ਰਾਮਦਾਸ ਸਾਹਿਬ ਦਾ ਦਾਸ ਭਾਵ ਹੀ ਉਨ੍ਹਾਂ ਦੀ ਅਪਾਰ ਵਡਿਆਈ ਤੇ ਉੱਤਮਤਾਂ ਦਾ ਆਧਾਰ ਬਣੀ। ਆਪ ਸੰਨ 1574 ਵਿਚ ਗੁਰਤਾਗੱਦੀ 'ਤੇ ਵਿਰਾਜਮਾਨ ਹੋਏ। ਗੁਰੂ ਸਾਹਿਬ ਨੇ ਗੁਰੂ ਅਮਰਦਾਸ ਸਾਹਿਬ ਦੇ ਹੁਕਮ ਤਹਿਤ ਅੰਮ੍ਰਿਤ ਸਰੋਵਰ ਦੀ ਉਸਾਰੀ ਨੂੰ ਪਹਿਲੀ ਤਰਜੀਹ ਦਿੱਤੀ, ਨਾਲ ਹੀ ਨਵਾਂ ਨਗਰ ਵਸਾਉਣ ਦਾ ਕਾਰਜ ਆਰੰਭ ਕਰ ਦਿੱਤਾ। ਸੰਨ 1577 ਵਿਚ ਗੁਰੂ ਸਾਹਿਬ ਦੇ ਵਸਾਏ ਨਗਰ ਦਾ ਨਾਮ ਰਾਮਦਾਸਪੁਰ ਪਿਆ। ਬਾਅਦ ਵਿਚ ਇਸ ਨਗਰ ਦਾ ਨਾਮ ਅੰਮ੍ਰਿਤਸਰ ਹੋ ਗਿਆ। ਗੁਰੂ ਰਾਮਦਾਸ ਸਾਹਿਬ ਨੇ ਇਸ ਨਗਰ ਨੂੰ ਬਹੁਪੱਖੀ ਸੱਭਿਆਚਾਰ, ਬਹੁ ਪੱਖੀ ਉੱਦਮਸ਼ੀਲਤਾ ਦੇ ਨਗਰ ਦੇ ਰੂਪ ਵਿਚ ਵਿਕਸਿਤ ਕੀਤਾ। ਗੁਰੂ ਸਾਹਿਬ ਨੇ ਆਪ ਸਾਰੇ ਕਿਰਤੀਆਂ ਨੂੰ ਵੱਸਣ ਵਿਚ ਹਰ ਤਰ੍ਹਾਂ ਦੀ ਮਦਦ ਕੀਤੀ। ਗੁਰੂ ਰਾਮਦਾਸ ਸਾਹਿਬ ਪੂਰਨ ਗੁਰੂ ਸਨ। ਆਪ ਦੀਆਂ ਦਾਤਾਂ ਬੇਅੰਤ ਸਨ, ਜੋ ਮਨੁੱਖੀ ਸਮਾਜ ਲਈ ਲਾਹੇਵੰਦ ਸਾਬਿਤ ਹੋਈਆਂ। ਜਿੱਥੇ ਆਪ ਦੀ ਬਾਣੀ ਗੁਰਸਿੱਖਾਂ ਨੂੰ ਨਿਹਾਲ ਕਰ ਰਹੀ ਸੀ, ਆਪ ਦਾ ਜੀਵਨ ਨਿਤ ਵਿਸਮਾਦ ਪੈਦਾ ਕਰ ਰਿਹਾ। ਗੁਰੂ ਸਾਹਿਬ ਨੂੰ ਜਦੋਂ ਵੀ ਗੁਰੂ ਕਾਰਜਾਂ ਤੋਂ ਸਮਾਂ ਮਿਲਦਾ, ਉਹ ਆਪ ਸਰੋਵਰ ਦੀ ਖੁਦਾਈ ਵਿਚ ਸ਼ਾਮਲ ਹੋ ਜਾਂਦੇ ਤੇ ਆਮ ਸੇਵਕ ਵਾਂਗੂੰ ਸਿਰ 'ਤੇ ਮਿੱਟੀ ਦੇ ਟੋਕਰੇ ਢੋਣ ਲੱਗ ਪੈਂਦੇ ਸਨ। ਗੁਰੂ ਸਾਹਿਬ ਸਪੁੱਤਰ ਗੁਰੂ ਅਰਜਨ ਸਾਹਿਬ ਉਸ ਵੇਲੇ ਪੰਦ੍ਹਰ ਵਰ੍ਹਿਆਂ ਦੇ ਸਨ। ਗੁਰੂ ਰਾਮਦਾਸ ਸਾਹਿਬ ਨੂੰ ਸੇਵਾ ਕਰਦਿਆਂ ਵੇਖ ਉਹ ਵੀ ਸੇਵਾ ਵਿਚ ਲੱਗ ਜਾਂਦੇ। ਸਰੋਵਰ ਨੂੰ ਪੱਕਾ ਕਰਾਉਣ ਦਾ ਸੁਭਾਗ ਗੁਰੂ ਅਰਜਨ ਸਾਹਿਬ ਨੂੰ ਆਪਣੇ ਗੁਰਤਾ ਕਾਲ ਵਿਚ ਪ੍ਰਾਪਤ ਹੋਇਆ, ਤਾਂ ਆਪ ਨੇ ਇਸ ਸਰੋਵਰ ਦੀ ਵਡਿਆਈ ਆਪਣੀ ਬਾਣੀ ਵਿਚ ਪ੍ਰਗਟ ਕੀਤੀ ।

ਸੰਤਹੁ ਰਾਮਦਾਸ ਸਰੋਵਰੁ ਨੀਕਾ ॥
ਜੋ ਨਾਵੈ ਸੋ ਕੁਲੁ ਤਰਾਵੈ ਉਧਾਰੁ ਹੋਆ ਹੈ ਜੀ ਕਾ ॥ (ਅੰਗ : 623)

ਗੁਰੂ ਅਰਜਨ ਸਾਹਿਬ ਕਿਉਂਕਿ ਆਪ ਸਰੋਵਰ ਦੀ ਉਸਾਰੀ ਦੇ ਗਵਾਹ ਸਨ, ਆਪ ਨੂੰ ਗਿਆਤ ਸੀ ਕਿ ਕਿਸ ਪਾਵਨ ਭਾਵਨਾ ਨਾਲ ਗੁਰੂ ਰਾਮਦਾਸ ਸਾਹਿਬ ਨੇ ਇਸ ਦੀ ਉਸਾਰੀ ਕਰਾਈ ਹੈ। ਉਸ ਭਾਵਨਾ ਨੇ ਇਸ ਸਰੋਵਰ ਨੂੰ ਪੁਨੀਤ ਕਰ ਦਿੱਤਾ ਹੈ। ਗੁਰੂ ਰਾਮਦਾਸ ਸਾਹਿਬ ਦੀ ਵਡਿਆਈ ਇਸ ਸਰੋਵਰ ਵਿਚ ਸਦਾ ਲਈ ਉਤਰ ਆਈ ਹੈ। ਇਸ ਸਰੋਵਰ ਵਿਚ ਇਸਨਾਨ ਆਪਣੇ ਤਨ, ਮਨ ਨੂੰ ਗੁਰੂ ਸਾਹਿਬ ਦੀ ਵਡਿਆਈ ਨਾਲ ਨਿਰਮਲ, ਨਿਹਾਲ ਕਰਨਾ ਹੈ। ਮਨੁੱਖ ਇਸ ਸਰੋਵਰ ਵਿਚ ਇਸਨਾਨ ਕਰ ਆਪਣਾ ਹੀ ਉਧਾਰ ਨਹੀਂ ਕਰਦਾ, ਉਸ ਦਾ ਪੂਰਾ ਕੁਲ ਤਰ ਜਾਂਦਾ ਹੈ। ਗੁਰੂ ਰਾਮਦਾਸ ਸਾਹਿਬ ਗੁਣੀ ਨਿਧਾਨ ਸਨ। ਭਾਈ ਗੁਰਦਾਸ ਜੀ ਨੇ ਆਪਣੀ ਵਾਰ 24 ਦੀ ਪਉੜੀ 14 ਵਿਚ ਕਿਹਾ ਕਿ ਗੁਰੂ ਰਾਮਦਾਸ ਸਾਹਿਬ ਦਾ ਦਰਬਾਰ ਹਰ ਦੋਖ ਤੋਂ ਮੁਕਤ ਨਿਰਦੋਖ ਹੈ, ਜਿੱਥੇ ਪ੍ਰਮਾਤਮਾ ਨਾਲ ਮੇਲ ਦੀ ਜੁਗਤ ਪ੍ਰਗਟ ਹੋ ਰਹੀ ਹੈ। ਗੁਰੂ ਸਾਹਿਬ ਦੇ ਦਰਬਾਰ ਦੀ ਵਡਿਆਈ ਬੇਅੰਤ ਹੈ, ਜੋ ਨਾ ਤਾਂ ਸਮਝੀ ਜਾ ਸਕਦੀ ਹੈ, ਨਾ ਸ਼ਬਦਾਂ ਰਾਹੀਂ ਬਿਆਨ ਕੀਤੀ ਜਾ ਸਕਦੀ ਹੈ, ਨਾ ਹੀ ਕ੍ਰਿਤ ਰਾਹੀਂ ਦਰਸਾਈ ਜਾ ਸਕਦੀ ਹੈ। ਭੱਟ ਸਾਹਿਬਾਨ ਨੇ ਤਾਂ ਗੁਰੂ ਸਾਹਿਬ ਦੀ ਸੱਤਾ ਵਿਚ ਸਾਰੇ ਬ੍ਰਹਿਮੰਡ, ਸਾਰੇ ਯੁੱਗ ਸਮੋਏ ਵੇਖੇ।

ਗੁਰੂ ਰਾਮਦਾਸ ਸਾਹਿਬ ਨੇ ਸਿੱਖਾਂ ਨੂੰ ਗੁਰਬਾਣੀ ਨਾਲ ਜੋੜਨ ਲਈ ਖ਼ਾਸ ਜਤਨ ਕੀਤੇ। ਆਪ ਨੇ ਗੁਰਬਾਣੀ ਦੇ ਉਤਾਰੇ ਕਰਾ ਕੇ ਸੰਗਤਾਂ ਨੂੰ ਉਪਲਬਧ ਕਰਾਏ। ਪਹਿਲੀ ਵਾਰ ਗੁਰੂ ਸਾਹਿਬ ਨੇ ਕੱਚੀ ਤੇ ਸੱਚੀ ਬਾਣੀ ਦਾ ਭੇਦ ਸਪੱਸ਼ਟ ਕਰਦਿਆਂ ਸੁਚੇਤ ਕੀਤਾ। ਆਪ ਨੇ ਆਪਣੀ ਬਾਣੀ ਅੰਦਰ ਗੁਰਸਿੱਖ ਦੇ ਜੀਵਨ ਦੀ ਮਰਿਆਦਾ ਵੀ ਬੰਨੀ। ਆਪਣੇ ਕਿਹਾ ਕਿ ਗੁਰਸਿੱਖ ਦਾ ਸਮਰਪਣ ਚਾਰ ਸੰਕਲਪਾਂ ਲਈ ਹੈ। ਪਹਿਲਾ ਸੰਕਲਪ ਸੰਸਾਰ ਤੋਂ ਨਿਰਲੇਪ ਹੋਣ ਦਾ, ਦੂਜਾ ਪ੍ਰਮਾਤਮਾ ਦੇ ਨਿਰਮਲ ਭੈ ਦਾ, ਤੀਜਾ ਸੰਕਲਪ ਪ੍ਰਮਾਤਮਾ ਦੇ ਪ੍ਰੇਮਮਈ ਵੈਰਾਗ ਦਾ ਤੇ ਚੌਥਾ ਸੰਕਲਪ ਸਹਿਜ ਅਵਸਥਾ ਦੀ ਪ੍ਰਾਪਤੀ ਦਾ ਹੈ। ਗੁਰੂ ਸਾਹਿਬ ਨੇ ਇਨ੍ਹਾਂ ਨੂੰ ਚਾਰ ਲਾਵਾਂ ਕਿਹਾ। ਇਹ ਜੀਵਨ ਦੇ ਚਾਰ ਥੰਮ੍ਹ ਵੀ ਹਨ ਤੇ ਭਗਤੀ ਦੀਆਂ ਚਾਰ ਪੌੜੀਆਂ ਵੀ। ਗੁਰੂ ਸਾਹਿਬ ਨੇ ਸਹਿਜ ਦੀ ਪ੍ਰਾਪਤੀ ਨੂੰ ਜੀਵਨ ਦਾ ਮਨੋਰਥ ਦੱਸਿਆ। ਗੁਰੂ ਸਾਹਿਬ ਦੇ ਕੁਲ 679 ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੁਸ਼ੋਭਿਤ ਹਨ।

ਹਰ ਗੁਰਸਿੱਖ ਗੁਰੂ ਰਾਮਦਾਸ ਸਾਹਿਬ ਦੀ ਸ਼ਰਣ ਮੰਗਦਾ ਹੈ। ਗੁਰੂ ਰਾਮਦਾਸ ਸਾਹਿਬ ਸੇਵਾ, ਨਿਮਰਤਾ, ਦਇਆ, ਪਰੋਪਕਾਰ ਦੇ ਪ੍ਰਕਾਸ਼ ਪੁੰਜ ਸਨ। ਗੁਰੂ ਰਾਮਦਾਸ ਸਾਹਿਬ ਦੀ ਸ਼ਰਣ ਅਤੁੱਲ ਰਾਮਦਾਸ ਸਰੋਵਰ ਵਿਚ ਇਸਨਾਨ ਕਰ ਗੁਰੂ ਸਾਹਿਬ ਦੀ ਵਡਿਆਈ ਨਾਲ ਤਨ ਤੇ ਮਨ ਨਿਰਮਲ ਕਰਨਾ ਹੈ।

## 'ਯਾਦ ਰੱਖਣ ਯੋਗ ਗੱਲਾਂ'


ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ 480-794-0325




- ਮਾੜਾ ਹਮਸਫਰ ਜ਼ਿੰਦਗੀ ਨੂੰ ਭਿੱਜੇ ਕਾਗਜ਼ ਦੀ ਤਰ੍ਹਾਂ ਕਰ ਦੇਂਦਾ ਹੈ, ਨਾ ਉਸ 'ਤੇ ਕੁਝ ਲਿਖ ਸਕਦੇ ਹੋ, ਨਾ ਹੀ ਉਹ ਸੜਦਾ ਹੈ।
- ਫੁਰਸਤ ਵੇਲੇ ਕੁਝ ਨਾ ਕੁਝ ਸੋਚਦੇ ਰਿਹਾ ਕਰੋ। ਜਿਵੇਂ ਜੰਗਲ ਵਿਚ ਰੁੱਖ ਦੇ ਪੁਰਾਣੇ ਪੱਤੇ ਡਿੱਗ ਕੇ ਉਸੇ ਰੁੱਖ ਵਾਸਤੇ ਖਾਦ ਦਾ ਕੰਮ ਕਰਦੇ ਹਨ, ਤੁਹਾਡੇ ਪੁਰਾਣੇ ਵਿਚਾਰ ਵੀ ਤੁਹਾਨੂੰ ਹੀ ਤਾਕਤ ਦੇਣਗੇ।
- ਮਿੱਤਰੋ ਠੰਢੇ ਰਿਹਾ ਕਰੋ, ਸ਼ਾਂਤੀ ਵਿਚ ਰਹਿਣਾ ਲਾਹੇਵੰਦ ਹੁੰਦਾ ਹੈ। ਜੇ ਅੱਗ ਫੱਕੋਗੇ, ਤਾਂ ਅੰਗਿਆਰ ਹੀ ਹੱਗੋਗੇ।
- ਇਨਸਾਨ ਦਾ ਬੱਚਿਆਂ 'ਤੇ ਵਿਸ਼ਵਾਸ ਘਟਿਆ ਤਾਂ ਕੁੰਡੇ ਦਾ ਰਿਵਾਜ਼ ਪਿਆ। ਇਨਸਾਨ ਦਾ ਇਨਸਾਨ ਤੋਂ ਭਰੋਸਾ ਉਠਿਆ, ਤਾਂ ਜਿੰਦਰੇ ਦੀ ਕਾਢ ਨਿਕਲੀ। ਹੁਣ ਵਿਸ਼ਵਾਸ/ਭਰੋਸਾ ਦਮ ਤੋੜ ਗਿਆ, ਤਾਂ ਸੀ.ਸੀ.ਟੀ.ਵੀ. ਕੈਮਰੇ ਦੀ ਖੋਜ ਨਿਕਲ ਆਈ।
- ਸਮੇਂ ਦੀ ਚਾਲ ਵੇਖੋ, ਜਿਸ ਨਾਚ ਨੂੰ ਵੇਖਣ ਲੋਕ ਲੁੱਕ-ਲੁੱਕ ਕੇ ਜਾਂਦੇ ਸਨ, ਨਾਚ ਦਾ ਨਾਮ ਵੀ ਚੰਗਾ ਨਹੀਂ ਸੀ (ਮੁਜਰਾ) ਅਤੇ ਨੱਚਣ ਵਾਲੀ ਨੂੰ ਤਵਾਇਫ਼ ਕਹਿੰਦੇ ਸੀ, ਅੱਜ ਉਸ ਤੋਂ ਵੱਧ ਅਸ਼ਲੀਲ ਡਾਂਸ ਇੱਜ਼ਤਦਾਰਾਂ ਦੀਆਂ ਪਰੀਆਂ ਆਪ ਫੇਸਬੁੱਕ ਅਤੇ ਇੰਸਟਾਗ੍ਰਾਮ 'ਤੇ ਪਰੋਸ ਰਹੀਆਂ ਹਨ ਅਤੇ ਮਾਂ-ਪਿਉ ਵੇਖ ਰਹੇ ਹਨ।

* ਕੋਈ ਕੰਮ ਕਰਦਿਆਂ ਨਵੀਂ ਸੋਚ ਆਵੇ, ਤਾਂ ਕੋਸ਼ਿਸ਼ ਕਰਕੇ ਉਸ ਨੂੰ ਲਿਖ ਲਵੋ। ਅੱਜਕੱਲ੍ਹ ਦੀ ਰੁਝੇਵਿਆਂ ਭਰੀ ਜ਼ਿੰਦਗੀ ਵਿਚ ਕਿਸੇ ਦੇ ਦਿਮਾਗ ਵਿਚ ਏਨੀ ਐਨਰਜੀ ਨਹੀਂ, ਭਵਿੱਖ ਵਿਚ ਕਰਨ ਵਾਲੇ ਕੰਮ ਸਟੋਰ ਕੀਤਾ ਜਾ ਸਕੇ।

ਪੰਜਾਬ ਮੇਲ USA

# ਕੀ ਯੁਧਿਸ਼ਟਰ ਵਾਕਿਆ ਹੀ ਧਰਮਰਾਜ ਸੀ?

ਬਲਰਾਜ ਸਿੰਘ ਸਿੱਧੂ ਕਮਾਂਡੈਂਟ.
ਪੰਡੋਰੀ ਸਿੱਧਵਾਂ 95011-00062
(Punjab Mail USA)





ਮਹਾਂਭਾਰਤ ਦੇ ਅਨੁਸਾਰ ਕੁੰਤੀ ਨੂੰ ਦੁਰਵਾਸਾ ਰਿਸ਼ੀ ਵੱਲੋਂ ਇੱਕ ਵਰਦਾਨ ਦਿੱਤਾ ਗਿਆ ਸੀ ਕਿ ਉਹ ਕਿਸੇ ਵੀ ਦੇਵਤੇ ਨੂੰ ਬੁਲਾ ਕੇ ਬੱਚਾ ਪੈਦਾ ਕਰ ਸਕਦੀ ਹੈ। ਇਸ ਵਰਦਾਨ ਦੀ ਸੱਚਾਈ ਜਾਨਣ ਦੀ ਉਤਸੁਕਤਾ ਵਿਚ ਉਸ ਨੇ ਸੂਰਜ ਨੂੰ ਬੁਲਾ ਲਿਆ, ਜਿਸ ਕਾਰਨ ਉਹ ਕੁੰਵਾਰੀ ਹੀ ਕਰਣ ਦੀ ਮਾਂ ਬਣ ਗਈ। ਲੋਕ ਲਾਜ ਅਤੇ ਬਦਨਾਮੀ ਤੋਂ ਬਚਣ ਲਈ ਉਸ ਨੂੰ ਕਰਣ ਦਾ ਤਿਆਗ ਕਰਨਾ ਪਿਆ। ਉਸ ਦਾ ਵਿਆਹ ਹਸਤਿਨਾਪੁਰ ਦੇ ਰਾਜੇ ਪਾਂਡੂ ਨਾਲ ਹੋ ਗਿਆ ਤੇ ਕੁਝ ਸਮੇਂ ਬਾਅਦ ਪਾਂਡੂ ਨੇ ਮਾਦਰੀ ਨਾਲ ਵੀ ਵਿਆਹ ਕਰਵਾ ਲਿਆ। ਅਜੇ ਉਨ੍ਹਾਂ ਦੇ ਕੋਈ ਬੱਚਾ ਪੈਦਾ ਨਹੀਂ ਸੀ ਹੋਇਆ ਕਿ ਪਾਂਡੂ ਸ਼ਿਕਾਰ ਖੇਡਣ ਲਈ ਜੰਗਲ ਵਿਚ ਗਿਆ, ਜਿੱਥੇ ਉਸ ਨੇ ਹਿਰਨ ਹਿਰਨੀ ਦੇ ਰੂਪ ਵਿਚ ਪ੍ਰੇਮ ਕਰ ਰਹੇ ਕਿੰਦਮ ਰਿਸ਼ੀ ਅਤੇ ਉਸ ਦੀ ਪਤਨੀ 'ਤੇ ਤੀਰ ਚਲਾ ਦਿੱਤੇ। ਕਿੰਦਮ ਨੇ ਮਰਦੇ ਹੋਏ ਉਸ ਨੂੰ ਸਰਾਪ ਦੇ ਦਿੱਤਾ ਕਿ ਜਦੋਂ ਵੀ ਉਹ ਕਿਸੇ ਇਸਤਰੀ ਨਾਲ ਸਰੀਰਕ ਸਬੰਧ ਬਣਾਏਗਾ, ਉਸ ਦੀ ਮੌਤ ਹੋ ਜਾਵੇਗੀ।

ਇਸ ਕਾਰਨ ਦੁਖੀ ਹੋ ਕੇ ਪਾਂਡੂ ਹਸਤਿਨਾਪੁਰ ਦਾ ਰਾਜ ਆਪਣੇ ਵੱਡੇ ਭਰਾ ਧ੍ਰਿਤਰਾਸ਼ਟਰ (ਜੋ ਕਿ ਅੰਨ੍ਹਾ ਸੀ) ਨੂੰ ਦੇ ਕੇ ਆਪ ਪਤਨੀਆਂ ਸਮੇਤ ਜੰਗਲ ਨੂੰ ਚਲਾ ਗਿਆ। ਉਥੇ ਕੁੰਤੀ ਨੇ ਉਸ ਨੂੰ ਆਪਣੇ ਵਰਦਾਨ ਬਾਰੇ ਦੱਸਿਆ ਤੇ ਉਸ ਦੀ ਸਹਿਮਤੀ ਨਾਲ ਯਮਰਾਜ ਤੋਂ ਯੁਧਿਸ਼ਟਰ, ਵਾਯੂ ਦੇਵ ਤੋਂ ਭੀਮ ਤੇ ਇੰਦਰ ਤੋਂ ਅਰਜਨ ਦੀ ਪ੍ਰਾਪਤੀ ਕੀਤੀ। ਇਸ ਤੋਂ ਬਾਅਦ ਉਸ ਨੇ ਉਹ ਮੰਤਰ ਮਾਦਰੀ ਨੂੰ ਦੇ ਦਿੱਤਾ, ਜਿਸ ਨੇ ਅਸ਼ਵਨੀ ਦੇਵਤਿਆਂ ਤੋਂ ਨਕੁਲ ਅਤੇ ਸਹਿਦੇਵ ਨੂੰ ਜਨਮ ਦਿੱਤਾ। ਕੁਝ ਸਮੇਂ ਬਾਅਦ ਇੱਕ ਦਿਨ ਪਾਂਡੂ ਨੇ ਮਾਦਰੀ ਨਾਲ ਸਬੰਧ ਬਣਾ ਲਏ, ਤਾਂ ਉਸ ਦੀ ਮੌਤ ਹੋ ਗਈ। ਮਿਥਿਹਾਸ ਅਨੁਸਾਰ ਯਮਰਾਜ ਨੂੰ ਧਰਮਰਾਜ ਵੀ ਕਿਹਾ ਜਾਂਦਾ ਹੈ ਕਿਉਂਕਿ ਉਹ ਮਰਨ ਤੋਂ ਬਾਅਦ ਹਰੇਕ ਵਿਅਕਤੀ ਦੇ ਚੰਗੇ-ਮਾੜੇ ਕੰਮਾਂ ਦੇ ਆਧਾਰ 'ਤੇ ਉਸ ਨੂੰ ਸਵਰਗ ਜਾਂ ਨਰਕ ਵਿਚ ਭੇਜਦਾ ਹੈ। ਯੁਧਿਸ਼ਟਰ ਕਿਉਂਕਿ ਧਰਮਰਾਜ ਦਾ ਪੁੱਤਰ ਸੀ ਤੇ ਬਚਪਨ ਤੋਂ ਹੀ ਸੱਚ ਬੋਲਣ ਵਾਲਾ, ਇਨਸਾਫ ਪਸੰਦ ਅਤੇ ਸ਼ਾਂਤ ਸੁਭਾਅ ਦਾ ਸੀ, ਇਸ ਲਈ ਲੋਕਾਂ ਉਸ ਨੂੰ ਧਰਮਰਾਜ ਕਹਿਣਾ ਸ਼ੁਰੂ ਕਰ ਦਿੱਤਾ।

ਪਰ ਕੀ ਯੁਧਿਸ਼ਟਰ ਵਾਕਿਆ ਹੀ ਧਰਮਰਾਜ ਸੀ? ਮਹਾਂਭਾਰਤ ਅਨੁਸਾਰ ਉਸ ਨੇ ਕਈ ਅਜਿਹੇ ਕੰਮ ਕੀਤੇ, ਜਿਨ੍ਹਾਂ ਦੀ ਧਰਮਰਾਜ ਦੀ ਉਪਾਧੀ ਪ੍ਰਾਪਤ ਵਿਅਕਤੀ ਤੋਂ ਉਮੀਦ ਨਹੀਂ ਕੀਤੀ ਜਾ ਸਕਦੀ। ਉਸ ਦਾ ਸਭ ਤੋਂ ਪਹਿਲਾ ਅਜਿਹਾ ਕੰਮ ਸੀ ਦਰੋਪਦੀ ਨੂੰ ਬਿਨਾਂ ਉਸ ਦੀ ਮਰਜ਼ੀ ਪੁੱਛਿਆਂ ਪੰਜਾਂ ਪਾਂਡਵਾਂ ਦੀ ਪਤਨੀ ਬਣਾ ਦੇਣਾ। ਕਥਾ ਮੁਤਾਬਕ ਜਦੋਂ ਅਰਜਨ ਦਰੋਪਦੀ ਨੂੰ ਸਵੰਬਰ ਵਿਚ ਜਿੱਤ ਕੇ ਭਰਾਵਾਂ ਸਮੇਤ ਘਰ ਪਹੁੰਚਿਆ, ਤਾਂ ਉਸ ਨੇ ਕੁੰਤੀ ਨੂੰ ਕਿਹਾ ਕਿ ਮਾਤਾ ਵੇਖ ਮੈਂ ਕੀ ਲੈ ਕੇ ਆਇਆ ਹਾਂ। ਕੁੰਤੀ ਘਰ ਦੇ ਕੰਮਾਂ ਵਿਚ ਮਸਰੂਫ ਸੀ ਕਿਉਂਕਿ ਉਸ ਸਮੇਂ ਪਾਂਡਵ ਦੁਰਯੋਧਨ ਵੱਲੋਂ ਉਨ੍ਹਾਂ ਨੂੰ ਲਾਕਸ਼ਾ ਗ੍ਰਹਿ (ਜਲਣਸ਼ੀਲ ਲਾਖ ਨਾਲ ਤਿਆਰ ਕੀਤਾ ਗਿਆ ਘਰ) ਵਿਖੇ ਅੱਗ ਲਗਾ ਕੇ ਸਾੜਨ ਦੀ ਸਾਜ਼ਿਸ਼ ਤੋਂ ਬਚ ਕੇ ਭੇਸ ਬਦਲ ਕੇ ਜੰਗਲਾਂ ਵਿਚ ਰਹਿ ਰਹੇ ਸਨ। ਇਸ ਕਾਰਨ ਕੁੰਤੀ ਨੇ ਸੋਚਿਆ ਹੋਵੇਗਾ ਕਿ ਅਰਜਨ ਸ਼ਾਇਦ ਜੰਗਲ ਵਿਚੋਂ ਕੋਈ ਸ਼ਿਕਾਰ ਜਾਂ ਫਲ ਆਦਿ ਲੈ ਕੇ ਆਇਆ ਹੈ। ਉਸ ਨੇ ਬਿਨਾਂ ਵੇਖੇ ਹੀ ਕਹਿ ਦਿੱਤਾ ਕਿ ਸਾਰੇ ਭਰਾ ਆਪਸ ਵਿਚ ਵੰਡ ਲਉ। ਉਸ ਵੇਲੇ ਯੁਧਿਸ਼ਟਰ ਜੋ ਕਿ ਦਰੋਪਦੀ ਦਾ ਜੇਠ ਲੱਗਦਾ ਸੀ, ਦਾ ਫਰਜ਼ ਬਣਦਾ ਸੀ ਕਿ ਉਹ ਆਪਣੀ ਮਾਂ ਨੂੰ ਦੱਸਦਾ ਕਿ ਦਰੋਪਦੀ ਕੋਈ ਵਸਤੂ ਨਹੀਂ, ਬਲਕਿ ਅਰਜਨ ਦੀ ਧਰਮ ਪਤਨੀ ਹੈ। ਪਰ ਦਰੋਪਦੀ ਦੀ ਖੂਬਸੂਰਤੀ 'ਤੇ ਮੋਹਿਤ ਹੋ ਜਾਣ ਕਾਰਨ ਉਸ ਨੇ ਅਜਿਹਾ ਕਰਨ ਦੀ ਬਜਾਏ ਕਹਿ ਦਿੱਤਾ ਕਿ ਮਾਤਾ ਜੀ ਦਾ ਹੁਕਮ ਤਾਂ ਮੰਨਣਾ ਹੀ ਪੈਣਾ ਹੈ। ਇਸ ਲਈ ਅੱਜ ਤੋਂ ਇਹ ਪੰਜਾਂ ਭਰਾਵਾਂ ਦੀ ਪਤਨੀ ਹੈ। ਯੁਧਿਸ਼ਟਰ ਦੀ ਇਸ ਹਰਕਤ ਕਾਰਨ ਦਰੋਪਦੀ ਨੂੰ ਕੌਰਵਾਂ ਹੱਥੋਂ ਕਈ ਵਾਰ ਬੇਇੱਜ਼ਤ ਹੋਣਾ ਪਿਆ ਸੀ।

ਦੂਸਰਾ ਉਸ ਨੂੰ ਜੂਆ ਖੇਡਣ ਦੀ ਭੈੜੀ ਆਦਤ ਸੀ ਤੇ ਉਸ ਨੂੰ ਇਹ ਪਤਾ ਸੀ ਕਿ ਉਹ ਸ਼ੁਕਨੀ ਨੂੰ ਜੂਏ ਵਿਚ ਕਦੇ ਵੀ ਨਹੀਂ ਹਰਾ ਸਕਦਾ। ਪਰ ਜੂਏ ਦੇ ਭੁੱਸ ਕਾਰਨ ਉਸ ਨੇ ਸ਼ੁਕਨੀ ਦੀ ਵੰਗਾਰ ਸਵੀਕਾਰ ਕਰ ਲਈ ਤੇ ਬਾਜ਼ੀ 'ਤੇ ਬਾਜ਼ੀ ਹਾਰਨ ਲੱਗ ਪਿਆ। ਜਦੋਂ ਉਹ ਆਪਣਾ ਰਾਜ ਪਾਟ ਹਾਰ ਗਿਆ, ਤਾਂ ਉਸ ਨੇ ਆਪਣੇ ਆਪ ਸਮੇਤ ਪੰਜਾਂ ਪਾਂਡਵਾਂ ਤੇ ਦਰੋਪਦੀ ਨੂੰ ਵੀ ਦਾਅ 'ਤੇ ਲਗਾ ਦਿੱਤਾ ਤੇ ਉਨ੍ਹਾਂ ਨੂੰ ਵੀ ਹਾਰ ਗਿਆ। ਉਸ ਦੀ ਇਸ ਮਾੜੀ ਹਰਕਤ ਕਾਰਨ ਹੀ ਦੁਸ਼ਾਸਣ ਨੇ ਭਰੀ ਸਭਾ ਵਿਚ ਦਰੋਪਦੀ ਦੀ ਸਾੜ੍ਹੀ ਲਾਹੁਣ ਦੀ ਕੋਸ਼ਿਸ਼ ਕੀਤੀ ਸੀ। ਇਸ ਤੋਂ ਇਲਾਵਾ ਜੂਏ ਦੀਆਂ ਸ਼ਰਤਾਂ ਮੁਤਾਬਕ ਪਾਂਡਵਾਂ ਨੂੰ 12 ਸਾਲ ਦਾ ਬਨਵਾਸ ਅਤੇ ਇੱਕ ਸਾਲ ਦਾ ਅਗਿਆਤਵਾਸ ਵੀ ਭੁਗਤਣਾ ਪਿਆ।


ਤੀਸਰਾ ਕੰਮ ਉਸ ਨੇ ਝੂਠ ਬੋਲਣ ਦਾ ਕੀਤਾ ਸੀ। ਕੁਰਕਸ਼ੇਤਰ ਯੁੱਧ ਦੇ ਦਸਵੇਂ ਦਿਨ ਭੀਸ਼ਮ ਪਿਤਾਮਾ ਦੇ ਜ਼ਖਮੀ ਹੋਣ ਤੋਂ ਬਾਅਦ ਕੌਰਵ ਸੈਨਾ ਦੀ ਕਮਾਨ ਗੁਰੂ ਦਰੋਣਾਚਾਰੀਆ ਨੇ ਸੰਭਾਲ ਲਈ ਸੀ। ਉਸ ਨੇ ਤਿੰਨ ਦਿਨ ਐਨਾ ਭਿਆਨਕ ਯੁੱਧ ਕੀਤਾ ਕਿ ਪਾਂਡਵ ਸੈਨਾ ਦੇ ਅਭਿਮੰਨਿਊ ਸਮੇਤ ਸੈਂਕੜੇ ਯੋਧੇ ਮਾਰੇ ਗਏ। ਉਸ ਵੇਲੇ ਕ੍ਰਿਸ਼ਨ ਨੇ ਸੁਝਾਇਆ ਕਿ ਕਿਸੇ ਤਰ੍ਹਾਂ ਦਰੋਣਾਚਾਰੀਆ ਨੂੰ ਬੇਹਥਿਆਰ ਕੀਤਾ ਜਾਵੇ। ਸਾਰੇ ਜਾਣਦੇ ਸਨ ਕਿ ਦਰੋਣਾਚਾਰੀਆ ਆਪਣੇ ਪੁੱਤਰ ਅਸ਼ਵਥਾਮਾ ਨੂੰ ਜਾਨ ਨਾਲੋਂ ਵੀ ਵੱਧ ਪਿਆਰ ਕਰਦਾ ਹੈ। ਜੇ ਉਸ ਦੀ ਮੌਤ ਦੀ ਝੂਠੀ ਖਬਰ ਦਰੋਣਾਚਾਰੀਆ ਤੱਕ ਪਹੁੰਚਾਈ ਜਾਵੇ, ਤਾਂ ਉਹ ਲੜਨਾ ਬੰਦ ਕਰ ਸਕਦਾ ਹੈ। ਇਸ ਲਈ ਸਾਜ਼ਿਸ਼ ਅਧੀਨ ਇੱਕ ਹਾਥੀ ਦਾ ਨਾਮ ਅਸ਼ਵਥਾਮਾ ਰੱਖਿਆ ਗਿਆ, ਜਿਸ ਨੂੰ ਭੀਮ ਨੇ ਮਾਰ ਦਿੱਤਾ। ਅਸ਼ਵਥਾਮਾ ਨੂੰ ਮੈਦਾਨੇ ਜੰਗ ਦੇ ਦੂਸਰੇ ਪਾਸੇ ਪਾਂਡਵਾਂ ਦੇ ਕਈ ਯੋਧਿਆਂ ਨੇ ਘੇਰਿਆ ਹੋਇਆ ਸੀ, ਤਾਂ ਜੋ ਉਹ ਦਰੋਣਾਚਾਰੀਆ ਕੋਲ ਨਾ ਪਹੁੰਚ ਸਕੇ। ਕ੍ਰਿਸ਼ਨ ਨੂੰ ਪਤਾ ਸੀ ਕਿ ਦਰੋਣਚਾਰੀਆ ਯੁਧਿਸ਼ਟਰ ਤੋਂ ਇਲਾਵਾ ਕਿਸੇ ਹੋਰ 'ਤੇ ਯਕੀਨ ਨਹੀਂ ਕਰੇਗਾ। ਯੁਧਿਸ਼ਟਰ ਨੇ ਪਹਿਲਾਂ ਤਾਂ ਝੂਠ ਬੋਲਣ ਤੋਂ ਇਨਕਾਰ ਕਰ ਦਿੱਤਾ ਪਰ ਫਿਰ ਸਮਝਾਉਣ ਬੁਝਾਉਣ 'ਤੇ ਇਸ ਸਾਜ਼ਿਸ਼ ਵਿਚ ਸ਼ਾਮਲ ਹੋ ਗਿਆ। ਜਦੋਂ ਅਸ਼ਵਥਾਮਾ ਦੇ ਮਰਨ ਦੀ ਝੂਠੀ ਖਬਰ ਦਰੋਣਾਚਾਰੀਆ ਕੋਲ ਪਹੁੰਚੀ, ਤਾਂ ਉਸ ਨੇ ਯੁਧਿਸ਼ਟਰ ਤੋਂ ਸੱਚਾਈ ਜਾਨਣੀ ਚਾਹੀ। ਯੁਧਿਸ਼ਟਰ ਨੇ ਉੱਚੀ ਅਵਾਜ਼ ਵਿਚ ਕਹਿ ਦਿੱਤਾ ਕਿ ਅਸ਼ਵਥਾਮਾ ਮਰ ਗਿਆ ਹੈ ਤੇ ਫਿਰ ਹੌਲੀ ਜਿਹੀ ਕਿਹਾ ਕਿ ਉਹ ਇੱਕ ਹਾਥੀ ਸੀ। ਹਾਥੀ ਵਾਲੇ ਸ਼ਬਦ ਉਸ ਨੇ ਜਾਣਬੁੱਝ ਕੇ ਬਹੁਤ ਧੀਮੀ ਆਵਾਜ਼ ਵਿਚ ਬੋਲੇ, ਤਾਂ ਜੋ ਜੰਗ ਦੇ ਚੀਕ ਚਿਹਾੜੇ ਵਿਚ ਦਰੋਣਾਚਾਰੀਆ ਉਨ੍ਹਾਂ ਨੂੰ ਨਾ ਸੁਣ ਸਕੇ। ਇਹ ਸੁਣਦੇ ਸਾਰੇ ਦਰੋਣਾਚਾਰੀਆ ਨੇ ਹਥਿਆਰ ਸੁੱਟ ਦਿੱਤੇ ਤੇ ਧਰਤੀ 'ਤੇ ਚੌਂਕੜੀ ਮਾਰ ਕੇ ਬੈਠ ਗਿਆ। ਇਸ 'ਤੇ ਦਰੋਪਦੀ ਦੇ ਭਰਾ ਧ੍ਰਿਸ਼ਟਦੁਮਨ ਨੇ ਉਸ ਦਾ ਸਿਰ ਵੱਢ ਦਿੱਤਾ ਕਿਉਂਕਿ ਦਰੋਣਾਚਾਰੀਆ ਨੇ ਉਸ ਦੇ ਬਾਪ ਦਰੁਪਦ ਨੂੰ ਕਿਸੇ ਸਮੇਂ ਜੰਗ ਵਿਚ ਬੁਰੀ ਤਰ੍ਹਾਂ ਹਰਾਇਆ ਸੀ।

# ਆਜ਼ਾਦੀ ਸੰਗਰਾਮ ਦੀ ਚਸ਼ਮਦੀਦ ਗਵਾਹ ਮਾਤਾ ਸੁਰਜੀਤ ਕੌਰ

## 14 ਸਤੰਬਰ 2024 ਬਰਸੀ 'ਤੇ ਵਿਸ਼ੇਸ਼

ਡਾ. ਚਰਨਜੀਤ ਸਿੰਘ ਗੁਮਟਾਲਾ
ਵਟਸ ਐਪ : 91-94175-33060,
001-937-573-9812 (ਯੂ.ਐੱਸ.ਏ.)
ਪੰਜਾਬ ਮੇਲ USA






ਸਵ: ਸ੍ਰੀਮਤੀ ਸੁਰਜੀਤ ਕੌਰ
ਮਿਤੀ-14-09-2023 (ਉਮਰ 108) ਸੁਪਤਨੀ ਵੀਰ ਸਿੰਘ ਵੀਰ, ਪ੍ਰਸਿੱਧ ਪੰਜਾਬੀ ਕਵੀ ਅਤੇ ਸੁਤੰਤਰਤਾ ਸੈਨਾਨੀ

ਮਾਤਾ ਸੁਰਜੀਤ ਕੌਰ ਸੁਪਤਨੀ ਵੀਰ ਸਿੰਘ ਵੀਰ, ਪ੍ਰਸਿੱਧ ਪੰਜਾਬੀ ਕਵੀ ਅਤੇ ਸੁਤੰਤਰਤਾ ਸੈਨਾਨੀ ਦਾ ਜਨਮ ਲਾਹੌਰ ਦੇ ਨਵਾਂ ਧਰਮਪੁਰਾ ਗਲੀ ਨੰ: 3, ਗੁਰਦੁਆਰਾ ਸਿੰਘ ਸਭਾ ਪਾਕਿਸਤਾਨ ਵਿਖੇ ਹੋਇਆ। ਆਪ ਦੇ ਪਿਤਾ ਦਾ ਨਾਂ ਸ. ਜੱਸਾ ਸਿੰਘ ਤੇ ਦਾ ਨਾਂ ਸ਼੍ਰੀਮਤੀ ਰਾਜ ਕੌਰ ਸੀ। ਆਪ ਛੋਟੀ ਉਮਰ ਦੇ ਸਨ ਜਦ ਆਪ ਦੇ ਮਾਤਾ ਅਕਾਲ ਚਲਾਣਾ ਕਰ ਗਏ। ਆਪ ਦਾ ਵਿਆਹ ਸੰਨ 1942 ਈ. ਵਿਚ ਅੰਮ੍ਰਿਤਸਰ ਦੇ ਨਾਮਵਰ ਕਵੀ ਸ. ਵੀਰ ਸਿੰਘ ਵੀਰ ਜੀ ਨਾਲ ਹੋਇਆ, ਜੋ ਕਿ ਉਸ ਸਮੇਂ ਦੇ ਮਸ਼ਹੂਰ ਆਜ਼ਾਦੀ ਘੁਲਾਟੀਏ ਸੋਹਣ ਸਿੰਘ ਜਲਾਲਉਸਮਾ, ਮੋਹਨ ਸਿੰਘ ਨਾਗੋਕੇ, ਦਰਸ਼ਨ ਸਿੰਘ ਫੇਰੂਮਾਨ, ਈਸ਼ਰ ਸਿੰਘ ਮਝੈਲ, ਗਿਆਨੀ ਗੁਰਮੁਖ ਸਿੰਘ ਮੁਸਾਫਿਰ, ਪ੍ਰਤਾਪ ਸਿੰਘ ਕੈਰੋਂ, ਗਿਆਨੀ ਜ਼ੈਲ ਸਿੰਘ, ਜੋ ਮੁੱਖ ਮੰਤਰੀ ਪੰਜਾਬ ਤੇ ਬਾਦ ਵਿਚ ਰਾਸ਼ਟਰਪਤੀ ਬਣੇ, ਗਿਆਨੀ ਪ੍ਰਤਾਪ ਸਿੰਘ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਗੁਰਦਿਆਲ ਸਿੰਘ ਢਿੱਲੋਂ ਸਪੀਕਰ ਲੋਕ ਸਭਾ ਦੇ ਬਹੁਤ ਨਿਕਟਵਰਤੀ ਸਾਥੀ ਸਨ ਤੇ ਇਨ੍ਹਾਂ ਨਾਲ ਹੀ ਵੀਰ ਸਿੰਘ ਹਰ ਮੋਰਚੇ 'ਤੇ ਰਹਿੰਦੇ ਸਨ। ਆਜ਼ਾਦੀ ਦੀ ਲਹਿਰ ਜ਼ੋਰਾਂ 'ਤੇ ਸੀ ਤੇ ਮਹਾਤਮਾ ਗਾਂਧੀ ਵਲੋਂ ਅੰਗਰੇਜ਼ ਭਾਰਤ ਛੱਡ ਦਾ ਅੰਦੋਲਨ ਸਿਖਰ 'ਤੇ ਸੀ। ਮਾਤਾ ਸੁਰਜੀਤ ਕੌਰ ਦੇ ਵਿਆਹ ਵਾਲੇ ਦਿਨ ਸ਼ਾਮ ਨੂੰ ਵੀਰ ਸਿੰਘ ਵੀਰ ਨੂੰ ਘਰੋਂ ਪੁਲਿਸ ਨੇ ਗ੍ਰਿਫਤਾਰ ਕਰ ਲਿਆ। ਵੀਰ ਸਿੰਘ ਵੀਰ ਉਸ ਸਮੇਂ ਸੋਹਣ ਸਿੰਘ ਜਲਾਲਉਸਮਾ, ਦਰਸ਼ਨ ਸਿੰਘ ਫੇਰੂਮਾਨ, ਮੋਹਣ ਸਿੰਘ ਨਾਗੋਕੇ, ਈਸ਼ਰ ਸਿੰਘ ਮਝੈਲ ਹੋਰਾਂ ਨਾਲ ਮਹਾਤਮਾ ਗਾਂਧੀ ਵੱਲੋਂ ਲਾਏ ਮੋਰਚੇ ਵਿਚ ਸ਼ਾਮਿਲ ਸਨ। ਬੀਬੀ ਸੁਰਜੀਤ ਕੌਰ ਉਸੇ ਸ਼ਾਮ ਨੂੰ ਵੀਰ ਸਿੰਘ ਦੀ ਰੋਟੀ ਜੇਲ੍ਹ ਵਿਚ ਦੇਣ ਗਏ। ਜਿਥੇ ਕਿ ਅੰਗਰੇਜ਼ੀ ਹਕੂਮਤ ਨੇ ਬੀਬੀ ਸੁਰਜੀਤ ਕੌਰ ਨੂੰ ਗ੍ਰਿਫਤਾਰ ਕਰ ਲਿਆ ਤੇ ਜੇਲ੍ਹ ਹੋ ਗਈ। ਉਸ ਤੋਂ ਬਾਅਦ ਬੀਬੀ ਸੁਰਜੀਤ ਕੌਰ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ। ਉਹ ਆਪਣੇ ਪੇਕੇ ਘਰ ਲਾਹੌਰ ਚਲੇ ਗਏ। ਕੁਝ ਦਿਨਾਂ ਬਾਅਦ ਹੀ 1947 ਵਿਚ ਦੇਸ਼ ਦੀ ਵੰਡ ਉਹ ਪੇਕੇ ਪਰਿਵਾਰ ਨਾਲੋਂ ਵਿਛੜ ਗਏ ਤੇ ਬਹੁਤ ਹੀ ਮੁਸ਼ਕਿਲਾਂ ਨਾਲ ਡਾ. ਮਨਮੋਹਨ ਸਿੰਘ ਜੋ ਕਿ ਬਾਦ ਵਿਚ ਪ੍ਰਧਾਨ ਮੰਤਰੀ ਬਣੇ, ਦੀ ਮਾਤਾ ਕ੍ਰਿਸ਼ਨ ਕੌਰ ਨਾਲ ਅੰਮ੍ਰਿਤਸਰ ਵਿਖੇ ਪਹੁੰਚੇ। ਇਥੇ ਖਾਲਸਾ ਕਾਲਜ ਦੇ ਕੈਂਪ ਵਿਚ ਰਹੇ ਅਤੇ ਕੁਝ ਦਿਨਾਂ ਬਾਅਦ ਆਪਣੇ ਸਹੁਰੇ ਘਰ ਪਹੁੰਚੇ।

ਜਿਸ ਸਮੇਂ ਦੇਸ਼ ਆਜ਼ਾਦ ਹੋਇਆ, ਤਾਂ ਆਪਣੇ ਪਤੀ ਵੀਰ ਸਿੰਘ ਨਾਲ ਬੇਹੱਦ ਗਰੀਬੀ ਭਰੇ ਦਿਨ ਦੇਖੇ। ਮਿਹਨਤ ਮਜ਼ਦੂਰੀ ਕਰਕੇ ਆਪਣੇ ਪਤੀ ਦਾ ਸਾਥ ਦਿੱਤਾ। ਬਾਬਾ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ ਵੀ ਗੁਆਂਢ ਰਹਿਣ ਲੱਗ ਪਏ। ਉਹ ਵੀਰ ਸਿੰਘ ਦੀਆਂ ਦੇਸ਼ ਪ੍ਰਤੀ ਸੇਵਾਵਾਂ ਤੋਂ ਬਹੁਤ ਪ੍ਰਭਾਵਿਤ ਹੋਏ ਤੇ ਸੁਰਜੀਤ ਕੌਰ ਨੂੰ ਆਪਣੀ ਧੀ ਬਣਾ ਲਿਆ। ਸੁਰਜੀਤ ਕੌਰ ਉਨ੍ਹਾਂ ਦੇ ਗ੍ਰਹਿ ਵਿਖੇ ਲੰਗਰ ਦੀ ਸੇਵਾ ਕਰਦੇ ਅਤੇ ਕਈ ਕਾਂਗਰਸੀ ਲੀਡਰ ਉਥੇ ਬਾਬਾ ਗੁਰਦਿੱਤ ਸਿੰਘ ਨੂੰ ਮਿਲਣ ਲਈ ਪਹੁੰਚਦੇ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀਰ ਸਿੰਘ ਵੀਰ ਨੂੰ ਗੁਰਦੁਆਰਾ ਸਾਹਿਬ ਸਾਰਾਗੜ੍ਹੀ, ਅੰਮ੍ਰਿਤਸਰ ਵਿਖੇ ਗ੍ਰੰਥੀ ਸਿੰਘ ਦੀ ਸੇਵਾ ਵਜੋਂ ਨਿਯੁਕਤ ਕੀਤਾ। ਬਾਅਦ ਵਿਚ ਪ੍ਰਤਾਪ ਸਿੰਘ ਕੈਰੋਂ ਜਦੋਂ ਮੁੱਖ ਮੰਤਰੀ, ਪੰਜਾਬ ਬਣੇ ਤਾਂ ਉਨ੍ਹਾਂ ਵੀਰ ਸਿੰਘ ਨੂੰ ਲੋਕ ਸੰਪਰਕ ਵਿਭਾਗ ਦੇ ਵਿਚ ਨੌਕਰੀ ਦੇ ਦਿੱਤੀ। ਗਿਆਨੀ ਜ਼ੈਲ ਸਿੰਘ ਨਾਲ ਬਹੁਤ ਹੀ ਨਿੱਘਾ ਰਿਸ਼ਤਾ ਸੀ। ਇਥੇ ਇਹ ਕਹਿਣਾ ਜ਼ਰੂਰੀ ਹੈ ਕਿ ਡਾ. ਮਨਮੋਹਨ ਸਿੰਘ ਸਾਬਕਾ ਪ੍ਰਧਾਨ ਮੰਤਰੀ ਦੀ ਮਾਤਾ ਕਿਸ਼ਨ ਕੌਰ ਜੋ ਕਿ ਇਨ੍ਹਾਂ ਦੇ ਘਰ ਲਾਗੇ ਰਹਿੰਦੇ ਸਨ ਤੇ ਮਾਤਾ ਸੁਰਜੀਤ ਕੌਰ ਵਿਚ ਭੈਣਾਂ ਵਰਗਾ ਪਿਆਰ ਸੀ। ਗੁਰਦਿਆਲ ਸਿੰਘ ਢਿੱਲੋਂ ਜਦੋਂ ਕੈਨੇਡਾ ਦੇ ਰਾਜਦੂਤ ਬਣੇ, ਤਾਂ ਉਨ੍ਹਾਂ ਨੇ ਵੀਰ ਸਿੰਘ ਨੂੰ ਪਰਿਵਾਰ ਸਮੇਤ ਕੈਨੇਡਾ ਵਿਚ ਰਹਿਣ ਦਾ ਸੱਦਾ ਦਿੱਤਾ। ਪਰ ਇਸ ਜੋੜੀ ਨੇ ਕੈਨੇਡਾ ਨਾਲੋਂ ਅੰਮ੍ਰਿਤਸਰ ਨੂੰ ਪਹਿਲ ਦਿੱਤੀ।

ਆਪ 14 ਸਤੰਬਰ 2023 ਨੂੰ 108 ਸਾਲ ਦੀ ਉਮਰ ਭੋਗ ਕੇ ਅਕਾਲ ਚਲਾਣਾ ਕਰ ਗਏ। ਉਹ ਆਪਣੇ ਪਿੱਛੇ ਇਕ ਬੇਟਾ , ਇਕ ਬੇਟੀ ਤੇ ਦੋ ਪੋਤਰੇ ਛੱਡ ਗਏ ਹਨ। ਬੇਟਾ ਅਮਰਜੀਤ ਸਿੰਘ ਭਾਟੀਆ 1982 ਤੋਂ ਸਪਤਾਹਿਕ ਪੱਤਰ ਦਲੇਰ ਖ਼ਾਲਸਾ ਕੱਢ ਰਹੇ ਹਨ। ਵੱਡਾ ਪੋਤਰਾ ਮਨਪ੍ਰੀਤ ਸਿੰਘ ਮਾਸਿਕ ਪਰਚਾ ਅਣਖ਼ੀ ਜੋਧਾ 2009 ਤੋਂ ਕੱਢ ਰਹੇ ਹਨ। ਛੋਟਾ ਪੋਤਰਾ ਸਰਬਜੀਤ ਸਿੰਘ ਅੰਮ੍ਰਿਤਸਰ ਸਹਿਕਾਰੀ ਬੈਂਕ ਵਿਚ ਕਲਰਕ ਹੈ। ਇਸ ਤਰ੍ਹਾਂ ਜਿੱਥੇ ਆਪ ਦੇ ਪਤੀ ਦੇਸ਼ ਭਗਤ ਤੇ ਪ੍ਰਸਿੱਧ ਸਟੇਜੀ ਕਵੀ ਸਨ, ਉੱਥੇ ਆਪਦਾ ਬੇਟਾ ਤੇ ਪੋਤਰਾ ਪੰਜਾਬੀ ਸਾਹਿਤ ਦੀ ਸੇਵਾ ਕਰਕੇ ਨਾਮਣਾ ਖੱਟ ਰਹੇ ਹਨ।

# ਵਰਿਆਮ ਸਿੰਘ ਸੰਧੂ ਦਾ ਵੇਖਿਆ, ਜਾਣਿਆ ਸੋਹਣ ਸਿੰਘ ਸੀਤਲ




-ਦਿਲਜੀਤ ਸਿੰਘ ਬੇਦੀ
ਪੰਜਾਬ ਮੇਲ USA



ਇਹ ਹੱਥਲੀ ਕਿਤਾਬ ਵਿਚ ਮਾਂ ਬੋਲੀ ਪੰਜਾਬੀ ਦੇ ਨਾਮਵਰ ਸਪੁੱਤਰ ਡਾ. ਵਰਿਆਮ ਸਿੰਘ ਸੰਧੂ ਨੇ ਗਿ. ਸੋਹਣ ਸਿੰਘ ਸੀਤਲ ਦੇ ਬਚਪਨ ਦੇ ਰੰਗ ਅਧਿਆਏ ਨੂੰ ਅੱਗੋਂ ਚਾਰ ਸੈਮੀ ਸਿਰਲੇਖਾਂ ਹੇਠ ਜਿਵੇਂ (ੳ) ਮਨ ਦਾ ਜ਼ਰਖੇਜ ਹੋਣਾ (ਅ) ਨਾਮ-ਕਰਨ (ੲ) ਪਰਿਵਾਰਕ ਦੁਸ਼ਮਣੀ (ਸ) ਮਰਦਾ-ਮਰਦਾ ਬਚਿਆ ਵਿਚ ਵੰਡਿਆ ਹੈ। ਇਸ ਤੋਂ ਅੱਗੇ 47 ਸਿਰਲੇਖਾਂ ਹੇਠ ਗਿ. ਸੋਹਣ ਸਿੰਘ ਸੀਤਲ ਦੇ ਜੀਵਨ ਅਤੇ ਸਾਹਿਤ ਬਾਰੇ ਬਹੁਤ ਨੇੜਿਓ, ਵੇਖਿਆ ਜਾਣਿਆਂ ਸੋਹਣ ਸਿੰਘ ਸੀਤਲ ਸਬੰਧੀ ਨਿੱਠ ਕੇ ਚਾਨਣਾ ਪਾਇਆ ਹੈ। ਸਾਹਿਤਕ ਸਫਰ ਤੇ ਉਨ੍ਹਾਂ ਦੇ ਜੀਵਨ ਚਰਿੱਤਰ ਨੂੰ ਭਾਵਪੂਰਤ ਤੇ ਦਿਲਚਸਪ ਢੰਗ ਨਾਲ ਅੰਕਿਤ ਕੀਤਾ ਹੈ। ਇਸ ਛੋਟੀ ਜਿਹੀ ਕਿਤਾਬ 'ਚ ਸੋਹਣ ਸਿੰਘ ਸੀਤਲ ਬਾਰੇ ਹਰ ਤਰ੍ਹਾਂ ਦੀ ਜਾਣਕਾਰੀ ਉਪਲੱਬਧ ਹੈ। ਜਿਵੇਂ ਖੇਡ ਸਹੇਲੀ, ਪੜ੍ਹਾਈ ਦਾ ਸਫ਼ਰ, ਵਾਹੀ ਕਰਨੀ ਪਈ, ਕਲਮ ਦਾ ਸਫ਼ਰ, ਪਹਿਲਾਂ ਕਵਿਤਾ ਹੀ ਕਿਉਂ ਲਿਖੀ, ਢਾਡੀ ਬਣਨਾ, ਜੀਵਨ ਵਿਚ ਚਮਤਕਾਰੀ ਤਬਦੀਲੀ, ਐਸੀ ਲੱਗੀ ਟਕੋਰ, ਦੋ ਪੱਥ ਪ੍ਰਦਰਸ਼ਕ ਬੀਬੀਆਂ, ਜਦੋਂ ਮੈਂ ਗੀਤ ਲਿਖਦਾ ਹਾਂ, ਕੀਮਾ-ਮਲਕੀ ਮੁਹੰਮਦ ਸਦੀਕ ਤੇ ਸੋਹਣ ਸਿੰਘ ਸੀਤਲ, ਦੇਸ਼ ਦੀ ਵੰਡ, ਘਰ-ਬਾਰ ਛੱਡਣਾ ਤੇ ਬਰਕਤ ਦੀ ਕਹਾਣੀ, ਜਦੋਂ ਸਿੱਖ ਆਗੂਆਂ ਨੇ ਅਕਾਲੀ ਪਾਰਟੀ ਵਿਚੋਂ ਕੱਢਿਆ, ਬੰਦੇ ਨੂੰ ਡੋਲਣਾ ਨਹੀਂ ਚਾਹੀਦਾ, ਜ਼ਬਾਨ ਦੀ ਕੀਮਤ, ਪਾਰਟੀ ਤੇ ਲੇਖਕ ਦਾ ਸੰਬੰਧ, ਮੇਰਾ ਰੁੱਸੇ ਨਾ ਕਲਗੀਆਂ ਵਾਲਾ, ਰਾਜਨੀਤੀ ਬਾਰੇ, ਮਰਨ-ਵਰਤ ਰੱਖਣਾ ਮੇਰਾ ਕੰਮ ਨਹੀਂ, ਬਹੁਤੇ ਅਮੀਰ ਤੇ ਬਹੁਤੇ ਗ਼ਰੀਬ ਦਾ ਕੋਈ ਧਰਮ ਨਹੀਂ ਹੁੰਦਾ। ਉਏ ਸੀਤਲਾ, ਪੁੱਤ ਜੰਮਣ ਤੇ ਕੰਧਾਂ ਕੰਬਣ, ਗੁਰੂ ਨਾਨਕ ਪਾਤਸ਼ਾਹ ਨੂੰ ਰੱਬ ਦੀ ਥਾਂ ਮਹਾਂਪੁਰਸ਼ ਕਹਿਣ 'ਤੇ ਜਵਾਬ-ਤਲਬੀ, ਸਭ ਤੋਂ ਵੱਡਾ ਸਨਮਾਨ, ਪਿਛਲੇ ਜਨਮ ਦਾ ਪਿਆਰ-ਸੰਬੰਧ, ਜਦੋਂ ਮੇਰੇ ਆਖੇ ਇਕਰਾਰਨਾਮੇ 'ਤੇ ਦਸਤਖਤ ਕੀਤੇ, ਉਣੰਜਾ ਸਿਆਣੇ, ਸਤੱਤਰ ਮੂਰਖ, ਮੈਨੂੰ ਸਤਜੁਗ ਆਉਂਦਾ ਦੀਹਦਾ ਵਿਚ ਜਹਾਨ ਦੇ, ਆਪੇ ਦੇਊ ਦਾਤਾ ਛੱਡ ਦੇ ਆਸ ਪੁਰਾਣੀ, ਮੈਂ ਗੁਰੂ ਘਰ ਦਾ ਢਾਡੀ ਹਾਂ, ਗਵੱਈਆ ਨਹੀਂ, ਸੀਤਲ ਹੁਰਾਂ ਨੂੰ ਬੋਲੀ ਆਉਂਦੀ ਹੈ, ਲੋੜ ਕਿ ਲਗਨ, ਜੱਟੀਉਂ ਹੀਰ ਬਣਨਾ, ਤੁਹਾਡੇ ਵਿਚੋਂ ਮੈਨੂੰ ਆਪਣੀਆਂ ਬੱਚੀਆਂ ਦੀ ਨੁਹਾਰ ਦਿਸਦੀ ਹੈ, ਜੇ ਜਥੇਦਾਰ ਹੀ ਸ਼ਰਾਬ ਪੀਂਦਾ ਹੋਵੇ, ਰਾਗੀਆਂ-ਢਾਡੀਆਂ ਦੀਆਂ ਕਮਜ਼ੋਰੀਆਂ, ਤੂਤਾਂ ਵਾਲਾ ਖੂਹ ਬਨਾਮ ਪੰਜਾਬ ਸਕੂਲ ਸਿੱਖਿਆ ਬੋਰਡ, ਤੈਨੂੰ ਸਮਝ ਈ ਨਹੀਂ ਭੋਰਾ, ਸੀਤਲ ਬਾਰੇ, ਨਾਵਲਕਾਰ ਸੋਹਣ ਸਿੰਘ ਸੀਤਲ ਤੇ ਉਸਦੀ ਰਚਨਾ ਦੇ ਸਮਾਜ-ਸ਼ਾਸਤਰੀ ਪ੍ਰਸੰਗ, ਮੇਰੇ ਦੋਸਤੋ ਮੈਨੂੰ ਥੋੜ੍ਹਾ ਸਲਾਹੋ, ਸੀਤਲ ਧਰਮ ਦੀ ਸਿੱਖੀ ਹੰਡਾਣੀ ਜ਼ਿੰਦਗੀ, ਮੈਨੂੰ ਦੋ ਰੋਟੀਆਂ 'ਤੇ ਦੇਗ ਧਰ ਕੇ ਲਿਆ ਦਿਓ। ਸੀਤਲ ਪੰਥ ਦਾ ਨਿਰਮੋਲ ਹੀਰਾ ਸੀ, ਕਹਿਣੀ ਤੇ ਕਰਨੀ ਦਾ ਸੂਰਮਾ, ਸੀਤਲ ਵੱਲੋਂ ਵਰਿਆਮ ਸੰਧੂ ਦੇ ਨਾਮ ਲਿਖੇ ਪੰਜ ਪੱਤਰ ਵੀ ਸ਼ਾਮਲ ਹਨ, ਸੋਹਣ ਸਿੰਘ ਸੀਤਲ ਦਾ ਸੰਖੇਪ ਜੀਵਨ-ਵੇਰਵਾ ਤੇ ਰਚਨਾ ਸੰਸਾਰ ਦੋ ਦਰਜਨ ਤੋਂ ਵੱਧ ਕਹਾਣੀਆਂ, ਦੋ ਇਕਾਂਗੀ ਨਾਟਕ, ਢਾਡੀ ਪ੍ਰਸੰਗ 78 ਅਤੇ ਇਨ੍ਹਾਂ ਸਾਰੇ ਪ੍ਰਸੰਗਾਂ ਨੂੰ 18 ਕਿਤਾਬਾਂ ਵਿਚ ਪ੍ਰਕਾਸ਼ਤ ਕੀਤਾ। ਵਾਰਾਂ ਦੀਆਂ ਅਠਾਰਾਂ, ਅਤੇ ਕਵਿਤਾ ਦੀਆਂ 7, ਬਾਈ ਦੇ ਲਗਭਗ ਨਾਵਲ, ਸਿੱਖ ਇਤਿਹਾਸ ਦੀਆਂ 17 ਪੁਸਤਕਾਂ।

ਹੱਥਲੀ ਪੁਸਤਕ ਦਾ ਲੇਖਕ ਲਿਖਦਾ ਹੈ ਕਿ ਸੀਤਲ ਜਦ ਪੰਡਾਲ ਵਿਚ ਸ਼ਾਮਲ ਹੁੰਦਾ, ਤਾਂ ਸਾਰੇ ਪੰਡਾਲ ਵਿਚ ਜਿਵੇਂ ਨਵੀਂ ਰੂਹ ਭਰ ਜਾਂਦੀ। ਲੋਕ ਛਾਤੀ ਵਿਚ ਡੂੰਘਾ ਸਾਹ ਭਰ ਕੇ ਉਸਦੀ ਵਾਰੀ ਨੂੰ ਉਡੀਕਦੇ, ਉਹ ਖੜ੍ਹਾ ਹੁੰਦਾ, ਤਾਂ ਉਸਦੇ ਬੋਲਾਂ ਤੇ ਇਸ਼ਾਰਿਆਂ ਨਾਲ ਮੰਤਰ-ਮੁਗਧ ਹੋ ਜਾਂਦੀ ਸਾਰੀ ਸੰਗਤ। ਵਾਹ-ਵਾਹ ਦੀਆਂ ਆਵਾਜ਼ਾਂ ਉੱਠਦੀਆਂ। ਲੋਕ ਘਰਾਂ ਨੂੰ ਵਾਪਸ ਮੁੜਦੇ ਤਾਂ ਕਈ-ਕਈ ਦਿਨ ਸੀਤਲ ਦੇ ਸੁਣਾਏ ਪ੍ਰਸੰਗਾਂ ਤੇ ਕੀਤੀਆਂ ਗੱਲਾਂ ਨੂੰ ਦੁਹਰਾਇਆ ਜਾਂਦਾ। ਗਿਆਨੀ ਸੋਹਣ ਸਿੰਘ ਸੀਤਲ ਨੇ ਪੁਰਾਤਨ ਗ੍ਰੰਥਾਂ ਨੂੰ ਆਪਣੀ ਨਜ਼ਰ ਤੋਂ ਚੰਗੀ ਤਰ੍ਹਾਂ ਘੋਖਿਆਂ 'ਸ੍ਰੀ ਗੁਰ ਸੋਭਾ' ਤੋਂ ਲੈ ਕੇ 'ਸੂਰਜ ਪ੍ਰਕਾਸ਼' ਤਕ ਖੋਜ ਕੀਤੀ। ਇਨ੍ਹਾਂ ਦੀ ਬੋਲੀ ਕਾਫੀ ਔਖੀ (ਬ੍ਰਿਜ ਭਾਸ਼ਾ) ਹੈ, ਇਹ ਗ੍ਰੰਥ ਲਿਖੇ ਵੀ ਕਵਿਤਾ ਦੇ ਰੂਪ ਵਿਚ ਹਨ। ਇਨ੍ਹਾਂ ਉਪਰੋਕਤ ਗੱਲਾਂ ਨੂੰ ਮੁੱਖ ਰੱਖ ਕੇ 'ਸਿੱਖ ਇਤਿਹਾਸ ਦੇ ਸੋਮੇ' ਨਾਮ ਦਾ ਗ੍ਰੰਥ ਪੰਜ ਭਾਗਾਂ ਵਿਚ ਸੀਤਲ ਨੇ ਲਿਖਿਆ।

ਭੁੱਲੀ ਦੁਨੀਆਂ ਐਵੇਂ ਕਲਜੁਗ ਕਲਜੁਗ ਕੂਕਦੀ
ਮੈਨੂੰ ਸਤਜੁਗ ਆਉਂਦਾ ਦੀਹਦਾ ਵਿਚ ਜਹਾਨ ਦੇ।
ਜਿਹੜਾ ਆਦਮ ਇੱਕ ਦਿਨ ਖੱਡਾਂ ਦੇ ਵਿਚ ਰਹਿੰਦਾ ਸੀ
ਉਹਦੇ ਪੁੱਤਰ ਉਡਦੇ ਫਿਰਦੇ ਵਿਚ ਅਸਮਾਨ ਦੇ
ਨਜ਼ਰਾਂ ਲੈਂਦੇ ਸੀ ਜੋ ਕਰਾਮਾਤ ਦੇ ਮਾਣ 'ਤੇ
ਹੱਥ ਬੰਨ੍ਹ ਖਲੇ ਦੇਵਤੇ ਅੱਗੇ ਸਾਇੰਸਦਾਨ ਦੇ

ਸਿੱਖ ਰਾਜ ਕਿਵੇਂ ਗਿਆ ਦਾ ਪ੍ਰਸੰਗ ਸੁਣ ਕੇ ਲੋਕਾਂ ਦੀਆਂ ਅੱਖਾਂ ਵਿਚੋਂ ਅੱਥਰੂ ਵਗਣ ਲੱਗ ਪੈਂਦੇ ਸਨ, ਉਨ੍ਹਾਂ ਦੇ ਰੌਂਗਟੇ ਖੜ੍ਹੇ ਹੋ ਜਾਂਦੇ ਸਨ, ਸੋਹਣ ਸਿੰਘ ਸੀਤਲ ਦਾ ਨਾਂ ਪੰਜਾਬੀ ਸਾਹਿਤ, ਇਤਿਹਾਸ, ਖੋਜ ਅਤੇ ਗੁਰਮਤਿ ਪਰਚਾਰ ਦੇ ਖੇਤਰ ਵਿਚ ਇੱਕ ਮਿੱਥ ਦੀ ਪਦਵੀ ਗ੍ਰਹਿਣ ਕਰ ਗਿਆ ਹੈ। ਸਿਆਣਪ, ਸਾਦਗੀ, ਸਿਰੜ ਤੇ ਨਿਰੰਤਰ ਘਾਲਣਾ ਦਾ ਨਾਂ ਹੈ ਸੋਹਣ ਸਿੰਘ ਸੀਤਲ। ਤਹਿਰੀਰ ਅਤੇ ਤਕਰੀਰ ਦੇ ਦੋਵਾਂ ਗੁਣਾਂ ਨਾਲ ਵਰੋਸਾਇਆ ਹੋਇਆ। ਉਸ ਦੀ ਜ਼ੁਬਾਨ ਅਤੇ ਕਲਮ ਦੋਹਾਂ ਉਪਰ ਹੀ ਸਰਸਵਤੀ ਦੀ ਕ੍ਰਿਪਾ-ਦ੍ਰਿਸ਼ਟੀ ਰਹੀ। ਜੇ ਕਿਧਰੇ ਉਹ 'ਸਿੱਖ ਰਾਜ ਕਿਵੇਂ ਗਿਆ ?' ਦੀ ਦੁਖਾਂਤਕ ਕਹਾਣੀ ਸੁਣਾਉਂਦਾ, ਤਾਂ ਉਸ ਦੇ ਬੋਲਾਂ ਦੇ ਜਾਦੂ ਨਾਲ ਲੋਕ ਕੀਲੇ ਜਾਂਦੇ। ਲੇਖਕ ਨੇ ਸੀਤਲ ਜੀ ਨਾਲ ਕੁੱਝ ਯਾਦਗਾਰੀ ਤਸਵੀਰਾਂ ਵੀ ਸ਼ਾਮਲ ਕੀਤੀਆਂ ਹਨ, ਜੋ ਆਪਣੀ ਕਥਾ ਆਪ ਹੀ ਬਿਆਨ ਕਰਦੀਆਂ ਹਨ। ਸੋਹਣ ਸਿੰਘ ਸੀਤਲ ਦਾ ਜਨਮ 7 ਅਗਸਤ, 1909 ਈ. ਨੂੰ ਪਿੰਡ ਕਾਦੀਵਿੰਡ ਜ਼ਿਲ੍ਹਾ ਲਾਹੌਰ ਪਾਕਿਸਤਾਨ ਵਿਖੇ ਪਿਤਾ ਸ. ਖੁਸ਼ਹਾਲ ਸਿੰਘ ਦੇ ਗ੍ਰਹਿ ਮਾਤਾ ਸ਼੍ਰੀਮਤੀ ਦਿਆਲ ਕੌਰ ਦੀ ਕੁੱਖੋਂ ਹੋਇਆ। ਇਹ ਸਿੱਖ ਜਗਤ ਦੀ ਸਾਹਿਤਕ, ਪ੍ਰਚਾਰਕ, ਢਾਡੀ ਵਜੋਂ ਸੇਵਾ ਨਿਭਾਉਂਦੇ 23 ਸਤੰਬਰ 1998 ਨੂੰ ਅਕਾਲ ਚਲਾਣਾ ਕਰ ਗਏ। ਉਹ ਪਿੰਡਾਂ ਵਿਚ ਲੋਕ ਸਿਆਣਪ ਦਾ ਚਿੰਨ੍ਹ ਬਣ ਗਿਆ ਸੀ, ਪੰਜਾਬ ਅਤੇ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਗਿ. ਸ਼ੋਹਣ ਸਿੰਘ ਸੀਤਲ ਦਾ ਨਾਂ ਸੁਨਹਿਰੀ ਅੱਖਰਾਂ ਵਿਚ ਲਿਖੇ ਜਾਣ ਦੇ ਯੋਗ ਹੈ। ਉਨ੍ਹਾਂ ਨੇ ਸਿੱਖ ਸਿਧਾਂਤ ਅਤੇ ਸਿੱਖ ਇਤਿਹਾਸ ਨੂੰ ਆਪਣੇ ਜੀਵਨ ਦਾ ਅੰਗ ਵੀ ਬਣਾਇਆ ਹੈ, ਉਨ੍ਹਾਂ ਲੋਕ ਮਨਾਂ ਵਿਚ ਸਿੱਖ ਇਤਿਹਾਸ ਦੇ ਬੂਟੇ ਲਾਏ ਹਨ।

# ਖ਼ਬਰਾਂ ਹੀ ਨਹੀਂ ਖੋਜ-ਕਹਾਣੀਆਂ ਵੀ ਪ੍ਰਕਾਸ਼ਿਤ, ਪ੍ਰਸਾਰਿਤ ਕਰੋ




ਪ੍ਰੋ. ਕੁਲਬੀਰ ਸਿੰਘ
94171-53513
(Punjab Mail USA)



ਮੈਂ ਅਖ਼ਬਾਰ ਖੋਲ੍ਹਦੇ ਸਾਰ ਵੱਖ-ਵੱਖ ਖੇਤਰਾਂ ਨਾਲ ਸੰਬੰਧਤ ਖੋਜ-ਕਹਾਣੀਆਂ ਲੱਭਦਾ, ਪੜ੍ਹਦਾ ਹਾਂ। ਧਰਤੀ ਬਾਰੇ, ਬ੍ਰਹਿਮੰਡ ਬਾਰੇ, ਸਰੀਰ ਬਾਰੇ, ਸਿਹਤ ਬਾਰੇ, ਚੰਦਰਮਾ ਬਾਰੇ, ਸੂਰਜ ਬਾਰੇ, ਸਮੁੰਦਰ ਬਾਰੇ, ਸਾਇੰਸ ਬਾਰੇ, ਸੈਰ ਬਾਰੇ, ਕਸਰਤ ਬਾਰੇ, ਮਨੁੱਖ ਬਾਰੇ, ਮਨ ਬਾਰੇ।

ਸਰੀਰ ਦੇ ਵਿਗਿਆਨ ਬਾਰੇ, ਸਿਹਤ ਦੇ ਵਿਗਿਆਨ ਬਾਰੇ, ਖ਼ੁਰਾਕ ਦੇ ਵਿਗਿਆਨ ਬਾਰੇ, ਇਲਾਜ ਦੇ ਵਿਗਿਆਨ ਬਾਰੇ, ਦਵਾਈਆਂ ਦੇ ਵਿਗਿਆਨ ਬਾਰੇ, ਜੀਵਨ ਦੇ ਵਿਗਿਆਨ ਬਾਰੇ, ਬ੍ਰਹਿਮੰਡ ਦੇ ਵਿਗਿਆਨ ਬਾਰੇ।

ਇਕ ਪਾਸੇ ਪੱਤਰਕਾਰੀ ਦਾ ਦਾਇਰਾ ਦਿਨੋਂ-ਦਿਨ ਮੋਕਲਾ ਹੋ ਰਿਹਾ ਹੈ। ਦੂਸਰੇ ਪਾਸੇ ਸੀਮਤ-ਸੌੜਾ ਹੋ ਰਿਹਾ ਹੈ। ਇਕ ਪਾਸੇ ਕਦਰਾਂ-ਕੀਮਤਾਂ ਨਾਲੋਂ ਟੁੱਟ ਕੇ ਇਸਦਾ ਮੂੰਹ-ਮੁਹਾਂਦਰਾ ਵਿਗੜ ਰਿਹਾ ਹੈ, ਦੂਸਰੇ ਪਾਸੇ ਵਧੇਰੇ ਮਿਹਨਤ, ਵਧੇਰੇ ਗਹਿਰਾਈ, ਵਧੇਰੇ ਵਿਸ਼ਾਲਤਾ ਵੇਖਣ ਨੂੰ ਮਿਲ ਰਹੀ ਹੈ। ਮੁਕਾਬਲਾ ਬੇਹੱਦ ਸਖ਼ਤ ਹੋ ਗਿਆ ਹੈ। ਕਦਮ-ਕਦਮ 'ਤੇ ਚੁਣੌਤੀਆਂ ਹਨ, ਕਦਮ-ਕਦਮ 'ਤੇ ਰੁਕਾਵਟਾਂ ਹਨ।

ਇਸ ਸਭ ਦੇ ਬਾਵਜੂਦ ਪ੍ਰਸੰਗਕ ਬਣੇ ਰਹਿਣ ਲਈ ਵੱਖ-ਵੱਖ ਨਵੇਂ ਨਿਵੇਕਲੇ ਖੇਤਰਾਂ ਬਾਬਤ ਅਤੇ ਅਜੋਕੇ ਮਨੁੱਖ ਦੀ ਦਿਲਚਸਪੀ ਤੇ ਉਤਸੁਕਤਾ ਵਾਲੇ ਖੇਤਰਾਂ ਬਾਰੇ ਖੋਜ ਆਧਾਰਿਤ ਕਹਾਣੀਆਂ ਨੂੰ, ਖੋਜਾਂ ਨੂੰ ਪਮੁੱਖਤਾ ਨਾਲ ਪ੍ਰਕਾਸ਼ਿਤ ਤੇ ਪ੍ਰਸਾਰਿਤ ਕੀਤਾ ਜਾਣਾ ਚਾਹੀਦਾ ਹੈ। ਅਜਿਹੇ ਪ੍ਰਕਾਸ਼ਨ ਤੇ ਪ੍ਰਸਾਰਨ ਨੂੰ ਲੱਖਾਂ ਲੋਕ ਚਾਹ ਕੇ ਪੜ੍ਹਦੇ ਅਤੇ ਵੇਖਦੇ ਹਨ।

ਬੀਤੇ ਇਕ ਦੋ ਸਾਲਾਂ ਦੌਰਾਨ ਇਕ ਪ੍ਰਮੁੱਖ ਤਬਦੀਲੀ ਵੇਖਣ ਨੂੰ ਮਿਲ ਰਹੀ ਹੈ। ਮਨੁੱਖ ਦੀ ਸਿਹਤ ਅਤੇ ਵੱਖ-ਵੱਖ ਬਿਮਾਰੀਆਂ ਬਾਰੇ ਬੁਨਿਆਦੀ ਤੇ ਮਹੱਤਵਪੂਰਨ ਜਾਣਕਾਰੀ ਸੰਖੇਪ ਵਿਚ ਦਰਸ਼ਕਾਂ, ਪਾਠਕਾਂ ਤੱਕ ਪਹੁੰਚਾਈ ਜਾ ਰਹੀ ਹੈ। ਕਿਸੇ ਮਾਹਿਰ ਡਾਕਟਰ ਨਾਲ ਮੁਲਕਾਤ ਦੇ ਰੂਪ ਵਿਚ ਜਾਂ ਐਂਕਰ ਦੁਆਰਾ ਤਿਆਰ ਕੀਤੀ ਸੰਖੇਪ ਵੀਡੀਓ ਦੇ ਰੂਪ ਵਿਚ। ਅਜਿਹੀ ਮੁਲਾਕਾਤ, ਅਜਿਹੀ ਵੀਡੀਓ ਨੂੰ ਲੱਖਾਂ ਲੋਕ ਪੜ੍ਹਦੇ, ਸੁਣਦੇ ਅਤੇ ਵੇਖਦੇ ਹਨ। ਸਿਹਤ ਦਾ ਵਿਸ਼ਾ ਵਿਸ਼ਵ-ਵਿਆਪੀ ਹੈ। ਰਾਜਨੀਤਿਕ ਸੁਰਖੀਆਂ ਵਿਚ ਕੇਵਲ 20 ਪ੍ਰਤੀਸ਼ਤ ਪਾਠਕਾਂ ਦਰਸ਼ਕਾਂ ਦੀ ਦਿਲਚਸਪੀ ਹੁੰਦੀ ਹੈ ਅਤੇ ਇਹ ਖੇਤਰ ਸਥਾਨਕ ਅਤੇ ਸੀਮਤ ਹੈ। ਕਿਉਂਕਿ ਹਰੇਕ ਖੇਤਰ, ਹਰੇਕ ਸੂਬੇ, ਹਰੇਕ ਦੇਸ਼ ਦੀ ਆਪਣੀ ਰਾਜਨੀਤੀ ਹੈ। ਆਪਣੀਆਂ ਸਮੱਸਿਆਵਾਂ ਪ੍ਰੇਸ਼ਾਨੀਆਂ ਹਨ। ਆਪਣੀਆਂ ਮੰਗਾਂ-ਉਮੰਗਾਂ ਹਨ। ਪਰੰਤੂ ਸਿਹਤ ਦਾ, ਸਰੀਰ ਦਾ, ਮਨ ਦਾ ਵਿਸ਼ਾ ਸਾਂਝਾ ਅਤੇ ਸਰਵ-ਵਿਆਪੀ ਹੈ।

ਸਿਹਤ ਬਾਰੇ, ਸਿਹਤ-ਖੋਜਾਂ ਬਾਰੇ ਬਣਾਈ ਵੀਡੀਓ ਭਾਵੇਂ ਕਿਸੇ ਵੀ ਭਾਸ਼ਾ ਵਿਚ ਹੋਵੇ ਪਰੰਤੂ ਸਕਰੀਨ 'ਤੇ ਸੰਖੇਪ ਜਾਣਕਾਰੀ ਅੰਗਰੇਜ਼ੀ ਵਿਚ ਵੀ ਦੇ ਦਿੱਤੀ ਜਾਵੇ, ਤਾਂ ਅਜਿਹੀ ਵੀਡੀਓ ਪੂਰੀ ਦੁਨੀਆਂ ਵਿਚ ਵੇਖੀ ਜਾਂਦੀ ਹੈ। ਹਰੇਕ ਵਿਅਕਤੀ ਤੰਦਰੁਸਤ ਰਹਿਣਾ ਚਾਹੁੰਦਾ ਹੈ। ਲੰਮੀ, ਪ੍ਰਸੰਨ ਤੇ ਖੁਸ਼ਹਾਲ ਜ਼ਿੰਦਗੀ ਜਿਊਣਾ ਲੋਚਦਾ ਹੈ। ਇਸੇ ਲਈ ਇਸ ਖੇਤਰ, ਇਸ ਵਿਸ਼ੇ ਵਿਚ ਹਰੇਕ ਦੀ ਦਿਲਚਸਪੀ ਰਹਿੰਦੀ ਹੈ।

ਅੱਜ ਪੱਤਰਕਾਰੀ ਵਧੇਰੇ ਕਰਕੇ ਸਥਾਨਕ ਸਰੋਕਾਰਾਂ ਨਾਲ ਜੁੜ ਗਈ ਹੈ ਪਰ ਪਾਠਕ, ਦਰਸ਼ਕ ਦੁਨੀਆਂ ਬਾਰੇ ਵੀ ਜਾਨਣਾ ਚਾਹੁੰਦੇ ਹਨ। ਹਰ ਵੇਲੇ ਨਾਕਾਰਾਤਮਕ ਖ਼ਬਰਾਂ। ਲੁੱਟਾਂ, ਖੋਹਾਂ, ਲੜਾਈ, ਝਗੜਿਆਂ, ਕਤਲਾਂ ਦੀਆਂ ਖ਼ਬਰਾਂ। ਦਰਸ਼ਕ, ਪਾਠਕ ਵੇਖ ਪੜ੍ਹ ਕੇ ਅੱਕ-ਥੱਕ ਗਏ ਹਨ। ਪ੍ਰੇਸ਼ਾਨ ਹਨ, ਉਦਾਸ ਹਨ, ਉਪਰਾਮ ਹਨ।

ਪਹਿਲਾਂ ਪਹਿਲ ਕਿਸੇ ਪਿੰਡ ਵਿਚ, ਸ਼ਹਿਰ ਦੇ ਕਿਸੇ ਗਲੀ-ਮਹੱਲੇ ਵਿਚ ਕੋਈ ਲੜਾਈ-ਝਗੜਾ, ਕੋਈ ਛੋਟੀ-ਮੋਟੀ ਵਾਰਦਾਤ ਹੋ ਜਾਂਦੀ ਸੀ, ਤਾਂ ਨਾਲ ਦੇ ਪਿੰਡ, ਨਾਲ ਦੇ ਗਲੀ-ਮਹੱਲੇ ਨੂੰ ਵੀ ਪਤਾ ਨਹੀਂ ਸੀ ਚੱਲਦਾ। ਹੁਣ ਲੜਾਈ-ਝਗੜੇ, ਲੁੱਟਾਂ-ਖੋਹਾਂ ਵੀ ਵੱਧ ਗਈਆਂ ਹਨ ਅਤੇ ਹਰੇਕ ਦੇ ਹੱਥ ਵਿਚ ਕੈਮਰਾ ਹੈ, ਹਰ ਗਲੀ-ਮਹੱਲੇ ਦੇ ਹਰ ਘਰ ਦੇ ਬਾਹਰ ਸੀ.ਸੀ.ਟੀ.ਵੀ. ਕੈਮਰੇ ਲੱਗੇ ਹਨ। ਸੌ ਚੈਨਲ ਸਾਰਾ ਦਿਨ ਅਜਿਹੀਆਂ ਖ਼ਬਰਾਂ, ਅਜਿਹੀਆਂ ਵੀਡੀਓ ਵਿਖਾਉਂਦੇ ਰਹਿੰਦੇ ਹਨ ਅਤੇ ਉਹ ਪ੍ਰਸਾਰਨ ਦੁਨੀਆਂ ਭਰ ਵਿਚ ਪਹੁੰਚ ਰਿਹਾ ਹੁੰਦਾ ਹੈ।


ਕੁਦਰਤ ਬੇਹੱਦ ਆਕਰਸ਼ਕ ਹੈ, ਜ਼ਿੰਦਗੀ ਬੇਹੱਦ ਖ਼ੂਬਸੂਰਤ ਹੈ, ਧਰਤੀ ਬੇਹੱਦ ਮਨਮੋਹਕ ਹੈ, ਬ੍ਰਹਿਮੰਡ ਬੇਹੱਦ ਵਿਸ਼ਾਲ ਹੈ, ਮਨੁੱਖ ਬੇਹੱਦ ਮਹੱਤਵਪੂਰਨ ਹੈ। ਮੀਡੀਆ ਨੇ ਕਦੇ ਖੁੱਲ੍ਹ ਕੇ, ਨਿੱਠ ਕੇ, ਵਿਸਥਾਰ ਵਿਚ ਇਨ੍ਹਾਂ ਪੱਖਾਂ ਦੀ ਗੱਲ ਨਹੀਂ ਕੀਤੀ। ਰੋਜ਼ਾਨਾ ਮੁੱਖ ਸੁਰਖੀ ਸਿਆਸਤ ਨਾਲ ਸੰਬੰਧਤ ਹੁੰਦੀ ਹੈ। ਸਿਆਣੇ ਕਹਿੰਦੇ ਹਨ ਬਹੁਤਾਤ ਕਿਸੇ ਵੀ ਚੀਜ਼ ਦੀ ਮਾੜੀ ਹੁੰਦੀ ਹੈ। ਸੰਤੁਲਿਤ ਪਹੁੰਚ ਨੂੰ ਹੀ ਸਹੀ ਮੰਨਿਆ ਜਾਂਦਾ ਹੈ।

# 'ਦਿਲਾਂ ਦੀ ਜੂਹ'



-ਸ਼ਿਵਚਰਨ ਜੱਗੀ ਕੁੱਸਾ
ਪੰਜਾਬ ਮੇਲ USA

## ਕਾਂਡ 27




ਗੁਰਦੁਆਰਾ ਸਿੰਘ ਸਭਾ ਵਿਚ ਦਿਨ ਮੁਕੱਰਰ ਕਰ ਕੇ ਬਲਜੀਤ ਅਤੇ ਜਿੰਦਰ ਦੇ ਆਨੰਦ ਕਾਰਜ ਕਰਵਾ ਦਿੱਤੇ ਗਏ।

ਵਿਆਹ ਬੜਾ ਸਾਦਾ ਹੋਇਆ ਸੀ, ਨਾ ਕੋਈ ਨਾਨਕਾ ਮੇਲ਼ ਅਤੇ ਨਾ ਕੋਈ ਬਰਾਤ! ਸੰਤ ਕੌਰ, ਬਲਜੀਤ ਅਤੇ ਜਿੰਦਰ ਬੜੇ ਖ਼ੁਸ਼ ਸਨ। ਤਿੰਨ ਜੀਆਂ ਦਾ ਟੱਬਰ ਬੜਾ ਰਲ਼-ਮਿਲ਼ ਕੇ ਅਤੇ ਖ਼ੁਸ਼ਹਾਲ ਰਹਿ ਰਿਹਾ ਸੀ। ਗੁਰਮੇਲ ਕੌਰ ਅਤੇ ਨਾ ਉਸ ਦੇ ਘਰ ਦੇ ਕਿਸੇ ਜੀਅ ਨੇ ਆ ਕੇ ਦਰਵਾਜ਼ਾ ਖੜਕਾਇਆ ਸੀ। ਸੰਤ ਕੌਰ ਹੁਣ ਪੂਰੀ ਖ਼ੁਸ਼ ਅਤੇ ਬਾਗ਼ੋ-ਬਾਗ਼ ਸੀ। ਉਸ ਦੀ ਜ਼ਿੰਦਗੀ ਦਾ ਸੰਤਾਪ ਬੀਤੇ ਸਮੇਂ ਦੀ ਇੱਕ 'ਬੁਝਾਰਤ' ਬਣ ਕੇ ਰਹਿ ਗਿਆ ਸੀ। ਘਰ ਦਾ ਮਾਹੌਲ ਬਦਲਣ ਅਤੇ ਗੁਰਮੇਲ ਕੌਰ ਵਰਗੀ ਡੈਣ ਦੇ ਸਹਿਮ ਤੋਂ ਖਹਿੜਾ ਛੁੱਟਣ ਕਾਰਨ ਬਲਜੀਤ ਹੁਣ ਪੂਰਾ 'ਕਾਇਮ' ਅਤੇ ਨਵਾਂ ਨਰੋਆ ਸੀ।

ਕਿੰਨੇ ਮਹੀਨੇ ਲੰਘ ਗਏ ਸਨ ਜਿੰਦਰ ਅਤੇ ਬਲਜੀਤ ਦੇ ਵਿਆਹ ਨੂੰ, ਸਮੇਂ ਦਾ ਪਤਾ ਹੀ ਨਹੀਂ ਲੱਗਿਆ ਸੀ।

ਸਾਰਾ ਟੱਬਰ ਘੁੱਗ ਵਸ ਰਿਹਾ ਸੀ।

ਸੰਤ ਕੌਰ, ਜਿੰਦਰ ਅਤੇ ਬਲਜੀਤ ਦੇ ਦਿਨ 'ਫ਼ਿਰ' ਗਏ ਸਨ। ਰੱਬ ਨੇ ਉਨ੍ਹਾਂ ਨੂੰ ਹਰ ਖ਼ੁਸ਼ੀ ਬਖ਼ਸ਼ੀ ਸੀ। ਜਿੰਦਰ ਹੀਥਰੋ ਏਅਰਪੋਰਟ ਸਕਿਊਰਿਟੀ ਵਿਚ ਕੰਮ 'ਤੇ ਲੱਗ ਗਈ ਸੀ ਅਤੇ ਬਲਜੀਤ ਡਰਾਈਵਿੰਗ ਲਾਈਸੈਂਸ ਬਣਾ ਕੇ ਕੋਚ ਡਰਾਈਵਰ ਬਣ ਗਿਆ ਸੀ। ਲੋਕਾਂ ਵਿਚ "ਘੁੱਗੂ" ਜਾਂ "ਸਾਲ਼ਾ ਰੋਟੀਆਂ ਦਾ ਖੌਅ" ਆਖ ਕੇ ਜਾਣਿਆਂ ਜਾਣ ਵਾਲ਼ਾ ਬਲਜੀਤ ਹੁਣ "ਟੱਟੂ ਹਜ਼ਾਮਤ" ਕਰਵਾ, ਨਿੱਖਰ-ਤਿੱਖਰ ਕੇ ਰਹਿੰਦਾ ਸੀ। ਕਦੇ ਲਾਚੜਿਆ ਵਾਲ਼ਾਂ ਦੇ ਛੱਤਰੇ ਜਿਹੇ ਖੜ੍ਹੇ ਕਰਵਾ ਲੈਂਦਾ ਅਤੇ ਕਦੇ ਟੱਕ ਜਿਹੇ ਪੁਆ ਲੈਂਦਾ, ਜਿਵੇਂ ਕੁੱਤੇ ਦਾ ਪਿੜ ਪੱਟਿਆ ਹੁੰਦੈ!

-"ਵਿਆਹ ਕਰਵਾ ਕੇ ਇਹਨੂੰ ਵੀ ਸਾਲ਼ੇ ਨੂੰ ਸੁਰਤ ਆਗੀ...!" ਲੋਕ ਗੱਲਾਂ ਕਰਦੇ।

-"ਸਾਲ਼ੇ ਧੱਤੂ ਨੂੰ ਪੜ੍ਹੀ-ਲਿਖੀ, ਸੋਹਣੀ ਸੁਣੱਖੀ ਕੁੜੀ ਮਿਲ਼ਗੀ, ਹੋਰ ਇਹਨੂੰ ਬਾਂਸ ਚਾਹੀਦਾ ਸੀ..?"

-"ਇੰਗਲੈਂਡ 'ਚ ਜੰਮਿਆਂ ਪਲ਼ਿਆ ਕਰ ਕੇ ਸਾਲ਼ੇ ਨੂੰ ਘਰਆਲ਼ੀ ਮਿਲ਼ਗੀ, ਨਹੀਂ ਐਹੋ ਜਿਆ ਲੋਕਾਂ ਦੇ ਜੁਆਕ ਖਿਡਾਉਂਦਾ, ਮੁੜ੍ਹਕੋ-ਮੁੜ੍ਹਕੀ ਹੋਇਆ ਰਹਿੰਦੈ...!"

ਲੋਕ ਭਾਂਤ-ਭਾਂਤ ਦੀਆਂ ਗੱਲਾਂ ਕਰਦੇ।

ਕੰਮ ਤੋਂ ਆਉਂਦੀ ਜਿੰਦਰ ਰਸਤੇ ਵਿਚੋਂ ਪੰਜਾਬੀ ਦਾ ਅਖ਼ਬਾਰ ਫ਼ੜੀ ਆਉਂਦੀ। ਘਰ ਆ ਕੇ ਦਾਲ਼-ਸਬਜ਼ੀ ਬਣਾ ਕੇ ਅਖ਼ਬਾਰ ਪੜ੍ਹਦੀ ਜਾਂ ਕੋਈ ਪੁਰਾਣੀ ਫ਼ਿਲਮ ਦੇਖ ਲੈਂਦੀ। ਸੀਰੀਅਲਾਂ ਨੂੰ ਜਿੰਦਰ "ਕਲੇਸ਼ ਦਾ ਘਰ" ਹੀ ਸਮਝਦੀ, ਜੋ ਨਿੱਤ ਘਰਾਂ ਵਿਚ ਪੁਆੜੇ ਖੜ੍ਹੇ ਕਰੀ ਰੱਖਦੇ ਸਨ। ਸੰਤ ਕੌਰ ਨੂੰ ਉਹ ਬਹੁਤਾ ਕੰਮ ਨਾ ਕਰਨ ਦਿੰਦੀ। ਸੰਤ ਕੌਰ ਜਾਂ ਤਾਂ ਗੁਰੂ-ਘਰ ਸਮਾਂ ਬਿਤਾਉਂਦੀ ਅਤੇ ਜਾਂ ਕੋਈ ਨਾ ਕੋਈ ਧਾਰਮਿਕ ਚੈਨਲ ਲਾ ਕੇ ਗੁਰਬਾਣੀ ਜਾਂ ਕਥਾ ਸਰਵਣ ਕਰਦੀ। ਉਸ ਦੀ ਰੇਗਿਸਤਾਨ ਵਰਗੀ ਔਝੜ ਜ਼ਿੰਦਗੀ ਵਿਚ ਮਸਾਂ ਸੀਤ ਹਵਾ ਦੇ ਬੁੱਲੇ ਵਗਣ ਲੱਗੇ ਸਨ।

ਜਦ ਸੰਤ ਕੌਰ ਗੁਰੂ-ਘਰ ਤੋਂ ਵਾਪਸ ਆਈ ਤਾਂ ਜਿੰਦਰ ਨੇ ਉਸ ਨੂੰ ਇੱਕ "ਖ਼ੁਸ਼ਖ਼ਬਰੀ" ਸੁਣਾਈ। ਖ਼ੁਸ਼ੀ ਵਿਚ ਸੰਤ ਕੌਰ ਦੇ ਧਰਤੀ 'ਤੇ ਪੈਰ ਲੱਗਣੋਂ ਹਟ ਗਏ। ਉਹ ਸੱਤ ਅਸਮਾਨ ਖ਼ੁਸ਼ੀਆਂ ਦੀ ਪੀਂਘ ਝੂਟਣ ਲੱਗ ਪਈ। ਜਿੰਦਰ ਦਾ ਪੈਰ "ਭਾਰਾ" ਸੀ। ਗੁਰੂ-ਘਰ ਤੋਂ ਮੁੜੀ ਸੰਤ ਕੌਰ ਸ਼ੁਕਰਾਨਾਂ ਕਰਨ ਲਈ ਫ਼ਿਰ ਗੁਰੂ-ਘਰ ਨੂੰ ਮੁੜ ਗਈ। ਉਸ ਦੀਆਂ ਅੱਖਾਂ ਵਿਚ ਸ਼ੁਕਰਾਨੇਂ ਦੇ ਹੰਝੂ ਕੰਬ ਰਹੇ ਸਨ। ਅਕਾਲ ਪੁਰਖ ਕਿੰਨਾ ਦਇਆਲ ਸੀ!

ਉਸ ਨੇ ਲੰਮੀ ਪੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਿਆ ਅਤੇ ਕੋਟਿਨ-ਕੋਟਿ ਸ਼ੁਕਰਾਨਾ ਕੀਤਾ।

ਅੱਜ ਉਸ ਦੇ ਸਾਰੇ ਗਿਲੇ-ਸ਼ਿਕਵੇ ਅਤੇ ਸ਼ਕਾਇਤਾਂ ਖ਼ਤਮ ਹੋ ਗਈਆਂ ਸਨ। ਉਸ ਦੀ ਝੋਲ਼ੀ ਗੁਰੂ ਪਾਤਿਸ਼ਾਹ ਨੇ ਦਾਤਾਂ ਨਾਲ਼ ਭਰ ਦਿੱਤੀ ਸੀ। ਕਿੱਥੇ ਉਸ ਨੂੰ ਨੂੰਹ ਆਉਣ ਦੀ ਆਸ ਨਹੀਂ ਸੀ, ਹੁਣ ਤਾਂ ਰੱਬ ਨੇ ਉਸ ਨੂੰ ਸਭ ਕੁਛ ਹੀ ਬਖ਼ਸ਼ ਦਿੱਤਾ ਸੀ।

ਪੂਰੇ ਨੌਂ ਮਹੀਨਿਆਂ ਬਾਅਦ ਜਿੰਦਰ ਨੇ ਇੱਕ ਹੱਟੇ-ਕੱਟੇ ਮੁੰਡੇ ਨੂੰ ਜਨਮ ਦਿੱਤਾ।

ਸਾਰੇ ਘਰ 'ਤੇ ਜਿਵੇਂ ਖ਼ੁਸ਼ੀ ਦੀ ਰੰਗਤ ਚੜ੍ਹ ਗਈ ਸੀ। ਬਲਜੀਤ ਦੋਸਤ-ਮਿੱਤਰਾਂ ਨੂੰ ਪਾਰਟੀ ਕਰਨਾ ਚਾਹੁੰਦਾ ਸੀ, ਪਰ ਸੰਤ ਕੌਰ ਨੇ ਵਰਜ ਦਿੱਤਾ, "ਅਸੀਂ ਨੀ ਕਰਨੀ ਕਿਸੇ ਨੂੰ ਪਾਰਟੀ..! ਸੰਗਤ ਨੂੰ ਲੰਗਰ ਛਕਾਵਾਂਗੇ..! ਅਸੀਂ ਨੀ ਦਾਰੂ-ਮੀਟ ਵਰਤਾ ਕੇ ਪਾਪਾਂ ਦੇ ਭਾਗੀਂ ਬਣਨਾ..! ਸੁਖਮਨੀ ਸਾਹਿਬ ਦਾ ਪਾਠ ਕਰਵਾਵਾਂਗੇ, ਤੇ ਗੁਰੂ ਕੀ ਸੰਗਤ ਨੂੰ ਆਪਦੇ ਹੱਥੀਂ ਤਿਆਰ ਕਰ ਕੇ ਲੰਗਰ ਛਕਾਵਾਂਗੇ..!"

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਵਾਕ ਲੈ ਕੇ ਮੁੰਡੇ ਦਾ ਨਾਂ "ਅਗਮਜੋਤ" ਰੱਖਿਆ ਗਿਆ।

ਸੰਤ ਕੌਰ ਦੀ ਖ਼ੁਸ਼ੀ ਦੀ ਕੋਈ ਸੀਮਾਂ ਨਹੀਂ ਸੀ। ਉਹ ਦਿਨ ਵਿਚ ਪਤਾ ਨਹੀਂ ਕਿੰਨੇ ਵਾਰ ਧੰਨ ਸ੍ਰੀ ਗੁਰੂ ਨਾਨਕ ਪਾਤਿਸ਼ਾਹ ਦਾ ਸ਼ੁਕਰਾਨਾ ਕਰਦੀ। ਨੱਕ ਰਗੜਦੀ। ਡੰਡਾਉਤ ਕਰਦੀ।

ਸਾਲ ਬੀਤ ਗਿਆ ਸੀ।

ਜਿੰਦਰ ਅਗਮਜੋਤ ਨੂੰ ਹੁਣ ਨਰਸਰੀ ਛੱਡ ਕੇ ਫ਼ਿਰ ਕੰਮ 'ਤੇ ਜਾਣ ਲੱਗ ਪਈ ਸੀ। ਸੰਤ ਕੌਰ ਅਗਮਜੋਤ ਨੂੰ ਸਾਂਭਣ ਦੀ ਜ਼ਿੱਦ ਕਰਦੀ, ਪਰ, "ਬੀਜੀ, ਅਗਮ ਥੋਨੂੰ ਤੰਗ ਕਰੂਗਾ, ਇਹਦੇ ਲਈ ਨਰਸਰੀ ਈ ਠੀਕ ਐ, ਤੁਸੀਂ ਬੱਸ ਪਾਠ-ਪੂਜਾ ਕਰਿਆ ਕਰੋ...!"

ਇੱਕ ਦਿਨ ਬਲਜੀਤ ਕੋਚ ਲੈ ਕੇ ਗਲਾਸਗੋ ਗਿਆ ਹੋਇਆ ਸੀ। ਅਗਮਜੋਤ ਨੂੰ ਸੁਆ ਕੇ ਸੰਤ ਕੌਰ ਗੁਰੂ-ਘਰ ਗਈ ਹੋਈ ਸੀ। ਘਰ ਦਾ ਨਿੱਕਾ-ਮੋਟਾ ਚੁੱਕਣ-ਧਰਨ ਤੋਂ ਬਾਅਦ ਜਿੰਦਰ ਨੇ ਟੀ.ਵੀ. ਲਾ ਲਿਆ। ਕੋਈ ਚੱਜ ਦਾ ਪ੍ਰੋਗਰਾਮ ਨਾ ਆਉਂਦਾ ਹੋਣ ਕਾਰਨ ਉਸ ਨੇ ਟੀ.ਵੀ. ਬੰਦ ਕਰ ਕੇ ਅਖ਼ਬਾਰ ਖੋਲ੍ਹ ਲਿਆ ਅਤੇ ਵਰਕੇ ਪਲਟ ਕੇ ਮੋਟੀਆਂ-ਮੋਟੀਆਂ ਖ਼ਬਰਾਂ ਦੇਖਣ ਲੱਗ ਪਈ। ਖ਼ਬਰਾਂ ਦੇਖਦਿਆਂ ਉਸ ਦੀ ਨਜ਼ਰ ਕਿਸੇ "ਜਾਣੇ-ਪਹਿਚਾਣੇ" ਚਿਹਰੇ 'ਤੇ ਜਾ ਕੇ ਅਟਕ ਗਈ। ਮੋਟੀ ਸੁਰਖ਼ੀ ਸੀ, "ਕਬੱਡੀ ਦਾ ਮਸ਼ਹੂਰ ਧਾਵੀ ਪ੍ਰਤੀਕ ਸਿੰਘ 'ਘੁਲਾੜੀ ਪੱਟ' ਇੰਗਲੈਂਡ ਵਿਚ" ਪੜ੍ਹ ਕੇ ਜਿੰਦਰ ਸਿਲ਼-ਪੱਥਰ ਹੋ ਗਈ। ਉਸ ਦੀਆਂ ਪੁਰਾਣੀਆਂ ਸੁੱਤੀਆਂ ਕਲਾਵਾਂ ਜਾਗ ਪਈਆਂ ਸਨ ਅਤੇ ਚਿਹਰੇ 'ਤੇ ਪਸੀਨੇ ਦੇ ਕਣ ਸਿੰਮ ਆਏ ਸਨ। ਕਾਲਿਜ ਦੀਆਂ ਹੁਸੀਨ ਯਾਦਾਂ ਨੇ ਉਸ ਦੁਆਲ਼ੇ ਝੁਰਮਟ ਪਾ ਲਿਆ। ਉਸ ਦੇ ਦਿਮਾਗ ਵਿਚ ਨਾਦ ਵੱਜੀ ਜਾ ਰਹੇ ਸਨ। ਉਸ ਦੇ ਸਾਹ ਤੇਜ਼ ਹੋ ਗਏ ਅਤੇ ਕਾਲ਼ਜੇ 'ਤੇ ਹੱਥ ਰੱਖ ਕੇ ਉਸ ਨੇ ਅੱਗੇ ਪੜ੍ਹਨਾ ਸ਼ੁਰੂ ਕੀਤਾ, "ਕਬੱਡੀ ਦਾ ਧੱਕੜ ਰੇਡਰ ਪ੍ਰਤੀਕ ਸਿੰਘ, ਜੋ "ਘੁਲਾੜੀ ਪੱਟ" ਦੀ ਅੱਲ ਨਾਲ਼ ਵੀ ਜਾਣਿਆਂ ਜਾਂਦਾ ਹੈ, ਆਪਣੀ ਸਮੁੱਚੀ ਟੀਮ ਨਾਲ਼ ਇੰਗਲੈਂਡ ਦੀ ਧਰਤੀ 'ਤੇ ਪਹੁੰਚ ਚੁੱਕਾ ਹੈ, ਜੋ ਹੋਣ ਵਾਲ਼ੇ ਖੇਡ ਮੇਲਿਆਂ 'ਤੇ ਆਪਣੀ ਖੇਡ ਦੇ ਜੌਹਰ ਦਿਖਾਵੇਗਾ।"

ਸੰਤ ਕੌਰ ਨੇ ਦਰਵਾਜ਼ਾ ਖੋਲ੍ਹਿਆ ਤਾਂ ਜਿੰਦਰ ਦੀਆਂ ਸੋਚਾਂ ਦੀ ਲੜੀ ਟੁੱਟੀ।

ਸੋਚਾਂ ਦੀਆਂ ਪੰਖੜੀਆਂ 'ਤੇ ਚੜ੍ਹੀ ਉਹ ਕਿੱਥੇ ਦੀ ਕਿੱਥੇ ਪਹੁੰਚ ਗਈ।

-"ਅਗਮ ਉਠਿਆ ਨੀ ਪੁੱਤ ਅਜੇ...?" ਸੰਤ ਕੌਰ ਨੇ ਦਰਵਾਜ਼ਾ ਬੰਦ ਕਰਦਿਆਂ ਪੁੱਛਿਆ।

-"ਅਜੇ ਉਠਿਆ ਨੀ ਬੀਜੀ...!"

-"ਅਜੇ ਤੱਕ ਉਠਿਆ ਕਿਉਂ ਨੀ..?" ਸੰਤ ਕੌਰ ਨੇ ਫ਼ਿਕਰ ਕੀਤਾ, "ਲੈ, ਦੇਗ ਲੈ ਪੁੱਤ, ਤੇ ਨਾਲ਼ੇ ਅਗਮਜੋਤ ਨੂੰ ਖੁਆ..!"

ਜਿੰਦਰ ਨੇ ਦੇਗ ਫ਼ੜ ਕੇ ਮੱਥੇ ਨੂੰ ਲਾਈ।

-"ਬਲਜੀਤ ਦਾ ਕੋਈ ਫ਼ੋਨ ਨੀ ਆਇਆ...?"

-"ਆਇਆ ਨੀ ਬੀਜੀ...!"

-"ਕਿੰਨਾ ਲਾਪ੍ਰਵਾਹ ਐ ਨੀ ਇਹੇ ਮੁੰਡਾ, ਇਹਨੂੰ ਇਹ ਨੀ ਬਈ ਕੋਈ ਇਨ੍ਹਾਂ ਦਾ ਫ਼ਿਕਰ ਕਰ-ਕਰ ਸੁਕਦਾ ਹੋਊਗਾ..! ਬੱਸ ਘਰੋਂ ਨਿਕਲ਼ੇ, ਤੇ ਚੱਲ ਮੇਰੇ ਭਾਈ..! ਦਫ਼ਾ ਹੋਵੇ ਫ਼ਿਕਰ ਕਰਨ ਵਾਲ਼ਾ...!"

-"ਬੀਜੀ ਬਿਨਾ ਗੱਲੋਂ ਕਿਉਂ ਚਿੰਤਾ ਕਰਦੇ ਹੁੰਦੇ ਓਂ...? ਫ਼ੋਨ ਵੀ ਆ ਜਾਊਗਾ...!"

-"ਰਾਖਾ ਤਾਂ ਪੁੱਤ ਧੰਨ ਗੁਰੂ ਨਾਨਕ ਪਾਤਿਸ਼ਾਹ ਈ ਐ, ਪਰ ਆਪਾਂ ਨੂੰ ਤਾਂ ਚਿੰਤਾ ਹੋ ਈ ਜਾਂਦੀ ਐ ਨ੍ਹਾਂ..? ਪਰ ਆਪਣੀ ਚਿੰਤਾ ਦਾ ਚੇਤਾ ਹੈ ਕੀਹਨੂੰ...? ਲਹੂ ਪੀਣਾ ਕੀਤਾ ਪਿਐ ਏਸ ਮੁੰਡੇ ਨੇ...! ਜੁਆਕ ਜੱਲਿਆਂ ਆਲ਼ਾ ਹੋ ਗਿਆ, ਅਜੇ ਤੱਕ ਕਬੀਲਦਾਰੀ ਦੀ ਸੁਰਤ ਨੀ ਆਈ...! ਢੋਰ ਕਿਸੇ ਥਾਂ ਦਾ..!"

ਜਿੰਦਰ ਹੱਸ ਪਈ।

-"ਬੀਜੀ, ਨਾ ਖਪ-ਖਪ ਆਪਦਾ ਬਲੱਡ ਵਧਾਓ...! ਰੋਟੀ ਲਾਹ ਕੇ ਦੇਵਾਂ...?"

-"ਮੈਂ ਅਗਮ ਨੂੰ ਦੇਖ ਆਵਾਂ...!" ਸੰਤ ਕੌਰ ਪੌੜੀਆਂ ਚੜ੍ਹ ਗਈ।

ਜਿੰਦਰ ਨੇ ਮੁੜ ਅਖ਼ਬਾਰ ਖੋਲ੍ਹ ਕੇ ਪ੍ਰਤੀਕ ਜੀ ਦੀ ਫ਼ੋਟੋ ਦੇਖਣੀ ਸ਼ੁਰੂ ਕਰ ਦਿੱਤੀ।

ਉਹ ਪੂਰੇ ਜ਼ੋਰ ਜਬਰ ਨਾਲ਼ ਫ਼ੋਟੋ ਤੋਂ ਧਿਆਨ ਹਟਾਉਣ ਦੀ ਕੋਸ਼ਿਸ਼ ਕਰਦੀ, ਪਰ ਨਜ਼ਰ ਮੱਲੋ-ਮੱਲੀ ਤਿਲ੍ਹਕ ਕੇ ਪ੍ਰਤੀਕ ਜੀ ਦੀ ਫ਼ੋਟੋ 'ਤੇ ਚਲੀ ਜਾਂਦੀ। ਪ੍ਰਤੀਕ ਦਾ ਸਰੀਰ ਕਾਫ਼ੀ ਭਰ ਗਿਆ ਸੀ ਅਤੇ ਉਹ ਹੁਣ ਹੋਰ ਵੀ 'ਨਿੱਖਰ' ਆਇਆ ਸੀ।

ਮੌਸਮ ਕੁਝ ਨਿੱਘਾ ਹੋਣਾ ਸ਼ੁਰੂ ਹੋ ਗਿਆ ਸੀ।

ਦੁਪਿਹਰੇ ਤਾਂ ਕਈ ਵਾਰ ਧੁੱਪ ਵੀ ਚੁੱਭਣ ਲੱਗ ਪੈਂਦੀ।

ਇੰਗਲੈਂਡ ਵਿਚ ਕਬੱਡੀ ਦਾ ਸੀਜ਼ਨ ਸਿਖਰਾਂ 'ਤੇ ਚੱਲ ਰਿਹਾ ਸੀ।

ਜਿੰਦਰ ਹਰ ਹਫ਼ਤੇ ਅਖ਼ਬਾਰ ਲੈ ਆਉਂਦੀ।

ਅਖ਼ਬਾਰ ਵਿਚ ਪ੍ਰਤੀਕ ਜੀ ਦੀਆਂ ਮਾਰੀਆਂ ਮੱਲ੍ਹਾਂ ਦਾ ਜ਼ਿਕਰ ਹੁੰਦਾ। ਕਿਤੇ ਫ਼ੋਟੋ 'ਤੇ ਪ੍ਰਤੀਕ ਹੱਥ ਵਿਚ ਜੇਤੂ ਕੱਪ ਚੁੱਕੀ ਮੁਸਕਰਾ ਰਿਹਾ ਹੁੰਦਾ। ...ਕਿਉਂ ਉਡਦੇ ਪੰਖੇਰੂਆਂ ਦੇ ਪ੍ਰਛਾਂਵਿਆਂ ਨੂੰ ਜੱਫ਼ੇ ਮਾਰਨ ਲੱਗੀ ਐਂ, ਜਿੰਦਰ...? ਤੇਰਾ ਨਾਤਾ ਹੁਣ ਬਲਜੀਤ ਨਾਲ਼ ਹੈ, ਨਾ ਕਿ ਪ੍ਰਤੀਕ ਜੀ ਨਾਲ਼...! ਪ੍ਰਤੀਕ ਜੀ ਤਾਂ ਹੁਣ ਬੀਤ ਚੁੱਕਿਆ ਇੱਕ 'ਅਤੀਤ' ਨੇ...! ..."ਦਿਲਾਂ ਦੀ ਜੂਹ" ਚਾਹੇ ਅਜੇ ਤੱਕ 'ਇੱਕ' ਐ, ਪਰ ਉਸ ਦੇ ਮਾਰਗ ਹੁਣ ਵੱਖੋ-ਵੱਖ ਨੇ, ਹੁਣ ਜਿੰਨੀ ਜਲਦੀ ਹੋ ਸਕੇ, ਤੂੰ ਪ੍ਰਤੀਕ ਜੀ ਨੂੰ ਭੁੱਲਣ ਦੀ ਕੋਸ਼ਿਸ਼ ਕਰ...! ਕੁਨੈਕਸ਼ਨ ਕੱਟੇ ਖੰਭੇ ਨਾਲ਼ ਤਾਰਾਂ ਜੋੜ-ਜੋੜ ਕੇ ਦੇਖਣੀਆਂ ਨਿਰੀ ਬੇਵਕੂਫ਼ੀ ਐ, ਜਿੰਦਰ ਕੁਰੇ...! ਨਾ ਕੋਈ ਬੱਲ੍ਹਬ ਜਗਣੈਂ, ਤੇ ਨਾ ਕੋਈ ਰੌਸ਼ਨੀ ਪੱਲੇ ਪੈਣੀਂ ਐਂ..! ਇਹ ਤਾਂ ਕੇਵੇਲ਼ੇ ਦੀਆਂ ਟੱਕਰਾਂ ਨੇ, ਜਿੰਨੀਆਂ ਮਰਜ਼ੀ ਐ, ਮਾਰ ਲੈ...! ਤੇਰੀ ਜ਼ਿੰਦਗੀ ਦਾ ਤਾਣਾ-ਬਾਣਾ ਅਤੇ ਭਵਿੱਖ ਹੁਣ ਬਲਜੀਤ ਨਾਲ਼ ਜੁੜਿਐ, ਹੁਣ ਤੂੰ ਉਸ ਦੀ ਬਣ ਕੇ ਰਹਿ...! ਨਾ ਅੱਕੀਂ ਪਲ਼ਾਹੀਂ ਹੱਥ ਮਾਰ..!

ਕਦੇ-ਕਦੇ ਉਸ ਦਾ ਮਨ ਪ੍ਰਤੀਕ ਜੀ ਨੂੰ ਮਿਲਣ ਲਈ ਬੇਚੈਨ ਹੋ ਜਾਂਦਾ। ਪਰ ਉਹ ਆਪਣੇ ਜਜ਼ਬਾਤ ਬੜੀ ਮੁਸ਼ਕਿਲ ਨਾਲ਼ ਦਬਾਉਂਦੀ। ਪਰ ਉਸ ਦਾ ਮਨ ਪ੍ਰਤੀਕ ਜੀ ਲਈ ਥਾਲ਼ੀ ਦੇ ਪਾਣੀ ਵਾਂਗ ਡੋਲਦਾ ਰਹਿੰਦਾ।

ਤਿੰਨ ਕੁ ਹਫ਼ਤੇ ਬਾਅਦ ਐਤਵਾਰ ਨੂੰ ਉਨ੍ਹਾਂ ਦੇ ਸਿਟੀ ਵਿਚ ਖੇਡ ਮੇਲਾ ਹੋਇਆ।

ਜਿੰਦਰ ਬਹਾਨੇ ਜਿਹੇ ਨਾਲ਼ ਕਬੱਡੀ ਵਾਲ਼ੇ ਸਥਾਨ 'ਤੇ ਗਈ ਕਿ ਸ਼ਾਇਦ ਪ੍ਰਤੀਕ ਜੀ ਦੀ ਇੱਕ 'ਝਲਕ' ਹੀ ਨਜ਼ਰ ਪੈ ਜਾਵੇ...? ਸ਼ਾਇਦ 'ਦਰਸ਼ਣ' ਹੋ ਹੀ ਜਾਣ...? ਪਰ ਸਿਰਫ਼ ਬੰਦਿਆਂ ਦਾ ਹਜ਼ੂਮ ਦੇਖ ਕੇ ਨਿਰਾਸ਼ ਮੁੜ ਆਈ। ਖੇਡ ਮੇਲੇ ਵਾਲ਼ੀ ਜਗਾਹ ਉਸ ਨੂੰ ਕੋਈ ਔਰਤ ਦਿਖਾਈ ਨਾ ਦਿੱਤੀ। ਉਹ ਨਾ ਚਾਹੁੰਦੀ ਹੋਈ ਵੀ ਵਾਰ-ਵਾਰ ਪ੍ਰਤੀਕ ਜੀ ਵੱਲ ਨੂੰ ਖਿੱਚੀਦੀ ਮਹਿਸੂਸ ਕਰਦੀ ਸੀ। ਜਿਵੇਂ ਪ੍ਰਤੀਕ ਜੀ ਕੋਲ਼ ਕੋਈ ਚੁੰਬਕ ਸ਼ਕਤੀ ਸੀ, ਜੋ ਉਸ ਨੂੰ ਆਪਣੇ ਵੱਲ 'ਘੜ੍ਹੀਸ' ਰਹੀ ਸੀ! ਉਹ ਬਥੇਰਾ ਟਾਲ਼ਾ ਵੱਟਣ ਦੀ ਵਾਹ ਲਾਉਂਦੀ, ਪਰ ਬੇਕਾਬੂ ਮਨ ਉਸ ਨੂੰ ਪ੍ਰਤੀਕ ਜੀ ਵੱਲ ਨੂੰ 'ਧੂਹ' ਤੁਰਦਾ!

ਜਦ ਉਸ ਨੇ ਅਗਲੇ ਹਫ਼ਤੇ ਦਾ ਅਖ਼ਬਾਰ ਪੜ੍ਹਿਆ, ਤਾਂ ਉਸ ਦੇ ਮਨ ਦੀ ਹਾਲਤ 'ਅਜੀਬ' ਹੀ ਹੋ ਗਈ। ਉਸ ਨੂੰ ਇਹ ਸਮਝ ਨਹੀਂ ਪੈ ਰਹੀ ਸੀ ਕਿ ਉਹ ਖ਼ੁਸ਼ ਹੋਵੇ, ਜਾਂ ਦੁਖੀ...?

ਪ੍ਰਤੀਕ ਜੀ ਦੀ ਖੇਡ ਤੋਂ ਖ਼ੁਸ਼ ਹੋ ਕੇ ਕਿਸੇ ਖੇਡ-ਕਲਾ ਕਦਰਦਾਨ ਨੇ ਪ੍ਰਤੀਕ ਨੂੰ ਆਪਣੀ ਬੇਟੀ ਦਾ ਰਿਸ਼ਤਾ ਕਰ ਦਿੱਤਾ ਸੀ। ਇੱਕ ਪੂਰੇ ਪੰਨੇ ਦੇ ਇਸ਼ਤਿਹਾਰ 'ਤੇ ਪ੍ਰਤੀਕ, ਉਸ ਦੀ ਘਰਵਾਲ਼ੀ, ਨਜ਼ਦੀਕੀ ਰਿਸ਼ਤੇਦਾਰਾਂ ਅਤੇ ਪ੍ਰਬੰਧਕਾਂ ਦੀਆਂ ਰੰਗਦਾਰ ਫ਼ੋਟੋ ਲੱਗੀਆਂ ਸਨ। ਦੇਖ ਕੇ ਇੱਕ ਵਾਰ ਤਾਂ ਜਿੰਦਰ ਦੇ ਖ਼ੂਨ ਦਾ ਦਬਾਓ ਵਧ ਗਿਆ, ਪ੍ਰਤੀਕ ਨਾਲ਼ ਲੱਗੀ ਖੜ੍ਹੀ ਉਸ ਦੀ ਪਤਨੀ ਦੇਖ ਕੇ ਉਸ ਦਾ ਕਾਲ਼ਜਾ ਕਵਾਬ ਵਾਂਗ ਭੁੱਜ ਗਿਆ ਸੀ, ਪਰ ਅਗਲੀ ਸੋਚ ਨੇ ਹੀ ਉਸ ਦਾ ਤਾਪਮਾਨ ਥੱਲੇ ਲੈ ਆਂਦਾ; ਚਲੋ ਜੇ ਜ਼ਿੰਦਗੀ ਵਿਚ ਨਹੀਂ ਮੇਲ਼ ਹੋਇਆ, ਸ਼ਾਇਦ ਕਦੇ ਕਦਾਈਂ ਸਬੱਬੀਂ ਮੇਲੇ ਹੋ ਜਾਇਆ ਕਰਨਗੇ...? ਅੱਖਾਂ ਸਾਂਹਵੇਂ ਵਸ ਮਿੱਤਰਾ, ਰੱਬ ਵਰਗਾ ਆਸਰਾ ਤੇਰਾ...! ਉਹ ਸੋਚਦੀ; ਪਰ ਤੂੰ ਪ੍ਰਤੀਕ ਜੀ ਤੋਂ ਹੁਣ ਲੈਣਾ ਕੀ ਐ...? ਉਸ ਦਾ ਆਪਣਾ ਘਰ ਵਸ ਗਿਆ, ਤੇਰਾ ਆਪਣਾ ਵਸਿਆ ਹੋਇਐ...! ਜੇ ਅਜੇ ਵੀ ਪ੍ਰਤੀਕ ਜੀ ਦੀ ਝਾਕ ਰੱਖੇਂਗੀ, ਨਾਲ਼ੇ ਅਗਲੇ ਦਾ ਘਰ ਪੱਟੇਂਗੀ, ਤੇ ਨਾਲ਼ੇ ਆਪਣਾ...! ਨਾਲ਼ੇ ਹੁਣ ਤੇਰੇ ਵਾਸਤੇ ਅਜਿਹਾ ਸੋਚਣਾ ਘੋਰ ਪਾਪ ਐ...! ਤੇਰੀ ਸੱਸ ਸੰਤ ਕੌਰ ਸੱਚੀਂ ਹੀ ਇੱਕ 'ਸਾਧੂ ਔਰਤ' ਐ...! ਤੇ ਬਲਜੀਤ ਵਿਚ ਵੀ ਕੋਈ ਕਾਣ ਨਹੀਂ, ਉਹ ਤਾਂ ਤੇਰੇ ਸਾਹੀਂ ਸਾਹ ਲੈਂਦੈ..! ਫ਼ੁੱਲ ਵਰਗਾ ਸੋਹਣਾ ਸੁਣੱਖਾ ਰੱਬ ਨੇ ਤੈਨੂੰ ਪੁੱਤ ਦਿੱਤੈ, ਤੈਨੂੰ ਸਬਰ ਕਿਉਂ ਨੀ...? ਪ੍ਰਤੀਕ ਜੀ ਬਾਰੇ ਸੋਚਣਾ ਬੰਦ ਕਰ ਕੇ ਕਿਉਂ ਨਹੀਂ ਦਿਮਾਗ ਨੂੰ ਸ਼ਾਂਤ ਰੱਖਦੀ..? ਕਿਹੋ ਜਿਹੀ ਔਰਤ ਹੈਂ ਤੂੰ, ਜੋ ਖ਼ੁਦ ਵਿਆਹੀ-ਵਰੀ ਹੋ ਕੇ ਦੂਜੇ ਵਿਆਹੇ-ਵਰੇ ਬੰਦੇ ਬਾਰੇ ਸੋਚਦੀ ਹੈਂ...? ਉਹ ਆਪਣੀ ਆਤਮਾ ਅਤੇ ਦਿਲ ਨਾਲ਼ ਦੋ-ਦੋ ਹੱਥ ਕਰੀ ਜਾ ਰਹੀ ਸੀ।

ਬਲਜੀਤ ਕੋਚ ਲੈ ਕੇ ਕਦੇ ਲੰਡਨ ਤੋਂ ਗਲਾਸਗੋ ਜਾਂਦਾ ਅਤੇ ਕਦੇ ਮਾਨਚੈਸਟਰ!

ਕੰਮ ਕਾਰ ਵਿਚ ਮਸ਼ਰੂਫ਼ ਬਲਜੀਤ ਦਿਨ ਰਾਤ ਸੜਕਾਂ ਦਾ ਹਾਣੀ ਬਣ ਤੁਰਿਆ ਸੀ।

-"ਪੁੱਤ ਹੁਣ ਤੂੰ ਲੰਮੇ ਰੂਟਾਂ ਦਾ ਛੱਡ ਖਹਿੜ੍ਹਾ, ਤੇ ਐਥੇ ਨੇੜੇ ਦਾ ਕੋਈ ਰੂਟ ਲੈ-ਲਾ, ਰਾਤ ਨੂੰ ਆਬਦੇ ਟੱਬਰ 'ਚ ਆਇਆ ਕਰ..! ਭੋਰਾ ਭਰ ਤੇਰਾ ਜੁਆਕ ਐ, ਉਹਨੂੰ ਵੀ ਪਿਉ ਦੀ ਲੋੜ ਐ..!" ਇੱਕ ਰਾਤ ਸੰਤ ਕੌਰ ਨੇ ਬਲਜੀਤ ਨੂੰ ਕਿਹਾ। ਉਹ ਹਫ਼ਤੇ ਬਾਅਦ ਘਰ ਪਰਤਿਆ ਸੀ।

-"ਮੰਮ, ਬੱਸ ਆਹੀ ਮਹੀਨਾ ਲਾ ਲੈਣ ਦੇ, ਅਗਲੇ ਮਹੀਨੇ ਤੋਂ ਲੋਕਲ ਚੱਲਿਆ ਕਰੂੰਗਾ..!"

-"ਜਿੰਦਰ ਨੂੰ ਵੀ ਤੇਰੀ ਲੋੜ ਐ, ਪੁੱਤ..! ਹੋਰ ਇਹਦਾ ਮੇਰੇ ਬੁੱਢੀ ਠੇਰੀ ਨਾਲ਼ ਥੋੜ੍ਹੋ ਦਿਲ ਲੱਗਣੈਂ..? ਹਾਣ ਨੂੰ ਹਾਣ ਪਿਆਰਾ ਹੁੰਦੈ...!"

-"ਬੱਸ ਮੰਮ, ਹਫ਼ਤੇ ਤਿੰਨ ਹੋਰ ਐ, ਫ਼ੇਰ ਸਵੇਰੇ ਜਾਇਆ ਕਰੂੰ, ਤੇ ਸ਼ਾਮ ਨੂੰ ਘਰ...!" ਸੁਣ ਕੇ ਸੰਤ ਕੌਰ ਸੰਤੁਸ਼ਟ ਹੋ ਗਈ।

ਦੋ ਹਫ਼ਤੇ ਬੀਤ ਗਏ।

ਦਿਲੋਂ ਤੋੜ-ਤੋੜ ਸੁੱਟਣ ਦੇ ਬਾਵਜੂਦ ਵੀ ਪ੍ਰਤੀਕ ਜੀ ਜਿੰਦਰ ਦੇ ਦਿਲ ਤੋਂ ਉੱਤਰਦੇ ਨਹੀਂ ਸਨ।

ਨਿਰੰਤਰ ਹਰ ਹਫ਼ਤੇ ਅਖ਼ਬਾਰ ਲਿਆਉਣਾ ਹੁਣ ਜਿੰਦਰ ਦਾ 'ਰੁਟੀਨ' ਬਣ ਗਿਆ ਸੀ।

ਪਰ ਹੁਣ ਕਬੱਡੀ ਦਾ ਸੀਜ਼ਨ ਖ਼ਤਮ ਹੋ ਗਿਆ ਸੀ ਅਤੇ ਪ੍ਰਤੀਕ ਜੀ ਦੀਆਂ ਫ਼ੋਟੋ ਆਉਣੀਆਂ ਵੀ ਬੰਦ ਹੋ ਚੁੱਕੀਆਂ ਸਨ। ਪਰ ਜਿੰਦਰ ਪਤਾ ਨਹੀਂ ਕਿਉਂ ਹਰ ਹਫ਼ਤੇ ਅਖ਼ਬਾਰ ਖਰੀਦਣਾ ਨਹੀਂ ਭੁੱਲਦੀ ਸੀ। ਉਸ ਨੂੰ ਅਖ਼ਬਾਰ ਲਿਆਉਣ ਦਾ ਇੱਕ 'ਅਮਲ', ਇੱਕ 'ਨਸ਼ਾ' ਜਿਹਾ ਲੱਗ ਗਿਆ ਸੀ। ਜਦ ਵੀ ਉਹ ਅਖ਼ਬਾਰ ਖੋਲ੍ਹ ਕੇ ਦੇਖਦੀ, ਤਾਂ ਉਸ ਦੀਆਂ ਅੱਖਾਂ ਔਟਲ਼ਿਆਂ ਵਾਂਗ ਪ੍ਰਤੀਕ ਜੀ ਨੂੰ ਹੀ ਲੱਭਦੀਆਂ! ਤੂੰ ਪਾਗਲ ਹੋ ਗਈ ਐਂ ਜਿੰਦਰ...! ਕਬੱਡੀ ਦਾ ਸੀਜ਼ਨ ਖ਼ਤਮ ਹੋ ਚੁੱਕਿਐ, ਤੇ ਤੂੰ ਹੁਣ ਵੀ ਕਬੱਡੀ ਵਾਲ਼ੀਆਂ ਫ਼ੋਟੋ ਲੱਭਦੀ ਫ਼ਿਰਦੀ ਹੈਂ...? ਜਿੰਦਰ, ਪ੍ਰਤੀਕ ਜੀ ਦਾ ਕੱਢ ਖ਼ਿਆਲ, ਤੇ ਆਪਣੇ ਐਸ ਪ੍ਰੀਵਾਰ ਨੂੰ ਸਮਰਪਣ ਰਹਿ...! ਉਹ ਆਪਣੇ ਮਨ ਨੂੰ ਸਮਝੌਤੀਆਂ ਜਿਹੀਆਂ ਦਿੰਦੀ, ਪਰ ਭਾਵੁਕ ਮਨ ਪਾਲਤੂ ਕੁੱਤੇ ਵਾਂਗ ਮੁੜ ਓਸੇ ਥਾਂ ਖੜ੍ਹ, ਪੂਛ ਹਿਲਾਉਣ ਲੱਗ ਜਾਂਦਾ!

ਛੇ ਮਹੀਨੇ ਇਨ੍ਹਾਂ ਸੋਚਾਂ ਦੀ ਮੰਝਧਾਰ ਵਿਚ ਹੋਰ ਬੀਤ ਗਏ।

ਅਗਮਜੋਤ ਨਰਸਰੀ ਜਾਣ ਲੱਗ ਪਿਆ ਸੀ।

ਇੱਕ ਰਾਤ ਘੜ੍ਹੀ ਦੀਆਂ ਸੂਈਆਂ ਦੋ 'ਤੇ ਪਹੁੰਚਣ ਵਾਲ਼ੀਆਂ ਸਨ।

ਦਰਵਾਜ਼ੇ 'ਤੇ 'ਡੋਰ ਬੈੱਲ' ਹੋਈ।

ਟਿਕੀ ਰਾਤ ਵਿਚ ਵੱਜੀ ਘੰਟੀ ਨੇ ਘਰ ਦੇ ਸ਼ਾਂਤ ਵਾਤਾਵਰਣ ਵਿਚ ਭੂਚਾਲ਼ ਲੈ ਆਂਦਾ ਸੀ।

-"ਨ੍ਹੀ ਐਸ ਵੇਲ਼ੇ ਕੌਣ ਹੋਇਆ...?" ਸੰਤ ਕੌਰ ਆਪਣੇ ਕਮਰੇ 'ਚੋਂ ਬੋਲੀ।

-"..................!" ਜਿੰਦਰ ਵੀ ਬੈੱਡ ਵਿਚ ਊਧ-ਮਧੂਣੀਂ ਜਿਹੀ ਸੋਚ ਰਹੀ ਸੀ ਕਿ ਕੌਣ ਹੋਇਆ...?

-"ਸ਼ੈਦ ਬਲਜੀਤ ਆ ਗਿਆ ਹੋਣੈਂ, ਪੁੱਤ...! ਕਿਹੜਾ ਫ਼ੋਨ ਕਰ ਕੇ ਦੱਸਦੈ...? ਅੱਭੜਵਾਹਿਆਂ ਮਾਂਗੂੰ ਆ ਵੱਜਦੈ...! ਮੁੰਡੇ ਨੂੰ ਜਗਾਊ ਅੱਧੀ ਰਾਤੋਂ, ਗੰਦੀ 'ਲ਼ਾਦ ਬਦਲੇ ਲੈਂਦੀ ਐ...! ਕਿੰਨੀ ਵਾਰੀ ਕਿਹੈ ਗੰਦੀ 'ਲ਼ਾਦ ਨੂੰ ਬਈ ਬਾਹਰਲਾ ਰੂਟ ਬੰਦ ਕਰ ਦੇ, ਪਰ ਕਾਹਨੂੰ...? ਜੇ ਗੱਲ ਮੰਨ ਲੈਣ, ਫ਼ੇਰ ਮੇਰੇ ਬਦਲੇ ਕਿਵੇਂ ਲੈਣ...?"

-"ਪਰ ਉਨ੍ਹਾਂ ਕੋਲ਼ ਤਾਂ ਘਰ ਦੀ ਚਾਬੀ ਐ, ਬੀਜੀ..!"

-"ਨੀ ਕਿਤੇ ਰੱਖ ਕੇ ਭੁੱਲ ਗਿਆ ਹੋਊ...! ਕਿਹੜਾ ਦਿਮਾਗ ਸੈੱਟ ਰਹਿੰਦੈ ਇਨ੍ਹਾਂ ਦਾ...!"

ਘੰਟੀ ਫ਼ਿਰ ਵੱਜੀ।

-"ਵੇ ਆਉਨੀ ਆਂ...! ਕਿਵੇਂ ਸੂਲ਼ੀ ਟੰਗਣੇ ਲਏ ਐਂ, ਭੋਰਾ ਜਰੈਂਦ ਨੀ ਇਨ੍ਹਾਂ ਨੂੰ..! ਤੂੰ ਪਈ ਰਹਿ ਪੁੱਤ, ਮੈਂ ਦਰਵਾਜ਼ਾ ਖੋਲ੍ਹਦੀ ਐਂ..! ਤੂੰ ਨਾ ਉਠੀਂ..! ਤੂੰ ਰਾਮ ਨਾ' ਪਈ ਰਹਿ...!" ਸੰਤ ਕੌਰ ਉਠ ਕੇ ਪੌੜੀਆਂ ਉੱਤਰ ਗਈ ਅਤੇ ਦਰਵਾਜ਼ਾ ਖੋਲ੍ਹ ਦਿੱਤਾ।

ਸਾਹਮਣੇ ਪੁਲ਼ਿਸ ਦੇਖ ਕੇ ਸੰਤ ਕੌਰ 'ਡੌਰ-ਭੌਰ' ਹੋ ਗਈ।

-"ਗੁੱਡ ਮੌਰਨਿੰਗ, ਮੈਮ...!"

-"ਗੁੱਡ ਮੀਰਨਿੰਗ...! ਵੇਟ ਪਲੀਜ਼...!" ਆਖ ਉਸ ਨੇ ਜਿੰਦਰ ਨੂੰ ਅਵਾਜ਼ ਦਿੱਤੀ, "ਨ੍ਹੀ ਜਿੰਦਰ...! ਨ੍ਹੀ ਦੇਖ ਨ੍ਹੀ ਆ ਕੇ, ਪੂਲ਼ਸ ਆਈ ਐ..! ਮੈਨੂੰ ਤਾਂ ਇਨ੍ਹਾਂ ਦੀ ਬਾਤ ਨੀ ਸਮਝ ਆਉਣੀ ਧੀਏ, ਤੂੰ ਆ ਥੱਲੇ....! ਪਤਾ ਨੀ ਪਹਿਰ ਦੇ ਤੜਕੇ ਕੀ ਕਰਨ ਆਏ ਐ, ਬਈ ਜੇ ਥੋਨੂੰ ਕੋਈ ਕੰਮ ਐਂ, ਦਿਨੇ ਆਓ, ਰਾਤ ਨੂੰ ਆਉਣ ਦਾ ਥੋਡਾ ਕੀ ਰਾਹ..? ਤੁਸੀਂ ਤਾਂ ਵਿਹਲੇ ਓਂ, ਅਸੀਂ ਤਾਂ ਕੰਮ ਕਾਰ ਕਰਨੇ ਹੁੰਦੇ ਐ, ਆ ਧੀਏ, ਸੁਣ ਕੀ ਕਹਿੰਦੇ ਐ...!"

ਪੁਲਿਸ ਦਾ ਨਾਂ ਸੁਣ ਕੇ ਜਿੰਦਰ ਥੱਲੇ ਆ ਗਈ।

-"ਮਾਤਾ ਮੈਂ ਪੰਜਾਬੀ ਵੀ ਬੋਲ ਲੈਨੈਂ...!" ਇੱਕ ਪੁਲਿਸ ਅਫ਼ਸਰ ਬੋਲਿਆ।

-"ਲੈ...! ਵੇ ਤੂੰ ਓਦੋਂ ਦਾ ਨਾ ਬੋਲਿਆ ਭਾਈ..? ਮੈਂ ਕੁੜੀ ਨੂੰ ਕਾਹਨੂੰ ਜਗਾਉਣਾ ਸੀ..?"

-"ਮੈਂ ਪੰਜਾਬੀ ਐਂ ਮਾਤਾ..!"

-"ਵੇ ਪੁਲ਼ਸ ਦੀ ਵਰਦੀ 'ਚ ਤਾਂ ਮੈਨੂੰ ਪੰਜਾਬੀ ਤੇ ਗੋਰੇ, ਸਭ ਇੱਕੋ ਜੇ ਲੱਗਦੇ ਐ ਭਾਈ, ਇੱਕ ਮੇਰੀ ਨਿਗਾਹ ਕਮਜ਼ੋਰ ਐ, ਰਾਤ ਨੂੰ ਦੀਂਹਦਾ ਜਿਆ ਨੀ...!"

-"ਬਲਜੀਤ ਸਿੰਘ ਦਾ ਘਰ ਇਹੀ ਐ..?"

-"ਹਾਂ ਪੁੱਤ, ਸੁੱਖ ਨਾ' ਇਹੀ ਐ...!"

-"ਤੁਸੀਂ ਬਲਜੀਤ ਸਿੰਘ ਦੇ ਮਾਤਾ ਜੀ ਹੋ...?"

-"ਹਾਂ ਪੁੱਤ..! ਮਾਂ ਐਂ, ਬੜੇ ਦੋਜ਼ਖਾਂ ਨਾਲ਼ ਪਾਲ਼ਿਐ ਮੈਂ ਉਹਨੂੰ...!"

-"ਤੇ ਤੁਸੀਂ ਬਲਜੀਤ ਸਿੰਘ ਦੇ ਕੀ ਲੱਗਦੇ ਓ..?" ਉਸ ਨੇ ਪਿੱਛੇ ਖੜ੍ਹੀ ਜਿੰਦਰ ਨੂੰ ਪੁੱਛਿਆ।

-"ਮੈਂ ਬਲਜੀਤ ਸਿੰਘ ਦੀ ਵਾਈਫ਼ ਆਂ ਜੀ..! ਗੱਲ ਦੱਸੋ, ਗੱਲ ਕੀ ਐ..?" ਜਿੰਦਰ ਦਾ ਕਾਲ਼ਜਾ ਫ਼ੜਿਆ ਹੋਇਆ ਸੀ।

-"ਬੜੇ ਅਫ਼ਸੋਸ ਨਾਲ਼ ਕਹਿਣਾ ਪੈ ਰਿਹੈ ਕਿ ਬਲਜੀਤ ਸਿੰਘ ਇੱਕ ਟਰੈਫ਼ਿਕ ਐਕਸੀਡੈਂਟ ਵਿਚ ਪੂਰੇ ਹੋ ਗਏ...!"

ਸੁਣ ਕੇ ਸੰਤ ਕੌਰ ਦੀਆਂ ਜੋਤਹੀਣ ਅੱਖਾਂ ਅੱਗੇ ਹਨ੍ਹੇਰ ਛਾ ਗਿਆ ਅਤੇ ਉਹ ਕੰਧ ਦਾ ਸਹਾਰਾ ਲੈ ਕੇ ਭੁੰਜੇ ਹੀ ਬੈਠ ਗਈ।

ਜਿੰਦਰ ਦਾ ਦਿਲ ਛਾਤੀ ਵਿਚ ਹਥੌੜੇ ਵਾਂਗ ਵੱਜ ਰਿਹਾ ਸੀ। ਉਸ ਨੂੰ ਕੁਝ ਸੁੱਝ ਨਹੀਂ ਰਿਹਾ ਸੀ ਕਿ ਕੀ ਕਹੇ ਅਤੇ ਕੀ ਕਰੇ..?

-"ਐਸ ਪਤੇ 'ਤੇ ਤੁਹਾਡੇ ਹੱਸਬੈਂਡ ਦੀ ਲਾਸ਼ ਐ..!" ਉਸ ਨੇ ਇੱਕ ਕਾਗਜ਼ ਜਿੰਦਰ ਦੇ ਹੱਥ ਦਿੱਤਾ।

-"ਅਗਰ ਕੋਈ ਸੁਆਲ ਪੁੱਛਣਾ ਹੋਵੇ, ਤਾਂ ਪੁਲਿਸ ਸਟੇਸ਼ਨ ਦਾ ਆਹ ਨੰਬਰ ਹੈ..!" ਉਸ ਨੇ ਇੱਕ ਕਾਰਡ ਫ਼ੜਾ ਦਿੱਤਾ।

ਪੁਲਿਸ ਚਲੀ ਗਈ।

ਮਾਂ ਵਰਗੀ ਸੱਸ ਦੇ ਗਲ਼ ਲੱਗ ਕੇ ਜਿੰਦਰ ਨੇ ਧਾਹ ਮਾਰੀ।

-"ਆਪਾਂ ਉੱਜੜ ਗਏ ਨ੍ਹੀ ਬੀਜੀ...!" ਉਸ ਦਾ ਰੋਣਾਂ ਥੰਮ੍ਹਿਆਂ ਨਹੀਂ ਜਾਂਦਾ ਸੀ। ਸੰਤ ਕੌਰ ਮਿੱਟੀ ਬਣੀਂ ਚੁੱਪ ਚਾਪ ਬੈਠੀ ਸੀ।

ਆਪਣੇ ਨਾਲ਼ ਕੰਮ ਕਰਦੀਆਂ ਕੁਝ ਔਰਤਾਂ ਦੀ ਮਦਦ ਨਾਲ਼ ਜਿੰਦਰ ਨੇ ਬਲਜੀਤ ਦਾ ਸਸਕਾਰ ਕੀਤਾ।

ਜਿੰਦਰ ਦੀ ਸੁਰਤ ਮਾਰੀ ਪਈ ਸੀ। ਘਰ ਦੀ ਸਾਰੀ ਜ਼ਿੰਮੇਵਾਰੀ ਹੁਣ ਉਸ ਦੇ ਮੋਢਿਆਂ 'ਤੇ ਆਣ ਡਿੱਗੀ ਸੀ।

ਸੰਤ ਕੌਰ ਦੀ ਸਿਹਤ ਅਤੇ ਦਿਮਾਗੀ ਹਾਲਤ ਤਾਂ ਜਮਾਂ ਹੀ ਨਿੱਘਰ ਗਈ ਸੀ।

ਦੋਨੋਂ ਸੱਸ ਨੂੰਹ ਸਾਰਾ ਦਿਨ ਮੱਖੀਆਂ ਵਾਂਗ ਕੰਧਾਂ ਨਾਲ਼ ਲੱਗੀਆਂ ਰਹਿੰਦੀਆਂ। ਜਿੰਦਰ ਅਗਮਜੋਤ ਨੂੰ ਨਰਸਰੀ ਛੱਡ ਕੇ ਕੰਮ 'ਤੇ ਚਲੀ ਜਾਂਦੀ ਅਤੇ ਸ਼ਾਮ ਨੂੰ ਘਰ ਆ ਕੇ ਰੋਟੀ-ਟੁੱਕ ਕਰ ਲੈਂਦੀ। ਕੋਈ ਕਿਸੇ ਨਾਲ਼ ਬੋਲਦਾ ਨਹੀਂ ਸੀ।

ਪਤਾ ਲੱਗਣ 'ਤੇ ਭੂਆ ਗੁਰਮੇਲ ਕੌਰ ਅਫ਼ਸੋਸ ਕਰਨ ਆਈ।

-"ਕੀ ਲੋਹੜਾ ਮਾਰਿਆ ਰੱਬ ਨੇ...! ਮਿੰਟ 'ਚ ਵਸਦਾ ਰਸਦਾ ਘਰ ਉੱਜੜ ਗਿਆ..!"

-"..................!" ਨਾ ਸੰਤ ਕੌਰ ਅਤੇ ਨਾ ਜਿੰਦਰ ਕੁਝ ਬੋਲੀ।

-"ਲੈ ਕੱਲ੍ਹ ਦੀਆਂ ਗੱਲੈਂ, ਮੇਰੇ ਮੋਢਿਆਂ 'ਤੇ ਖੇਡਦਾ ਰਿਹੈ..!" ਗੁਰਮੇਲ ਕੌਰ ਅੱਖਾਂ ਭਰ ਆਈ।

-"......................!" ਪਰ ਜਿੰਦਰ ਨਾ ਬੋਲੀ। ਉਸ ਨੂੰ ਭੂਆ ਦੀਆਂ ਭਦਰਕਾਰੀਆਂ ਦਾ ਪਤਾ ਸੀ ਕਿ ਭੂਆ ਮਗਰਮੱਛ ਦੇ ਹੰਝੂ ਸੁੱਟ ਰਹੀ ਸੀ।

-"ਐਡੀ ਪਹਾੜ ਜਿੱਡੀ ਉਮਰ ਕਿਵੇਂ ਕੱਢੇਂਗੀ, ਜਿੰਦਰ..? ਜੋ ਹੋਣਾ ਸੀ, ਓਹ ਤਾਂ ਭਾਈ ਗਿਆ ਹੋ, ਹੁਣ ਤੂੰ ਆਬਦੇ ਬਾਰੇ ਕੁਛ ਸੋਚ...! ਹੁਣ ਸਾਰੀ ਉਮਰ ਤੂੰ ਸੰਤ ਕੁਰ ਦੇ ਗੋਡੇ ਮੂੰਢ ਥੋੜ੍ਹੋ ਬੈਠੀ ਰਹੇਂਗੀ...? ਕੱਲ੍ਹ ਦੀ ਤਾਂ ਤੂੰ ਜੁਆਕੜੀ ਐਂ..! ਜੇ ਕਿਤੇ ਮੇਰੀ ਲੋੜ ਹੋਈ, ਤਾਂ ਦੱਸੀਂ...!"

-"ਭੂਆ ਜੀ, ਤੁਸੀਂ ਅਫ਼ਸੋਸ ਕਰ ਕੇ ਸਾਡਾ ਦਰਦ ਵੰਡਾਉਣ ਆਏ, ਤੁਹਾਡਾ ਧੰਨਵਾਦ...! ਹੁਣ ਤੁਸੀਂ ਜਾਓ...! ਮੈਂ ਤੇ ਬੀਜੀ ਰਹਿੰਦੀ ਜ਼ਿੰਦਗੀ ਇੱਕ ਦੂਜੀ ਦਾ ਆਸਰਾ ਬਣ ਕੇ ਕੱਟ ਲਵਾਂਗੀਆਂ..!"

-"ਨ੍ਹੀ ਮੈਂ ਫ਼ੇਰ ਵੀ ਤੇਰੀ ਭੂਆ ਐਂ, ਜਿੰਦਰ..! ਮੈਨੂੰ ਤਾਂ ਤੇਰਾ ਬਲ੍ਹਾਈ ਦਰਦ ਆਉਂਦੈ ਧੀਏ...!"

-"ਭੂਆ ਜੀ...! ਤੁਸੀਂ ਹੁਣ ਜਾਓ...!" ਜਿੰਦਰ ਨੇ ਕਰੜੀ ਹੋ ਕੇ ਕਿਹਾ।

-"ਲੈ ਨ੍ਹੀ...! ਗਧੇ ਨੂੰ ਦਿੰਦੇ ਸੀ ਲੂਣ, ਅਖੇ ਮੇਰੇ ਕੰਨ ਪੱਟਦੇ ਐ..! ਮੈਂ ਹਮਦਰਦੀ ਕਰਦੀ ਐਂ, ਤੇ ਇਹੇ-!"

-"ਨਹੀਂ, ਮੈਨੂੰ ਨੀ ਲੋੜ ਥੋਡੀ ਹਮਦਰਦੀ ਦੀ ਭੂਆ ਜੀ, ਤੁਸੀਂ ਆਪਦੇ ਘਰ ਜਾਓ, ਤੇ ਮੁੜ ਕੇ ਇੱਥੇ ਨਾ ਆਉਣਾ..!"

-"ਐਨਾਂ ਹੰਕਾਰ ਵੀ ਚੰਗਾ ਨੀ ਹੁੰਦਾ, ਜਿੰਦਰ...! ਰੱਬ ਤੋਂ ਡਰੀਏ...! ਐਨੀ ਵੀ ਢਾਕ ਨੀ ਮਰੋੜੀਦੀ, ਭਾਈ..!"

-"ਤੁਸੀਂ ਭਲੀ ਪਤ ਨਾਲ਼ ਜਾਣੈਂ, ਜਾਂ ਸਿਰੇ ਦੀ ਗੱਲ ਸੁਣਾਵਾਂ..?"

ਬੁੱਲ੍ਹ ਮਰੋੜਦੀ ਗੁਰਮੇਲ ਕੌਰ ਉਠ ਕੇ ਤੁਰ ਗਈ।

ਜਿੰਦਰ ਨੇ ਬੁਝੀ ਜਿਹੀ ਬੈਠੀ ਸੰਤ ਕੌਰ ਨੂੰ ਚਾਹ ਬਣਾ ਕੇ ਦਿੱਤੀ। ਸੰਤ ਕੌਰ ਨੇ ਚਾਹ ਫ਼ੜ ਲਈ। ਪਰ ਚਾਹ ਪੀਣ ਨੂੰ ਉਸ ਦਾ ਭੋਰਾ ਮਨ ਨਹੀਂ ਕਰਦਾ ਸੀ। ਬਲਜੀਤ ਦੀ ਮੌਤ ਦੇ ਬੀਮੇਂ ਦੀ ਮਿਲ਼ੀ ਖੁੱਲ੍ਹੀ-ਡੁੱਲ੍ਹੀ ਰਕਮ ਵੀ ਉਨ੍ਹਾਂ 'ਚੋਂ ਕਿਸੇ ਨੂੰ ਖ਼ੁਸ਼ ਨਾ ਕਰ ਸਕੀ। ਸੱਸ ਨੂੰਹ ਹੁਣ ਬਹੁਤਾ ਚੁੱਪਚਾਪ ਹੀ ਰਹਿੰਦੀਆਂ ਸਨ। ਅਗਮਜੋਤ ਘਰ ਵਿਚ ਉਨ੍ਹਾਂ ਦਾ ਆਹਾਰ ਬਣਿਆਂ ਹੋਇਆ ਸੀ।

-"ਪੁੱਤ ਜਿੰਦਰ...!" ਸੰਤ ਕੌਰ ਜਿਵੇਂ ਖੂਹ 'ਚੋਂ ਬੋਲੀ ਸੀ।

-"ਹਾਂ ਬੀਜੀ...!"

-"ਲੋਕਾਂ ਦੀ ਭਾਖਿਆ ਸੱਚ ਹੀ ਹੁੰਦੀ ਐ, ਪੁੱਤ..!" ਸੰਤ ਕੌਰ ਦੇ ਸਾਹ ਛਾਤੀ ਵਿਚ ਖੜਕ ਜਿਹੇ ਰਹੇ ਸਨ।

-"ਕਿਹੜੀ ਭਾਖਿਆ, ਬੀਜੀ...?" ਉਸ ਨੇ ਵੈਰਾਨ ਜਿਹੀਆਂ ਹੋਈਆਂ ਅੱਖਾਂ ਉਪਰ ਚੁੱਕੀਆਂ।

-"ਲੋਕ ਝੂਠ ਨੀ ਕਹਿੰਦੇ ਹੁੰਦੇ, ਪੁੱਤ...! ਲੋਕਾਂ ਦੀ ਦੰਦ-ਕਥਾ ਸੱਚੀ ਹੁੰਦੀ ਐ..!"

-"ਬੀਜੀ, ਗੱਲ ਸਿੱਧੀ ਦੱਸੋ, ਬੁਝਾਰਤਾਂ ਨਾ ਪਾਓ...!"

-"ਗੁਰਮੇਲ ਕੁਰ, ਤੇਰੀ ਭੂਆ...!"

-"ਫ਼ੇਰ ਆਈ ਸੀ..?"

-"ਨਹੀਂ...!" ਸੰਤ ਕੌਰ ਨੇ ਸਾਹ ਲੈ ਕੇ ਬੋਲਣਾ ਸ਼ੁਰੂ ਕੀਤਾ, "ਗੁਰਮੇਲ ਕੁਰ ਓਸ ਦਿਨ ਸੱਚ ਈ ਕਹਿੰਦੀ ਸੀ, ਪੁੱਤ..! ਬਈ ਪਹਾੜ ਜਿੱਡੀ ਜ਼ਿੰਦਗੀ ਤੂੰ 'ਕੱਲੀ ਕਿਵੇਂ ਕੱਢੇਂਗੀ...? ਮੈਂ ਨਦੀ ਕਿਨਾਰੇ ਰੁੱਖੜਾ ਪਤਾ ਨੀ ਕੈਅ ਦਿਨ ਦੀ ਪ੍ਰਾਹੁੰਣੀਂ ਐਂ..? ਨਾਲ਼ੇ ਅਗਮਜੋਤ ਨੂੰ ਵੀ ਪਿਉ ਦੀ ਲੋੜ ਐ, ਧੀਏ...! ਤੂੰ ਆਬਦੀ ਜ਼ਿੰਦਗੀ ਜਿਉਣ ਦਾ ਕੋਈ ਢਾਨਸ ਕਰ, ਪੁੱਤ..! ਮੇਰੇ ਸਿਰ 'ਤੇ ਤੂੰ ਕਿੰਨਾ ਕੁ ਚਿਰ ਬੈਠੀ ਰਹੇਂਗੀ ਕਮਲ਼ੀਏ ਧੀਏ..?" ਸਾਹ ਜਿਹੇ ਵਰੋਲ਼ਦੀ ਸੰਤ ਕੌਰ ਨੇ ਗੱਲ ਮਸਾਂ ਹੀ ਪੂਰੀ ਕੀਤੀ। ਹੁਣ ਉਹ ਜਦੋਂ ਗੱਲ ਕਰਦੀ ਸੀ, ਉਸ ਦਾ ਸਾਹ ਚੜ੍ਹਦਾ ਸੀ। ਉਸ ਦੇ ਦਿਲ 'ਚੋਂ ਕੋਈ ਨਾ ਝੱਲਣਯੋਗ ਚਸਕ, ਕੋਈ ਟੀਸ ਉਠਦੀ ਸੀ, ਜਿਸ ਨਾਲ਼ ਉਸ ਦਾ ਸਾਰਾ ਸਰੀਰ ਜਰਖਲ਼ਿਆ ਜਾਂਦਾ ਸੀ।

-"ਬੀਜੀ...! ਤੁਹਾਨੂੰ ਮੈਂ ਕਦੇ ਆਪਣੀ ਸੱਸ ਸਮਝਿਆ ਈ ਨੀ, ਹਮੇਸ਼ਾ ਆਪਣੀ ਮਾਂ ਮੰਨਿਐਂ, ਮੈਂ ਥੋਡੇ ਆਸਰੇ ਦਿਨ ਕਟੀ ਕਰ ਲਊਂਗੀ..!"

-"ਤੇ ਜਦੋਂ ਮੈਂ ਤੁਰਗੀ, ਫ਼ੇਰ...?"

-"ਫ਼ੇਰ ਅਗਮਜੋਤ ਹੈਗਾ...!"

-"ਨਹੀਂ ਧੀਏ...! ਹਰ ਰਿਸ਼ਤੇ ਦੀ ਆਪਣੀ ਆਪਣੀ ਜਗ੍ਹਾ ਹੁੰਦੀ ਐ, ਜਿਵੇਂ ਹੱਥਾਂ ਨੇ ਆਪਣਾ ਕੰਮ ਕਰਨਾ ਹੁੰਦੈ, ਤੇ ਪੈਰਾਂ ਨੇ ਆਪਣਾ...! ਪੈਰਾਂ ਨਾਲ਼ ਬੰਦੇ ਨੇ ਜੰਗਲ-ਪਾਣੀ ਵਾਲ਼ੇ ਹੱਥ ਥੋੜ੍ਹੋ ਧੋ ਲੈਣੇ ਹੁੰਦੇ ਐ...? ਉਹ ਤਾਂ ਹੱਥਾਂ ਨਾਲ਼ ਈ ਧੋਤੇ ਜਾਂਦੇ ਐ, ਪੁੱਤ..! ਤੂੰ ਆਬਦਾ ਕੋਈ ਬੰਨ੍ਹ-ਸੁੱਬ ਕਰ..! ਮੇਰੇ ਨਾਲ਼ ਕਿੰਨਾ ਕੁ ਚਿਰ ਟੰਗੀ ਰਹੇਂਗੀ..? ਮੈਂ ਆਬਦੀ ਥਾਂ, ਤੇ ਅਗਮਜੋਤ ਆਬਦੀ ਥਾਂ...!" ਤੇ ਸੰਤ ਕੌਰ ਅੰਤਰ ਆਤਮਾਂ ਦੀ ਗੱਲ ਆਖ ਕੇ ਚੁੱਪ ਕਰ ਗਈ।

-"..............!" ਜਿੰਦਰ ਨਿਰੁੱਤਰ ਸੀ। ਹੁਣ ਉਸ ਨੂੰ ਪ੍ਰਤੀਕ ਜੀ ਵੀ ਯਾਦ ਨਾ ਆਉਂਦੇ। ਉਹ ਬੜੀ ਹੈਰਾਨ ਸੀ ਕਿ ਜਿਸ ਦਿਨ ਤੋਂ ਬਲਜੀਤ ਦੀ ਮੌਤ ਹੋਈ ਸੀ, ਪ੍ਰਤੀਕ ਉਸ ਨੂੰ ਕਦੇ ਵੀ ਯਾਦ ਨਹੀਂ ਆਇਆ ਸੀ।

ਛੇ ਮਹੀਨੇ ਹੋਰ ਲੰਘ ਗਏ।

ਜ਼ਿੰਦਗੀ ਕੁਛ ਹੱਦ ਤੱਕ ਆਪਣੀ ਚਾਲ ਤੁਰ ਪਈ ਸੀ। ਪਰ ਕਈ ਵਾਰ ਅੱਲੇ ਜ਼ਖ਼ਮ "ਟੱਸ-ਟੱਸ" ਕਰ ਉਠਦੇ, ਜਿਨ੍ਹਾਂ ਨੂੰ ਜਿੰਦਰ ਖ਼ੁਸ਼ੀ ਦੇ ਪਲ ਯਾਦ ਕਰ ਕੇ 'ਟਕੋਰ' ਕਰ ਲੈਂਦੀ। ਪਰ ਸੰਤ ਕੌਰ ਦੀ ਹਾਲਤ ਦੇਖ ਕੇ ਉਸ ਦਾ ਮਨ ਪਸੀਜ ਜਾਂਦਾ। ਸੰਤ ਕੌਰ ਨੇ ਸਾਰੀ ਉਮਰ ਦੁੱਖ ਭੋਗਿਆ ਸੀ, ਆਹ ਹੁਣ ਚਾਰ ਦਿਹਾੜੇ ਖ਼ੁਸ਼ੀ ਦੇ ਆਏ, ਓਹ ਵੀ ਰੱਬ ਨੇ ਖੋਹ ਖਿੰਝ ਲਏ...! ਉਹ ਕਦੇ-ਕਦੇ ਰੱਬ ਨੂੰ ਵੀ ਉਲਾਂਭਾ ਦੇ ਲੈਂਦੀ।

ਬਲਜੀਤ ਦੀ ਮੌਤ ਤੋਂ ਬਾਅਦ ਜਿੰਦਰ ਅਤੇ ਸੰਤ ਕੌਰ ਦਾ ਰੋਜ਼ਾਨਾ ਗੁਰੂ-ਘਰ ਜਾਣ ਦਾ ਇੱਕ ਤਰ੍ਹਾਂ ਦਾ ਪ੍ਰਣ ਬਣ ਗਿਆ ਸੀ। ਛੁੱਟੀ ਵਾਲ਼ੇ ਦਿਨ ਉਹ ਅਗਮਜੋਤ ਨੂੰ ਵੀ ਨਾਲ਼ ਲੈ ਜਾਂਦੀਆਂ। ਅਗਮਜੋਤ ਹੁਣ ਸਕੂਲ ਜਾਣ ਲੱਗ ਪਿਆ ਸੀ।

ਜਿੰਦਰ ਕੰਮ ਤੋਂ ਆਉਣ ਅਤੇ ਜਾਣ ਵੇਲ਼ੇ ਦੋ ਟਾਈਮ ਗੁਰੂ-ਘਰ ਮੱਥਾ ਟੇਕਦੀ।

ਇੱਕ ਦਿਨ ਸੰਤ ਕੌਰ ਅਤੇ ਜਿੰਦਰ ਗੁਰੂ-ਘਰ ਵਿਚੋਂ ਬਾਹਰ ਨਿਕਲ਼ੀਆਂ, ਤਾਂ ਅਚਾਨਕ ਉਨ੍ਹਾਂ ਦੇ ਅੱਗੇ ਪ੍ਰਤੀਕ ਆ ਗਿਆ! ਉਹ ਦਾਰੂ ਨਾਲ਼ ਰੱਜਿਆ ਹੋਇਆ ਸੀ!! ਉਸ ਨੂੰ ਅਚਾਨਕ ਸਾਹਮਣੇ ਦੇਖ ਕੇ ਜਿੰਦਰ ਦੇ ਦਿਮਾਗ ਅੰਦਰ ਪੁਰਾਣੀਆਂ ਯਾਦਾਂ ਨੇ ਕੁਰਲਾਹਟ ਮਚਾ ਦਿੱਤਾ। ਪ੍ਰਤੀਕ ਨੂੰ ਕੋਈ ਬਹੁਤੀ ਸੁਰਤ ਨਹੀਂ ਸੀ।

-"ਪ੍ਰਤੀਕ ਜੀ, ਆਹ ਤੁਸੀਂ ਆਪਣੀ ਕੀ ਹਾਲਤ ਬਣਾਈ ਐ...?" ਉਸ ਨੇ ਸਾਰੀਆਂ ਸ਼ਰਮਾਂ ਦੂਰ ਵਗਾਹ ਮਾਰੀਆਂ ਅਤੇ ਪ੍ਰਤੀਕ ਦੀ ਬਾਂਹ ਜਾ ਫ਼ੜੀ।

-"...............!" ਪ੍ਰਤੀਕ ਅਲ਼ਕ ਵਹਿੜਕੇ ਵਾਂਗ ਝੂਲਦਾ ਜਿੰਦਰ ਵੱਲ ਝਾਕ ਰਿਹਾ ਸੀ।

-"ਤੂੰ ਇਹਨੂੰ ਮੁੰਡੇ ਨੂੰ ਜਾਣਦੀ ਐਂ, ਪੁੱਤ..?" ਸੰਤ ਕੌਰ ਜਿੰਦਰ ਦੇ ਕੋਲ਼ ਆ ਗਈ।

-"ਅਸੀਂ ਇਕੱਠੇ ਪੜ੍ਹਦੇ ਰਹੇ ਐਂ, ਬੀਜੀ..! ਇਹ ਬਹੁਤ ਤਕੜੇ ਕਬੱਡੀ ਦੇ ਖਿਡਾਰੀ ਨੇ, ਆਪਣੇ ਨਾਲ਼ ਦੇ ਪਿੰਡ ਦੇ ਨੇ..!"

-"...............!" ਪ੍ਰਤੀਕ ਅੱਧ-ਖੁੱਲ੍ਹੀਆਂ ਅੱਖਾਂ ਨਾਲ਼ ਜਿੰਦਰ ਨੂੰ ਨਿਹਾਰ ਰਿਹਾ ਸੀ, "ਕੌਣ ਜਿੰਦਰ...? ਸਾਸਰੀਕਾਲ ਜਿੰਦਰ..! ਸਾਸਰੀਕਾਲ...!!" ਉਸ ਦਾ ਸਰੀਰ ਦੀਵੇ ਦੀ ਲਾਟ ਵਾਂਗ ਡੋਲ ਰਿਹਾ ਸੀ ਅਤੇ ਨਸ਼ੇ ਨਾਲ਼ ਜ਼ੁਬਾਨ ਗੋਤਾ ਖਾ ਰਹੀ ਸੀ।

-"ਇਹ ਕੀ ਹਾਲਤ ਬਣਾਈ ਐ ਤੁਸੀਂ..? ਐਨੇ ਵਧੀਆ ਤੁਸੀਂ ਖਿਡਾਰੀ...! ਤੇ ਆਹ ਹਾਲਤ...? ਸ਼ਰਮ ਨੀ ਆਉਂਦੀ ਥੋਨੂੰ..?" ਜਿੰਦਰ ਦੇ ਕਹਿਣ 'ਤੇ ਪ੍ਰਤੀਕ ਕੌੜਾ ਜਿਹਾ ਮੁਸਕਰਾ ਪਿਆ। ਉਹ ਪੱਬ ਦੀ ਕੰਧ ਨੂੰ ਹੱਥ ਪਾਈ ਖੜ੍ਹਾ ਸੀ।

-"ਮੇਰੇ ਘਰਆਲ਼ੀ ਕਹਿੰਦੀ ਮੈਂ 'ਫ਼ਰੈਸ਼ੀ' ਆਂ, ਮੈਨੂੰ ਗੱਲ ਕਰਨ ਦੀ, ਖਾਣ ਦੀ, ਪੀਣ ਦੀ ਕੋਈ ਅਕਲ ਨੀ, ਬੜਾ ਤੰਗ ਕਰਦੀ ਐ ਮੈਨੂੰ, ਜਿਉਣਾ ਦੁੱਭਰ ਕੀਤਾ ਪਿਐ ਮੇਰਾ ਓਹਨੇ...! ਅੱਜ ਮੈਨੂੰ ਉਹਨੇ ਫ਼ੜ ਕੇ ਘਰੋਂ ਕੱਢ'ਤਾ, ਕਹਿੰਦੀ ਮੈਂ ਐਥੋਂ ਦੀ ਜੰਮੀ-ਪਲ਼ੀ, ਪੜ੍ਹੀ-ਲਿਖੀ, ਮੈਂ ਨੀ ਤੇਰੇ ਉਜੱਡ ਬੰਦੇ ਨਾਲ਼ ਰਹਿ ਸਕਦੀ, ਕਹਿੰਦੀ ਮੈਂ ਤਲਾਕ ਲੈਣੈ...!" ਉਹ ਨਸ਼ੇ ਵਿਚ ਉਚੀ-ਉਚੀ ਰੋ ਪਿਆ।

-"ਫ਼ੇਰ ਦਾਰੂ ਪੀ ਕੇ ਸਰੀਰ ਥੋੜ੍ਹੋ ਖਰਾਬ ਕਰਨੈਂ..? ਦਾਰੂ ਪੀਣੀਂ ਵੀ ਕਿਸੇ ਮਸਲੇ ਦਾ ਹੱਲ ਨੀ..! ਸਿਆਣੇ ਬਿਆਣੇ ਤੁਸੀਂ ਬੰਦੇ ਐਂ, ਥੋਨੂੰ ਤਾਂ ਮੈਂ ਸਮਝਾਉਂਦੀ ਵੀ ਚੰਗੀ ਨੀ ਲੱਗਦੀ...!" ਜਿੰਦਰ ਬੋਲੀ।

-"ਮੈਂ ਤਾਂ ਹੁਣ ਮਰ ਜਾਣੈਂ...!" ਪ੍ਰਤੀਕ ਬਾਂਹ ਨਾਲ਼ ਅੱਖਾਂ ਢਕੀ ਰੋਈ ਜਾ ਰਿਹਾ ਸੀ।

-"ਕਿਉਂ ਮਰ ਜਾਣੈਂ...? ਮਰਨਾ ਵੀ ਕਿਸੇ ਮੁਸ਼ਕਿਲ ਦਾ ਹੱਲ ਨਹੀਂ, ਪਿਛਲੇ ਮਾਂ-ਬਾਪ ਦਾ ਕੀ ਕਸੂਰ, ਜਿਨ੍ਹਾਂ ਨੇ ਪਾਲ਼ ਪੋਸ ਕੇ ਐਡੇ ਕੀਤੇ ਐਂ...? ਉਨ੍ਹਾਂ ਦਾ ਕੀ ਹਾਲ ਹੋਊ, ਕਦੇ ਸੋਚਿਐ...?" ਜਿੰਦਰ ਨੇ ਪ੍ਰਤੀਕ ਨੂੰ ਕਈ ਵਾਰ ਝੰਜੋੜਿਆ।

-"ਮੇਰੇ ਘਰਵਾਲ਼ੀ ਕਹਿੰਦੀ ਮੈਂ ਤੇਰੇ ਬੇਵਕੂਫ਼ ਨਾਲ਼ ਰਹਿ ਨੀ ਸਕਦੀ, ਨਾ ਮੈਂ ਤੈਨੂੰ ਆਪਦੇ ਘਰੇ ਰੱਖਣੈ...! ਨਾਲ਼ੇ ਮੈਂ ਉਹਨੂੰ ਕਦੇ ਕੁਛ ਨੀ ਕਿਹਾ..! ਕਦੇ ਕਿਸੇ ਸ਼ਿਕਾਇਤ ਦਾ ਮੌਕਾ ਨੀ ਦਿੱਤਾ...!" ਉਹ ਅੱਖਾਂ 'ਤੇ ਬਾਂਹ ਧਰ ਕੇ ਬੱਚਿਆਂ ਵਾਂਗ ਰੋਂਦਾ ਧੀਰ ਨਹੀਂ ਧਰਦਾ ਸੀ, "ਮੈਂ ਹੁਣ ਜਾਊਂ ਕਿੱਥੇ...? ਪਿੱਛੇ ਤਾਂ ਮੈਂ ਮੁੜਨਾ ਨੀ..!" ਉਹ ਹਾਉਕੇ ਲੈਣ ਲੱਗ ਪਿਆ।

-"ਕੋਈ ਨਾ ਪੁੱਤ...! ਜੇ ਨਹੀਂ ਰੱਖਦੀ, ਤਾਂ ਤੂੰ ਸਾਡੇ ਨਾਲ਼ ਚੱਲ..! ਪਿੱਛੇ ਕਾਹਨੂੰ ਮੁੜਨੈਂ..?" ਸੰਤ ਕੌਰ ਨੇ ਉਸ ਦੀ ਬਾਂਹ ਫ਼ੜਦਿਆਂ ਕਿਹਾ, "ਤੈਨੂੰ ਮੈਂ ਆਪਦੇ ਘਰੇ ਆਪਦਾ ਪੁੱਤ ਬਣਾ ਕੇ ਰੱਖੂੰ...! ਕੋਈ ਫ਼ਿਕਰ ਨਾ ਕਰ..! ਮੇਰੇ ਨਾਲ਼ ਚੱਲ ਘਰ ਨੂੰ...! ਰੱਬ ਦਾ ਦਿੱਤਾ ਸਾਰਾ ਕੁਛ ਐ ਆਪਣੇ ਘਰੇ, ਅੱਜ ਤੋਂ ਤੂੰ ਸੰਤ ਕੌਰ ਦਾ ਪੁੱਤ..! ਚੱਲ ਮੇਰੇ ਨਾਲ਼...!" ਤੇ ਸੰਤ ਕੌਰ ਇੱਕ ਹੱਥ ਨਾਲ਼ ਪ੍ਰਤੀਕ ਅਤੇ ਦੂਜੇ ਹੱਥ ਨਾਲ਼ ਜਿੰਦਰ ਦੀ ਬਾਂਹ ਫ਼ੜੀ, ਬੜੇ ਹੌਂਸਲੇ ਨਾਲ਼ ਘਰ ਨੂੰ ਲਈ ਜਾ ਰਹੀ ਸੀ। ਕਿਸੇ ਅਜੀਬ ਹੌਂਸਲੇ ਅਤੇ ਹਿੰਮਤ ਨਾਲ਼ ਉਠਦੇ ਉਸ ਦੇ ਕਦਮਾਂ ਵਿਚ ਕੋਈ ਗ਼ੈਬੀ ਸ਼ਕਤੀ ਪ੍ਰਵੇਸ਼ ਕਰ ਗਈ ਸੀ।

ਦੂਰ ਬੱਦਲਾਂ ਦੀ ਤਿੱਤਰਖੰਭੀ ਵਿਚੋਂ ਸੂਹਾ ਸੂਰਜ ਦੋ "ਦਿਲਾਂ ਦੀ ਜੂਹ" ਵਿਚ ਮੁਸਕਰਾ ਰਿਹਾ ਸੀ। **-ਸਮਾਪਤ-**

# ਵਿਸ਼ਵ ਖੁਦਕੁਸ਼ੀ ਰੋਕਥਾਮ ਦਿਵਸ 2024: ਖੁੱਲ੍ਹ ਕੇ ਗੱਲਬਾਤ ਕਰਕੇ ਖੁਦਕੁਸ਼ੀ ਕਰਨ ਵਾਲਿਆਂ ਨੂੰ ਬਚਾਓ

## "ਖੁਦਕੁਸ਼ੀ ਕਿਸੇ ਸਮੱਸਿਆ ਦਾ ਹਲ ਨਹੀਂ, ਅੱਜ ਯੋਜਨਾਵਦ ਰਾਸ਼ਟਰੀ ਨੀਤੀਆਂ ਨਾਲ ਖੁਦਕੁਸ਼ੀਆਂ ਨੂੰ ਰੋਕਣ ਦੀ ਲੋੜ ਹੈ" – ਅਨਿਲ ਧੀਰ

ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
(Punjab Mail USA)






ਵਿਸ਼ਵ ਆਤਮ ਹੱਤਿਆ ਅਵੇਅਰਨੈਸ ਦਿਵਸ 10 ਸਤੰਬਰ, 2024 ਦੇ ਦਿਨ ਅੰਤਰਰਾਸ਼ਟਰੀ ਪੱਧਰ 'ਤੇ ਵਰਲਡ ਹੈਲਥ ਅਰਗਨਾਈਜ਼ੇਸ਼ਨ ਵਿਸ਼ਵ ਸਿਹਤ ਸੰਸਥਾ ਦੇ ਸਹਿਯੋਗ ਨਾਲ ਜਨਤਾ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਖੁਦਕੁਸ਼ੀ ਰੋਕਥਾਮ ਦਿਵਸ ਸਾਲ 2024 ਦਾ ਥੀਮ ਹੈ- ਗੱਲਬਾਤ ਰਾਹੀਂ ਆਤਮਹੱਤਿਆ ਦੇ ਬਿਰਤਾਂਤ ਨੂੰ ਬਦਲ ਕੇ ਇਸ ਕਲੰਕ ਦੇ ਮਹੱਤਵ ਬਾਰੇ ਜਾਗਰੂਕਤਾ ਪੈਦਾ ਕਰਕੇ ਖੁਦਕੁਸ਼ੀਆਂ ਨੂੰ ਰੋਕਣ ਲਈ ਖੁੱਲ੍ਹੀ ਗੱਲਬਾਤ ਨੂੰ ਉਤਸ਼ਾਹਿਤ ਕਰਨਾ ਹੈ। ਦੁਨੀਆਂ ਦੇ 70 ਦੇਸ਼ਾਂ ਵਿਚ ਖੁਦਕੁਸ਼ੀ ਦੀ ਰੋਕਥਾਮ ਲਈ ਸੋਸ਼ਲ ਮੀਡਿਆ, ਯਾਦਗਾਰੀ, ਵਿਦਿਅਕ ਸਮਾਗਮ, ਪ੍ਰੈੱਸ ਕਾਨਫਰੰਸਾਂ ਰਾਹੀਂ ਕਮਿਊਨਿਟੀ ਪੱਧਰ ਤੋਂ ਲੈ ਕੇ ਅੰਤਰਰਾਸ਼ਟਰੀ ਪੱਧਰ ਤੱਕ ਜਨਤਾ ਨੂੰ ਅਵੇਅਰ ਕੀਤਾ ਜਾਂਦਾ ਹੈ। ਡਬਲਯੂ.ਐੱਚ.ਓ. ਦੀ ਰਿਪੋਰਟ ਮੁਤਾਬਿਕ ਹਰ 40 ਸਕਿੰਟਾਂ ਵਿਚ ਕੋਈ ਆਪਣੀ ਜਾਨ ਲੈਂਦਾ ਹੈ। ਕਰੀਬਨ 1 ਮਿਲੀਅਨ ਦੇ ਨੇੜੇ ਆਂਕੜਾ ਪਹੁੰਚ ਗਿਆ ਹੈ। ਜਿਨ੍ਹਾਂ ਵਿਚ 85% ਘੱਟ ਅਤੇ ਦਰਮਿਆਨੀ ਆਮਦਨੀ ਵਾਲੇ ਦੇਸ਼ਾਂ ਵਿਚ ਕੀਟਨਾਸ਼ਕ ਜ਼ਹਿਰ, ਨਸ਼ੀਲੇ ਵਸਤਾਂ ਦੇ ਓਵਰਡੋਜ਼, ਹਥਿਆਰ ਨਾਲ ਅਤੇ ਫਾਂਸੀ ਵਗੈਰਾ ਲਾ ਕੇ ਕਰਨਾ ਆਮ ਗੱਲ ਹੋ ਗਈ ਹੈ। ਨੌਜਵਾਨਾਂ ਤੋਂ ਲੈ ਕੇ ਹਰ ਉਮਰ ਵਿਚ ਆਤਮ ਹੱਤਿਆ ਦਾ ਆਂਕੜਾ ਘੱਟ ਕਰਨ ਲਈ ਰਾਸ਼ਟਰੀ-ਅੰਤਰਰਾਸ਼ਟਰੀ ਪੱਧਰ 'ਤੇ ਸਾਂਝੀ ਰਣਨੀਤੀ ਬਣਾਈ ਜਾ ਰਹੀ ਹੈ। ਵਿਸ਼ਵ ਭਰ ਵਿਚ 15-29 ਸਾਲ ਦੇ ਬੱਚਿਆਂ ਦੀ ਮੌਤ ਦਾ ਮੁੱਖ ਕਾਰਨ ਬਿਮਾਰੀ ਤੋਂ ਇਲਾਵਾ ਖੁਦਕੁਸ਼ੀ ਦੱਸਿਆ ਗਿਆ ਹੈ। ਕਾਫੀ ਸਮੇਂ ਤੋਂ ਸਮੱਸਿਆ ਦਾ ਹੱਲ ਲੱਭਣ ਦੇ ਯਤਨ ਕੀਤੇ ਜਾ ਰਹੇ ਹਨ। 50 ਸਾਲ ਤੋਂ ਵੱਧ ਉਮਰ ਦੇ ਲੋਕ ਖੁਦਕੁਸ਼ੀ ਮਾਨਸਿਕ ਕਮਜ਼ੋਰੀ ਅਤੇ ਜ਼ਿਆਦਾ ਸਟ੍ਰੈੱਸ ਰਹਿਣ ਕਰਕੇ ਕਰਦੇ ਹਨ।

ਪਰਿਵਾਰ ਵਿਚ ਲਗਾਤਾਰ ਕਲੇਸ਼ ਰਹਿਣਾ, ਜੋਬ-ਕੰਮਕਾਜ ਨਾ ਰਹਿਣਾ, ਵਪਾਰ ਵਿਚ ਘਾਟਾ, ਹੋਰ-ਹੋਰ ਦੀ ਪ੍ਰਾਪਤੀ ਲਈ ਲਾਲਚ, ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਅਤੇ ਮਾਡਰਨ ਲਾਈਫ ਸਟਾਇਲ ਸਟ੍ਰੈੱਸ ਇਨਸਾਨ ਨੂੰ ਖੁਦਕਸ਼ੀ ਦੇ ਰਸਤੇ 'ਤੇ ਲੈ ਕੇ ਜਾ ਰਿਹਾ ਹੈ।

ਆਤਮ ਹੱਤਿਆ ਆਪਣੇ ਆਪ ਵਿਚ ਇੱਕ ਮਾਨਸਿਕ ਬਿਮਾਰੀ ਨਹੀਂ ਹੈ, ਬਲਕਿ ਇਲਾਜ ਯੋਗ ਮਾਨਸਿਕ ਵਿਗਾੜਾਂ ਦਾ ਇੱਕ ਸੰਭਾਵਿਤ ਗੰਭੀਰ ਨਤੀਜਾ ਹੈ। ਜਿਸ ਵਿਚ ਪ੍ਰਮੱਖ ਤਨਾਅ, ਬਾਈਪੋਲਰ ਡਿਸਆਰਡਰ, ਸਦਮੇ ਤੋਂ ਬਾਅਦ ਦੇ ਤਨਾਅ ਵਿਕਾਰ, ਬਾਰਡਰਲਾਈਨ ਸ਼ਖਸੀਅਤ ਵਿਗਾੜ, ਸਾਈਜ਼ੋਫਰਨੀਆ, ਪਦਾਰਥਾਂ ਦੀ ਵਰਤੋਂ ਸੰਬੰਧੀ ਵਿਕਾਰ ਅਤੇ ਖਾਣ ਦੀਆਂ ਬਿਮਾਰੀਆਂ ਬਲੀਮੀਆ ਅਤੇ ਐਨੋਰੈਕਸੀਆ ਨਰਵੋਸਾ ਵਗੈਰਾ ਸ਼ਾਮਲ ਹਨ।

- ਡਬਲਯੂ.ਐੱਚ.ਓ. ਨੇ ਅੰਤਰਰਾਸ਼ਟਰੀ ਪੱਧਰ 'ਤੇ ਦੇਸ਼ਾਂ ਨੂੰ ਆਪਸੀ ਤਾਲਮੇਲ ਨਾਲ ਸਿਹਤ ਦੇ ਨਾਲ-ਨਾਲ ਰੁਜ਼ਗਾਰ, ਅਦਾਲਤੀ ਜਸਟਿਸ, ਸਿੱਖਿਆ ਅਤੇ ਸਮਾਜ ਭਲਾਈ ਦੇ ਖੇਤਰ ਵਿਚ ਉੱਚ ਪੱਧਰੀ ਵਚਨਵਧਤਾ ਬਰਕਰਾਰ ਰੱਖਣ ਦੀ ਸਿਫਾਰਿਸ਼ ਕੀਤੀ ਹੈ।
- ਵਿਸ਼ਵ ਭਰ ਵਿਚ ਡਬਲਯੂ.ਐੱਚ.ਓ. ਨੇ ਮਾਨਸਿਕ ਸਿਹਤ ਐਕਸ਼ਨ ਪਲਾਨ ਮੁਤਾਬਿਕ ਇਸ ਦਿਨ ਆਤਮ ਹੱਤਿਆ ਅਤੇ ਖੁਦਕੁਸ਼ੀ ਰੋਕਥਾਮ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਸਾਂਝੇ ਕਦਮ ਚੱਕਣ ਦਾ ਮੌਕਾ ਦਿੰਦਾ ਹੈ।
- ਡਬਲਯੂ.ਐੱਚ.ਓ. ਦੇ ਮੈਂਬਰ ਦੇਸ਼ਾਂ ਨੇ ਆਤਮ ਹੱਤਿਆ ਦੀ ਦਰ ਘਟਾਉਣ ਲਈ ਆਪਣੇ ਆਪ ਨੂੰ ਵਿਸ਼ਵ ਪੱਧਰ 'ਤੇ ਇੱਕ ਪਹਿਲ ਦੀ ਸ਼ਕਲ ਵਿਚ ਸੇਵਾ ਪ੍ਰਬੰਧਾਂ ਦਾ ਵਿਸਥਾਰ ਕਰਨ ਅਤੇ ਟੀਚੇ ਵੱਲ ਕੰਮ ਕਰਨ ਲਈ ਤਕਨੀਕੀ ਖੋਜ਼ ਲਈ ਵਚਨਬੱਧ ਕੀਤਾ ਹੈ।
- ਖੁਦਕੁਸ਼ੀ ਦੇ ਚਿਤਾਵਨੀ ਸੰਕੇਤਾਂ ਯਾਨਿ ਵੱਧ ਰਹੀ ਮਾਨਸਿਕ ਨਿਰਾਸ਼ਾ ਦੀ ਭਾਵਨਾ ਦੀ ਪਛਾਣ ਕਰਨ ਵਿਚ ਪਰਿਵਾਰ, ਦੋਸਤ, ਸਮਾਜ ਅਤੇ ਸਰਕਾਰ ਦੇ ਆਪਸੀ ਸਹਿਯੋਗ ਦੀ ਲੋੜ ਹੈ।
- ਖੁਦਕੁਸ਼ੀ ਦੇ ਚਿਤਾਵਨੀ ਸੰਕੇਤ ਜਿਵੇਂ ਨਸ਼ਿਆਂ ਦੀ ਦੁਰਵਰਤੋਂ, ਵੱਧ ਰਹੇ ਤਲਾਕ, ਜ਼ਿਆਦਾ ਉਦਾਸੀ ਵਾਲੀ ਮਨੋਦਸ਼ਾ, ਭਵਿੱਖ ਪ੍ਰਤੀ ਲੰਬੇ ਸਮੇਂ ਤੱਕ ਰਹਿਣ ਵਾਲੀ ਉਦਾਸੀ, ਇਕੱਲਾਪਨ, ਬਦਲ ਰਹੀ ਮਨੋਦਸ਼ਾ, ਅਚਾਨਕ ਗੁੱਸਾ, ਨਿਰਾਸ਼ਾ, ਨੈਗੇਟਿਵ ਸੋਚ, ਹੀਨ ਭਾਵਨਾ, ਅਚਾਨਕ ਸ਼ਾਂਤੀ, ਸਵੈ-ਨੁਕਸਾਨਦੇਹ ਵਿਵਹਾਰ, ਸਰੀਰਕ ਤੇ ਮਾਨਸਿਕ ਬਿਮਾਰੀਆਂ ਵਗੈਰਾ ਚੰਗੇ ਭਲੇ ਨੂੰ ਆਤਮ ਹੱਤਿਆ ਦਾ ਫੈਸਲਾ ਲੈਣ ਨੂੰ ਮਜਬੂਰ ਕਰ ਦਿੰਦੀ ਹੈ। ਆਤਮ ਹੱਤਿਆ ਦੀ ਹਰ ਧਮਕੀ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ।

ਨੋਟ: ਜ਼ਿੰਦਗੀ ਬੜੀ ਕੀਮਤੀ ਹੈ। ਵਕਤ ਨਾਲ ਬਦਲ ਕੇ ਮਾਨਸਿਕ ਪ੍ਰੇਸ਼ਾਨੀ ਦੀ ਹਾਲਤ 'ਚ ਹਮੇਸ਼ਾ ਆਪਣੇ ਪਰਿਵਾਰ, ਦੋਸਤ-ਮਿੱਤਰਾਂ ਅਤੇ ਸਮਾਜ ਦਾ ਕਮਿਊਨਿਟੀ ਅਤੇ ਚੰਗਾ ਕੰਮ ਕਰਨ ਵਾਲੀਆਂ ਸੰਸਥਾਂਵਾਂ ਦੇ ਆਪਸੀ ਸਹਿਯੋਗ ਨਾਲ ਖਿਆਲ ਰੱਖੋ। ਤੇਜ਼ ਰਫਤਾਰ ਜ਼ਿੰਦਗੀ ਦੌਰਾਨ ਹਰ ਆਦਮੀ ਨੂੰ ਆਪਣੇ ਅੰਦਰ ਆਤਮ ਵਿਸ਼ਵਾਸ ਬਰਕਰਾਰ ਰੱਖ ਕੇ ਮੁਸੀਬਤਾਂ ਦਾ ਡੱਟ ਕੇ ਮੁਕਾਬਲਾ ਕਰਨ ਦੀ ਆਦਤ ਪਾ ਲੈਣੀ ਚਾਹੀਦੀ ਹੈ। ਲੋੜ ਪੈਣ 'ਤੇ ਪ੍ਰੋਫੈਸ਼ਨਲ ਦੀ ਸਲਾਹ ਜ਼ਰੂਰ ਲਵੋ ਅਤੇ ਆਪਣੇ ਆਪ ਨੂੰ ਸੰਭਾਲੋ। ਸਰਕਾਰੀ ਗੈਰ-ਸਰਕਾਰੀ ਸੰਸਥਾਂਵਾਂ, ਆਪਣੇ ਪਰਿਵਾਰ, ਦੋਸਤ-ਮਿੱਤਰਾਂ ਨਾਲ ਖੁੱਲ੍ਹ ਕੇ ਸਮੱਸਿਆ ਬਾਰੇ ਗੱਲਬਾਤ ਆਪਣੀ ਅਨਮੋਲ ਜ਼ਿੰਦਗੀ ਨੂੰ ਬਚਾਓ।

# ਗੁਰੂ ਅਮਰ ਦਾਸ ਜੀ ਦਾ ਜੋਤੀ ਜੋਤ ਦਿਹਾੜਾ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ ਜਾਰੀ ਕੀਤਾ ਗਿਆ, ਸੂਰਜੀ ਬਿਕ੍ਰਮੀ ਕੈਲੰਡਰ (ਦ੍ਰਿਕਗਿਣਤ ਸਿਧਾਂਤ) ਗੁਰੂ ਅਮਰਦਾਸ ਜੀ ਦੇ 450 ਸਾਲਾਂ ਜੋਤੀ ਜੋਤਿ ਦਿਵਸ ਨੂੰ ਸਮਰਪਿਤ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਸਮੇਤ ਦੇਸ਼-ਵਿਦੇਸ਼ ਦੀਆਂ ਸੰਗਤਾਂ ਵੱਲੋਂ, ਇਸ ਸਾਲ ਇਹ ਦਿਹਾੜਾ ਵੱਡੇ ਪੱਧਰ 'ਤੇ ਮਨਾਇਆ ਜਾ ਰਿਹਾ ਹੈ। ਭਾਵੇਂ ਕਈ ਇਤਿਹਾਸਿਕ ਤਾਰੀਖਾਂ ਬਾਰੇ ਵਿਦਵਾਨਾਂ ਵਿਚ ਮਤਭੇਦ ਹਨ, ਪਰ ਗੁਰੂ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਅਤੇ ਜੋਤੀ-ਜੋਤਿ ਦਿਹਾੜਿਆਂ ਦੀਆਂ ਤਾਰੀਖਾਂ ਬਾਰੇ ਕੋਈ ਮਤਭੇਦ ਨਹੀਂ ਹੈ। ਗੁਰੂ ਅਮਰਦਾਸ ਜੀ ਭਾਦੋਂ ਸੁਦੀ 15 (ਪੂੰਨਿਆ) 2 ਅੱਸੂ ਸੰਮਤ 1631 ਬਿਕ੍ਰਮੀ ਦਿਨ ਬੁੱਧਵਾਰ (1 ਸਤੰਬਰ 1574 ਈ: ਜੂਲੀਅਨ) ਨੂੰ ਗੋਇੰਦਵਾਲ ਸਾਹਿਬ ਵਿਖੇ ਜੋਤੀ-ਜੋਤਿ ਸਮਾਏ ਸਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੈੱਬਸਾਈਟ ਉੱਪਰ ਇਹ ਤਾਰੀਖ ਦਰਜ ਹੈ।

"Sri Guru Amardas Ji at the ripe age of 95 passes away for heaven on Bhadon Sudi 14th (1st Assu) Sambat 1631, (September 1, 1574) ay Goindwal Sahib near District Amritsar, after giving responsibility of Guru ship to the Fourth Nanak, Sri Guru Ramdas ji". (sgpc.net)

ਇਥੇ 1 ਅੱਸੂ, ਭਾਦੋਂ ਸੁਦੀ 14, ਇਕ ਦਿਨ ਦੇ ਫ਼ਰਕ ਨਾਲ ਗਲਤ ਹੈ, ਪਰ

| ਸੰਮਤ | ਵਦੀ-ਸੁਦੀ ਮੁਤਾਬਕ | ਪ੍ਰਵਿਸ਼ਟੇ ਮੁਤਾਬਕ |
|---|---|---|
| 547 | 12 ਅੱਸੂ | 2 ਅੱਸੂ |
| 548 | 1 ਅੱਸੂ | 2 ਅੱਸੂ |
| 549 | 22 ਭਾਦੋਂ | 2 ਅੱਸੂ |
| 550 | 9 ਅੱਸੂ | 2 ਅੱਸੂ |
| 551 | 29 ਭਾਦੋਂ | 2 ਅੱਸੂ |
| 552 | 18 ਭਾਦੋਂ | 2 ਅੱਸੂ |
| 553 | 5 ਅੱਸੂ | 2 ਅੱਸੂ |
| 554 | 25 ਭਾਦੋਂ | 2 ਅੱਸੂ |
| 555 | 13 ਅੱਸੂ | 2 ਅੱਸੂ |
| 556 | 3 ਅੱਸੂ | 2 ਅੱਸੂ |
| 557 | 23 ਭਾਦੋਂ | 2 ਅੱਸੂ |

ਅੰਗਰੇਜ਼ੀ ਤਾਰੀਖ (1 ਸਤੰਬਰ) ਸਹੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਛਾਪੀ ਗਈ 1965-66 ਦੀ ਡਾਇਰੀ ਵਿਚ "2 Assu 1661 Samvat, 1 Sept 1574 A.D." ਦਰਜ ਹੈ। ਪਰ 1975-76 ਈ: ਦੀ ਡਾਇਰੀ ਵਿਚ, "ਭਾਦੋਂ ਸੁਦੀ 15, ਅੱਸੂ ਪ੍ਰਵਿਸ਼ਟੇ 1, ਸੰਮਤ 1631 ਬਿ:, 1 ਸਤੰਬਰ ਸੰਨ 1574 ਈ:, ਬੁੱਧਵਾਰ" ਦਰਜ ਹੈ। ਇਥੇ ਵੀ ਪ੍ਰਵਿਸ਼ਟਾ (1 ਅੱਸੂ) ਗਲਤ ਹੈ ਪਰ ਤਿੱਥ, ਤਾਰੀਖ ਅਤੇ ਦਿਨ ਠੀਕ ਹੈ। ਵਦੀ-ਸੁਦੀ ਨੂੰ ਪ੍ਰਵਿਸ਼ਟੇ ਵਿਚ ਬਦਲਣ ਵੇਲੇ ਜਾਂ ਅੰਗਰੇਜੀ ਤਾਰੀਖ 'ਚ ਬਦਲੀ ਕਰਨ ਵੇਲੇ ਕਿਤੇ ਨਾ ਕਿਤੇ ਗਲਤੀ ਹੋਣ ਦੇ ਸੰਭਾਵਨਾ ਰਹਿੰਦੀ ਹੀ ਹੈ। ਗੁਰੂ ਅਮਰਦਾਸ ਜੀ ਦੇ ਜੋਤੀ-ਜੋਤਿ ਦਿਹਾੜੇ ਦੀ ਤਾਰੀਖ, ਭਾਦੋਂ ਸੁਦੀ 15 (ਪੂੰਨਿਆ) 2 ਅੱਸੂ ਸੰਮਤ 1631 ਬਿਕ੍ਰਮੀ ਦਿਨ ਬੁੱਧਵਾਰ (1 ਸਤੰਬਰ 1574 ਈ: ਜੂਲੀਅਨ) ਪ੍ਰਮਾਣਿਤ ਤਾਰੀਖ ਹੈ। ਨਾਨਕਸ਼ਾਹੀ ਕੈਲੰਡਰ ਵਿਚ ਵੀ 2 ਅੱਸੂ ਹੀ ਦਰਜ ਹੈ।

ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਵਿਚ ਤਾਰੀਖਾਂ ਦੋਵੇਂ ਤਰ੍ਹਾਂ ਹੀ, ਵਦੀ-ਸੁਦੀ ਅਤੇ ਪ੍ਰਵਿਸ਼ਟਿਆਂ 'ਚ ਲਿਖੀਆਂ ਜਾਂਦੀਆਂ ਸਨ। ਭਾਦੋਂ ਸੁਦੀ 15, ਚੰਦ ਦੇ ਕੈਲੰਡਰ ਦੀ ਤਿੱਥ ਹੈ। ਚੰਦ ਧਰਤੀ ਦੇ ਦੁਆਲੇ ਘੁੰਮਦਾ ਹੈ। ਇਹ ਚੱਕਰ 29.53 ਦਿਨਾਂ ਵਿਚ ਪੂਰਾ ਹੁੰਦਾ ਹੈ। ਚੰਦ ਦੇ ਸਾਲ ਵਿਚ 354.37 ਦਿਨ ਮੰਨੇ ਗਏ ਹਨ। ਜਦੋਂਕਿ ਧਰਤੀ ਸੂਰਜ ਦੁਆਲੇ 365.2422 ਦਿਨਾਂ 'ਚ ਇਕ ਚੱਕਰ ਪੂਰਾ ਕਰਦੀ ਹੈ। ਚੰਦ ਦਾ ਇਕ ਸਾਲ, ਸੂਰਜੀ ਸਾਲ ਤੋਂ ਲੱਗ-ਭੱਗ 11 ਦਿਨ ਛੋਟਾ ਹੁੰਦਾ ਹੈ। ਇਹ ਹੈ ਸਾਡੀ ਸਮੱਸਿਆ ਦੀ ਅਸਲ ਜੜ੍ਹ।

ਹੁਣ ਜੇ ਹਿਜਰੀ ਕੈਲੰਡਰ ਵਾਂਗੂ ਹੀ ਸਾਰੇ ਦਿਹਾੜੇ ਮਨਾਏ ਜਾਣ, ਤਾਂ ਹਰ ਸਾਲ ਉਹ ਦਿਹਾੜਾ ਪਹਿਲੇ ਸਾਲ ਨਾਲੋਂ 11 ਦਿਨ ਪਹਿਲਾ ਆ ਜਾਵੇਗਾ। ਪਰ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਵਿਚ ਅਜਿਹਾ ਨਹੀਂ ਹੁੰਦਾ। ਚੰਦ ਦਾ ਸਾਲ, ਸੂਰਜੀ ਬਿਕ੍ਰਮੀ ਸਾਲ ਤੋਂ ਹਰ ਸਾਲ 11 ਦਿਨ ਪਿੱਛੇ ਰਹਿ ਜਾਂਦਾ ਹੈ, ਤਾਂ ਇਸ ਨੂੰ ਸੂਰਜੀ ਸਾਲ ਦੇ ਨੇੜੇ-ਤੇੜੇ ਰੱਖਣ ਲਈ, ਹਰ ਦੂਜੇ-ਤੀਜੇ ਸਾਲ, ਇਸ ਵਿਚ ਇਕ ਮਹੀਨਾ ਹੋਰ ਜੋੜ ਦਿੱਤਾ ਜਾਂਦਾ ਹੈ। ਉਸ ਸਾਲ ਚੰਦ ਦੇ ਸਾਲ ਵਿਚ 13 ਮਹੀਨੇ ਅਤੇ 384 ਦਿਨ ਹੋ ਜਾਂਦੇ ਹਨ। 19 ਸਾਲਾਂ ਵਿਚ ਅਜਿਹਾ 7 ਵਾਰ ਕੀਤਾ ਜਾਂਦਾ ਹੈ। 2023 ਈ: ਵਿਚ ਸਾਵਣ ਦਾ ਮਹੀਨਾ ਦੋ ਵਾਰ ਆਇਆ ਸੀ। 2026 ਈ: ਵਿਚ ਜੇਠ ਅਤੇ 2029 ਈ: ਵਿਚ ਚੇਤ ਦਾ ਮਹੀਨਾ ਦੋ ਵਾਰ ਆਵੇਗਾ।

ਗੁਰੂ ਅਮਰਦਾਸ ਜੀ ਦੇ ਜੋਤੀ-ਜੋਤਿ ਦਿਹਾੜੇ ਦੀ ਪ੍ਰਮਾਣਿਤ ਤਾਰੀਖ, ਭਾਦੋਂ ਸੁਦੀ 15 (ਪੂੰਨਿਆ) 2 ਅੱਸੂ ਸੰਮਤ 1631 ਬਿਕ੍ਰਮੀ ਹੈ। ਹੁਣ ਜੇ ਅਸੀਂ ਇਹ ਦਿਹਾੜਾ ਭਾਦੋਂ ਸੁਦੀ 15 ਨੂੰ ਮਨਾਉਂਦੇ ਹਾਂ, ਤਾਂ ਇਹ ਸਾਧਾਰਨ ਸਾਲ ਵਿਚ ਤਾਂ ਪਿਛਲੇ ਸਾਲ ਤੋਂ 11 ਦਿਨ ਪਹਿਲਾ ਆਵੇਗਾ, ਪਰ ਜਿਸ ਸਾਲ ਚੰਦ ਦੇ ਸਾਲ ਦੇ 13 ਮਹੀਨੇ ਹੋਣਗੇ, ਉਸ ਸਾਲ ਇਹ ਦਿਹਾੜਾ ਪਿਛਲੇ ਸਾਲ ਤੋਂ 18-19 ਦਿਨ ਪਿੱਛੋਂ ਆਉਂਦਾ ਹੈ। ਜੇ ਅਸੀਂ ਇਹ ਦਿਹਾੜਾ ਪ੍ਰਵਿਸ਼ਟੇ ਅਨੁਸਾਰ, ਭਾਵ 2 ਅੱਸੂ ਨੂੰ ਮਨਾਉਂਦੇ ਹਾਂ, ਤਾਂ ਹਰ ਸਾਲ ਇਹ ਦਿਹਾੜਾ 2 ਅੱਸੂ ਨੂੰ ਹੀ ਆਵੇਗਾ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜੇ ਅਸੀਂ ਇਹ ਦਿਹਾੜਾ ਅਸਲ ਪ੍ਰਵਿਸ਼ਟੇ ਨੂੰ ਮਨਾਉਂਦੇ ਹਾਂ ਤਾਂ ਗੁਰਮਤਿ ਦੇ ਕਿਹੜੇ ਅਸੂਲ ਦੀ ਅਵੱਗਿਆ ਹੁੰਦੀ ਹੈ। ਕੀ ਸ਼੍ਰੋਮਣੀ ਕਮੇਟੀ ਗੁਰੂ ਸਾਹਿਬ ਜੀ ਨਾਲ ਸਬੰਧਿਤ ਦਿਹਾੜੇ, ਅਸਲ ਪ੍ਰਵਿਸ਼ਟਿਆਂ ਮੁਤਾਬਕ ਮਨਾਉਣ ਦਾ ਹੌਸਲਾ ਕਰੇਗੀ, ਜੇ ਨਹੀਂ ਤਾਂ ਕਿਉਂ ?

## ਹਿਜਰਤਨਾਮਾ 82: ਹਮੀਦ ਮੁਹੰਮਦ ਦਾਊਂ

# "ਸੋਹਾਣੇ ਦੇ ਟਿੱਕਾ ਸਾਬ ਨੂੰ ਸਲਾਮ"

ਮੁਲਾਕਾਤੀ: ਸਤਵੀਰ ਸਿੰਘ ਚਾਨੀਆਂ
92569-73526
(Punjab Mail USA)



"ਕੁੱਝ ਮੋਹਤਬਰ ਭਲੇ ਸਰਦਾਰਾਂ ਕਰਕੇ ਅਸੀਂ ਪਾਕਿਸਤਾਨੀ ਬਣਦੇ-ਬਣਦੇ ਹਿੰਦੋਸਤਾਨੀ ਬਣੇ ਰਹੇ। ਇਹ, ਮੈਂ ਹਮੀਦ ਮੁਹੰਮਦ ਵਲਦ ਹੈਦਰ ਅਲੀ/ਮਾਈ ਬਸੀਰਾਂ ਮੁਸਲਿਮ ਅਰਾਈਂ ਪਿੰਡ ਦਾਊਂ-ਮੁਹਾਲੀ ਤੋਂ ਆਪਣੀ ਸੰਤਾਲੀ ਸੁਣਾ ਰਿਹੈਂ। ਇਹੋ ਸਾਡਾ ਜ਼ੱਦੀ ਪਿੰਡ ਏ। ਦੇਸੂ ਮਾਜ਼ਰਾ, ਰਾਇਪੁਰ, ਰਾਮਗੜ੍ਹ, ਬਡ ਮਾਜ਼ਰਾ ਅਤੇ ਮਲੋਆ ਸਾਡੇ ਗੁਆਂਢੀ ਪਿੰਡ ਹਨ। 47ਆਂ ਵੇਲੇ ਪਿੰਡ ਵਿਚ ਇਕ ਖੂਹ ਅੰਦਰ ਅਤੇ ਇਕ ਬਾਹਰਲੀ ਆਬਾਦੀ ਵਿਚ ਸਾਡੇ ਘਰ ਦੇ ਬਾਹਰ ਵਿਹੜੇ ਨਾਲ ਸਨ। ਜਿੱਥੋਂ ਬਚਨੀ ਮਹਿਰਾ ਘੜਿਆਂ ਨਾਲ ਲੋਕਾਂ ਦੇ ਘਰਾਂ ਵਿਚ ਪਾਣੀ ਢੋਂਹਦੀ। ਉਹ ਭੱਠੀ 'ਤੇ ਦਾਣੇ ਵੀ ਭੁੰਨਿਆਂ ਕਰਦੀ। ਰਲਾ ਅਤੇ ਪਰਸ਼ੋਤਮ ਪਿੰਡ ਵਿਚ ਹੱਟੀਆਂ ਕਰਦੇ।

ਤਦੋਂ ਕੋਈ ਅੱਧ ਦੇ ਕਰੀਬ ਇਸ ਪਿੰਡ ਵਿਚ ਮੁਸਲਿਮ ਆਬਾਦੀ ਸੀ। ਇਵੇਂ ਆਲੇ-ਦੁਆਲੇ ਪਿੰਡਾਂ ਵਿਚ ਵੀ ਕਿਧਰੇ ਘੱਟ ਕਿਧਰੇ ਵੱਧ। ਸਾਰੀਆਂ ਕੌਮਾਂ ਪਿਆਰ ਮੁਹੱਬਤ ਨਾਲ ਰਹਿੰਦੀਆਂ। ਕੰਮਾਂ ਕਾਰਾਂ ਵਿਚ ਇਕ ਦੂਜੇ ਦੇ ਹੱਥ ਵਟਾਉਂਦੇ, ਦੁੱਖ਼-ਸੁੱਖ ਵਿਚ ਸਾਂਝੀ ਹੁੰਦੇ। ਇਹ ਕਦੇ ਸੋਚਿਆ ਹੀ ਨਹੀਂ ਸੀ ਕਿ ਇਕ ਦਿਨ ਮਜ਼੍ਹਬਾਂ ਦੇ ਨਾਮ 'ਤੇ ਖ਼ੂਨ ਸਫ਼ੈਦ ਹੋ ਜਾਵੇਗਾ। ਉਦੋਂ ਮੈਂ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਪੜ੍ਹਦਾ ਸਾਂ। ਮੈਥੋਂ ਵੱਡਾ ਨਜ਼ੀਰ ਮੁਹੰਮਦ ਵੀ। ਕੁੱਲ ਚਾਰ ਭਾਈ ਸਾਂ ਅਸੀਂ। ਨਿਆਜ ਮੁਹੰਮਦ ਅਤੇ ਨਾਜ਼ਰ ਮੁਹੰਮਦ ਵੀ ਮੈਥੋਂ ਵੱਡੇ ਸਨ। ਰਸੀਬਨ ਬੀਬੀ ਨਾਮੇ ਇਕ ਭੈਣ ਸੀ, ਜਿਸ ਦਾ ਰੌਲਿਆਂ ਤੋਂ ਪਹਿਲਾਂ ਹੀ ਨਿਕਾਹ ਹੋ ਗਿਆ। ਉਹ ਆਪਣੇ ਸੌਹਰਾ ਪਰਿਵਾਰ ਨਾਲ ਪਾਕਿਸਤਾਨੀ ਹੋ ਗਈ। ਅਫ਼ਸੋਸ ਕਿ ਉਸ ਨਾਲ ਸਾਡਾ ਮੁੜ ਮੇਲ ਨਾ ਹੋਇਆ। ਉਦੋਂ ਭਾਰੀ ਬਰਸਾਤ, ਭੁੱਖਮਰੀ ਅਤੇ ਵਬਾ ਦਾ ਬਹੁਤ ਜ਼ੋਰ ਸੀ। ਕੈਂਪਾਂ, ਕਾਫ਼ਲਿਆਂ ਵਿਚ ਬਹੁਤ ਹਿਜਰਤ ਕਾਰੀ ਉਪਰੋਕਤ ਬਲਾਵਾਂ ਨਾਲ ਜੂਝਦੇ ਮਾਰੇ ਵੀ ਗਏ।

ਮੇਰੇ ਅੱਬਾ ਹੱਲਿਆਂ ਵੇਲੇ ਸਾਡੇ ਲਾਗਲੇ ਸੁਹਾਣੇ ਪਿੰਡ, ਸਰਦਾਰ ਟਿੱਕਾ ਸਾਬ ਦੇ ਬਾਗ਼ਾਂ ਦੇ ਮਾਲੀ ਸਨ। ਮਾਈ ਬਸੀਰਾਂ ਵੀ ਆਂਢ-ਗੁਆਂਢ ਸਰਦਾਰਾਂ ਦੇ ਘਰਾਂ ਵਿਚ ਕੰਮਾਂ ਵਿਚ ਹੱਥ ਵਟਾਉਂਦੀ। ਬਦਲੇ ਵਿਚ ਉਹ ਬਣਦੀ ਉਜਰਤ ਦੇ ਦਿੰਦੇ। ਇੰਜ ਘਰ ਦਾ ਗੁਜ਼ਾਰਾ ਵਧੀਆ ਨਿਭੀ ਜਾਂਦਾ। ਭਾਰਤ ਆਜ਼ਾਦ ਹੋਵੇਗਾ, ਪਾਕਿਸਤਾਨ ਬਣੇਗਾ। ਸਭ ਮੁਸਲਮਾਨਾਂ ਨੂੰ ਉਠਕੇ ਪਾਕਿਸਤਾਨ ਜਾਣਾ ਪਵੇਗਾ। ਬਜ਼ੁਰਗਾਂ ਨੂੰ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਅਕਸਰ ਸੁਣਦੇ। ਆਲੇ-ਦੁਆਲੇ ਪਿੰਡਾਂ ਵਿਚੋਂ ਹਲਾ ਹਲਾ-ਲਲਾ ਲਲਾ, ਕਤਲੇਆਮ, ਆਗਜ਼ਨੀ ਦੀਆਂ ਲਾਟਾਂ ਉਚੀਆਂ ਉਠਦੀਆਂ ਦੇਖਦੇ।

ਪਿੰਡ 'ਚੋਂ ਕੁੱਝ ਸ਼ੈਤਾਨ ਮੁਸਲਮਾਨਾਂ ਉਪਰ ਹਮਲਾ ਕਰਨ, ਧੀਆਂ-ਭੈਣਾਂ ਦੀ ਬੇਪਤੀ ਅਤੇ ਲੁੱਟਮਾਰ ਕਰਨ ਦੇ ਮਨਸੂਬੇ ਬਣਾਉਂਦੇ। ਜਦ 'ਜਿਹੀ ਹਿਲਜੁਲ ਸ਼ੁਰੂ ਹੋਈ, ਤਾਂ ਪਿੰਡ 'ਚੋਂ ਹੀ ਇਕ ਧਿਰ ਮੁਸਲਮਾਨਾਂ ਦੇ ਬਚਾਅ ਵਾਸਤੇ ਖੜ੍ਹੀ ਹੋ ਗਈ। ਜਿਨ੍ਹਾਂ ਵਿਚ ਜੱਟ ਸਿੱਖ ਰਚਨ ਸਿੰਘ, ਜਗੀਰ ਸਿੰਘ ਮਹਿਰਾ, ਹਜ਼ਾਰਾ ਸਿੰਘ ਮਜ਼੍ਹਬੀ ਵਗੈਰਾ ਸਨ। ਉਨ੍ਹਾਂ ਸਾਰੇ ਮੁਸਲਮਾਨਾਂ ਨੂੰ ਸੁਨੇਹਾ ਭੇਜਿਆ ਕਿ ਸਾਰੇ ਮੁਸਲਮਾਨ ਤਿਆਰੀ ਫੜ ਲੈਣ, ਕੱਲ੍ਹ ਸਵੇਰੇ ਕੈਂਪ ਵਿਚ ਛੱਡ ਕੇ ਆਵਾਂਗੇ। ਦੂਜੇ ਦਿਨ ਸਾਰੇ ਮੁਸਲਮਾਨ ਪਿੰਡ ਦੇ ਬਾਹਰੀ ਚੌਂਕ ਵਿਚ 'ਕੱਠੇ ਹੋਏ। ਸਰਦਾਰਾਂ ਆਪਣੇ ਗੱਡੇ ਲਿਆਂਦੇ। ਬੱਚੇ, ਬਜ਼ੁਰਗ ਗੱਡਿਆਂ ਉਤੇ ਅਤੇ ਬਾਕੀ ਪੈਦਲ ਹੋ ਤੁਰੇ। ਸਰਦਾਰ ਸਾਨੂੰ ਦੇਸੂ ਮਾਜਰਾ ਪਿੰਡ ਦੇ ਆਰਜ਼ੀ ਕੈਂਪ ਵਿਚ ਛੱਡ ਆਏ। ਦੇਸੂ ਮਾਜ਼ਰਾ ਲਈ ਤੁਰੇ, ਤਾਂ ਰਸਤੇ ਵਿਚ ਲੁੱਟ-ਖੋਹ, ਉਧਾਲਿਆਂ ਦੀ ਬਿਰਤੀ ਵਾਲਿਆਂ ਕਾਫ਼ਲੇ ਉਪਰ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਪਰ ਸਰਦਾਰ ਭੱਜ ਕੇ ਅੱਗੇ ਹੋ ਗਏ। ਉਨ੍ਹਾਂ ਵੰਗਾਰਦਿਆਂ ਕਿਹਾ, "ਤੁਹਾਨੂੰ ਪਹਿਲਾਂ ਸਾਨੂੰ ਮਾਰਨਾ ਪਵੇਗਾ, ਫਿਰ ਅੱਗੇ ਵਧਣਾ।" ਤਾਂ ਉਹ ਕੱਚਾ ਜਿਹਾ ਹੋ ਕੇ ਵਾਪਸ ਪਰਤ ਗਏ। ਉਥੋਂ ਹੋਰ ਵੀ ਗੁਆਂਢੀ ਪਿੰਡਾਂ ਤੋਂ ਕਾਫ਼ਲੇ ਆਏ ਹੋਏ ਸਨ। ਸ਼ਾਮ ਨੂੰ ਇਕ ਵੱਡੇ ਕਾਫ਼ਲੇ ਦੇ ਰੂਪ ਵਿਚ ਖਰੜ ਤਹਿਸੀਲਦਾਰ ਦਫ਼ਤਰ ਦੇ ਸਾਹਮਣੇ ਖੁੱਲ੍ਹੇ ਖਲਿਆਨ ਵਿਚ ਲੱਗੇ ਰਫਿਊਜੀ ਕੈਂਪ ਵਿਚ ਜਾ ਡੇਰਾ ਲਾਇਆ। ਉਥੇ ਕੋਈ ਦੋ ਹਫ਼ਤੇ ਰੁਕੇ। ਖਾਣ-ਪੀਣ ਲਈ ਹਲਕਾ-ਫੁਲਕਾ ਮਿਲਦਾ ਰਿਹਾ। ਇਵੇਂ ਇਕ ਦਿਨ ਸੋਹਾਣੇ ਦੇ ਟਿੱਕਾ ਸਾਬ ਨੂੰ ਸਾਡੀ ਖ਼ਬਰ ਹੋਈ, ਤਾਂ ਉਹ ਕੈਂਪ ਵਿਚ ਸਾਨੂੰ ਲੈਣ ਆਏ। ਪਰ ਕੈਂਪ ਦੇ ਸਰਕਾਰੀ ਪ੍ਰਬੰਧਕ ਨੇ ਮਨ੍ਹਾ ਕਰਤਾ। ਫਿਰ ਟਿੱਕਾ ਸਾਬ ਨੇ ਦੂਜੇ ਤੀਜੇ ਦਿਨ ਮਿਲਟਰੀ ਅਫ਼ਸਰ ਨਾਲ ਗੱਲ ਕੀਤੀ, ਤਾਂ ਉਨ੍ਹਾਂ ਬਜ਼ੁਰਗਾਂ ਦੀ ਸਹਿਮਤੀ ਲੈ ਕੇ ਸਾਨੂੰ ਟਿੱਕਾ ਸਾਬ ਨਾਲ ਭੇਜਤਾ। ਸਾਡੇ ਪਰਿਵਾਰ ਨਾਲ ਹੀ ਉਹ ਆਪਣਾ ਇਕ ਹੋਰ ਲਿਹਾਜ਼ੀ ਰਹਿਮਤ ਉਲ੍ਹਾ ਦਾ ਪਰਿਵਾਰ ਵੀ ਵਾਪਸ ਲੈ ਆਏ, ਜੋ ਉਨ੍ਹਾਂ ਦੇ ਖੇਤਾਂ ਵਿਚ ਕਾਮੇ ਸਨ। ਦੋ ਸਾਲ ਟਿੱਕਾ ਸਾਬ ਪਾਸ ਹੀ ਰਹੇ। ਉਪਰੰਤ ਆਪਣੇ ਘਰ ਦਾਊਂ ਵਾਪਸ ਆਏ। ਆਪਣਾ ਜ਼ੱਦੀ ਮਕਾਨ ਜੋ ਅਜੇ ਤੱਕ ਖਾਲੀ ਹੀ ਪਿਆ ਸੀ ਪਰ ਸਮਾਨ ਲੋਕਾਂ ਵਲੋਂ ਲੁੱਟ ਲਿਆ ਗਿਆ, ਉਪਰ ਮੁੜ ਕਾਬਜ਼ ਹੋ ਗਏ।




ਲੇਖਕ ਨਾਲ ਮੁਲਾਕਾਤ ਸਮੇਂ ਹਮੀਦ ਮੁਹੰਮਦ ਅਤੇ ਉਸ ਦੀ ਪਤਨੀ।

ਹਾਲੇ, ਭੌਲੀ ਤੇ ਜ਼ਮੀਨ ਲੈ ਕੇ ਕੁੱਝ ਸਾਲ ਖ਼ੇਤੀ ਕੀਤੀ। 1955 ਵਿਚ ਅੱਬਾ ਜਾਨ ਅਤੇ ਦਰਾਜ਼ ਉਮਰ ਭੋਗ ਕੇ ਬਸੀਰਾਂ ਬੀਬੀ 2000 ਸੰਨ ਵਿਚ ਫੌਤ ਹੋ ਗਏ। ਖੇਤੀ ਛੱਡ ਕੇ ਮੈਂ ਜਨਰਲ ਬਰਾੜ ਦੇ ਫ਼ਾਰਮ ਵਿਚ ਨੌਕਰੀ ਕਰੀ। ਉਨ੍ਹਾਂ ਦਾ ਫ਼ਾਰਮ ਬੰਦ ਹੋਣ ਉਪਰੰਤ ਪੰਜਾਬ ਟਰੈਕਟਰ ਫੈਕਟਰੀ ਮੁਹਾਲੀ ਵਿਚ ਨੌਕਰ ਹੋਇਆ। ਅੱਜਕੱਲ੍ਹ ਜ਼ਿੰਮੇਵਾਰੀ ਤੋਂ ਮੁਕਤ ਹਾਂ। ਧੀਆਂ ਸ਼ਰੀਅਤ ਬੀਬੀ ਪੁੱਤਰ ਗੁੱਲ ਮੁਹੰਮਦ, ਅਸਲਮ ਮੁਹੰਮਦ ਅਤੇ ਕਾਸਿਮ ਮੁਹੰਮਦ ਸਭ ਵਿਆਹੇ ਵਰ੍ਹੇ ਨੇ। ਆਪਣਾ ਆਪਣਾ ਕੰਮ ਕਰਦੇ ਨੇ। ਇਸ ਵਕਤ ਆਪਣੀ ਸ਼ਰੀਕ-ਏ-ਹਯਾਤ ਜ਼ਮੀਲਾ ਬੀਬੀ ਨਾਲ ਪੁਰ ਸਕੂੰ ਜ਼ਿੰਦਗੀ ਦੀ ਸ਼ਾਮ ਹੰਢਾਅ ਰਿਹੈਂ।

'47 ਦਾ ਸਮਾਂ ਬੜਾ ਮਾੜਾ ਸੀ, ਜਦ ਸਿੱਖ-ਹਿੰਦੂ ਬਨਾਮ ਮੁਸਲਮਾਨਾਂ ਵਿਚ ਧਰਮ ਦੇ ਨਾਮ 'ਤੇ ਭਿਆਨਕ ਕਤਲੇਆਮ, ਲੁੱਟ ਮਾਰ ਅਤੇ ਜਬਰੀ ਉਧਾਲਿਆਂ ਨੂੰ ਅੰਜਾਮ ਦਿੱਤਾ। ਸੋਹਾਣੇ ਦੇ ਟਿੱਕਾ ਸਾਬ ਨੂੰ ਸਲਾਮ ਜਿਨ੍ਹਾਂ ਆਪਣੇ ਆਂਢ-ਗੁਆਂਢ ਪਿੰਡਾਂ ਵਿਚ ਮੁਸਲਮਾਨਾਂ ਨੂੰ ਆਂਚ ਨਾ ਆਉਣ ਦਿੱਤੀ। ਅਫ਼ਸੋਸ ਕਿ 'ਜਿਹੇ ਫ਼ਰਿਸ਼ਤਿਆਂ ਦੀ ਗਿਣਤੀ ਥੋੜ੍ਹੀ ਸੀ, ਬੇਵਜ੍ਹਾ ਪੰਜਾਬੀਆਂ ਨੇ ਵੱਡਾ ਨੁਕਸਾਨ ਉਠਾਇਆ। ਇਸ ਲਈ ਸੱਤਾ ਦੇ ਲੋਭੀ ਵੱਡੇ ਨੇਤਾ ਜ਼ਿੰਮੇਵਾਰ ਤਾਂ ਹੈ ਹੀ ਪਰ ਤਦੋਂ ਦੇ ਮੁਹੱਲਾ ਅਤੇ ਪਿੰਡ ਪੱਧਰੀ ਚੌਧਰੀ ਜਿਨ੍ਹਾਂ ਭੀੜ ਨੂੰ ਉਕਸਾ ਕੇ ਆਪਣੇ ਮਗਰ ਲਗਾਇਆ, ਵਿਚ ਆਦਮੀਅਤ ਨਾਲੋਂ ਫ਼ਿਰਕੂ ਹੈਵਾਨੀਅਤ ਭਾਰੂ ਹੋ ਗਈ ਸੀ, ਵੀ ਵੱਡੇ ਗੁਨ੍ਹਾਗਾਰ ਹਨ, ਜੋ ਆਪਣੇ ਇਨਸਾਨੀ ਫਰਜ਼ਾਂ ਨੂੰ ਪਛਾਣ ਨਾ ਸਕੇ।"

# ਸ੍ਰੀ ਹਰਿਮੰਦਰ ਸਾਹਿਬ ਫੁੱਲਾਂ ਦੀ ਸੇਵਾ

-ਹਰਜਿੰਦਰ ਕੌਰ
ਪੰਜਾਬ ਮੇਲ USA



ਅਸੀਂ ਸਭ ਜਾਣਦੇ ਹਾਂ ਕਿ ਸ੍ਰੀ ਦਰਬਾਰ ਸਾਹਿਬ ਜਿਸ ਅੰਦਰ 5 ਕੁ ਸਾਲ ਤੋਂ ਫੁੱਲਾਂ ਦੀ ਸੇਵਾ ਦਾ ਕੰਮ ਬੜੇ ਹੀ ਜ਼ੋਰਾਂ-ਸ਼ੋਰਾਂ ਨਾਲ ਚੱਲਦਾ ਆ ਰਿਹਾ ਹੈ। ਇਹ ਬਹੁਤ ਸੋਹਣੀ ਸਜਾਵਟ ਰੰਗ-ਬਿਰੰਗੇ ਅਨੇਕਾਂ ਭਾਂਤਾਂ ਦੇ ਫੁੱਲ ਚਾਰ-ਚੰਦ ਲਗਾ ਦਿੰਦੇ ਹਨ। ਪਤਾ ਨਹੀਂ ਕਿਸ-ਕਿਸ ਦੇਸ਼ ਤੋਂ ਆਏ ਹਨ ਤੇ ਸਾਨੂੰ ਬਹੁਤ ਚੰਗੇ ਲੱਗਦੇ ਹਨ। ਲੋਕਾਂ ਵਿਚ ਵੀ ਬੜਾ ਜ਼ੋਸ਼ ਹੁੰਦਾ ਹੈ ਕਿ ਸੇਵਾ ਕਰਕੇ ਸਾਰੇ ਹਰਿਮੰਦਰ ਸਾਹਿਬ ਨੂੰ ਸਜਾ ਦੇਈਏ ਤੇ ਇਹ ਸਵਰਗ ਵਾਂਗ ਪ੍ਰਤੀਤ ਹੁੰਦਾ ਹੈ। ਸਭ ਕੁੱਝ ਬਹੁਤ ਹੀ ਸੋਹਣਾ ਹੈ।

ਪਰ ਜੇਕਰ ਡੂੰਘਾਈ ਨਾਲ ਸੋਚਿਆ ਜਾਵੇ, ਤਾਂ ਮੇਰੀ ਸੋਚ ਮੁਤਾਬਕ ਇਹ ਸਭ ਠੀਕ ਨਹੀਂ ਹੈ। ਕਿਉਂਕਿ ਹਰਿਮੰਦਰ ਸਾਹਿਬ ਜੀ ਨੂੰ ਬਣਿਆਂ 550 ਸਾਲ ਹੋ ਗਏ ਹਨ ਤੇ ਆਦਿ ਕਾਲ ਤੋਂ ਹੀ ਅਨੇਕਾਂ ਭਗਤ, ਬੀਰ ਸੂਰਮੇ, ਤਾਕਤਵਰ, ਧਨਾਢ, ਬਾਦਸ਼ਾਹ ਇਥੇ ਆਏ ਤੇ ਸ਼ਰਧਾ ਦੀਆਂ ਭੇਟਾਂ ਚੜ੍ਹਾ ਕੇ ਗਏ ਜਾਂ ਭੇਟਾਂ ਵਜੋਂ ਸੋਨਾ, ਚਾਂਦੀ, ਹੀਰੇ, ਮੋਤੀ, ਪੈਸੇ, ਅਸ਼ਰਫੀਆਂ, ਕੀਮਤੀ ਤੋਹਫੇ ਆਦਿ ਭੇਟਾਂ ਕੀਤੀਆਂ, ਜੋ ਅੱਜ ਵੀ ਤੋਸ਼ਾਖਾਨਾ ਵਿਚ ਬੜੀ ਹਿਫਾਜ਼ਤ ਨਾਲ ਰੱਖੀਆਂ ਹੋਈਆਂ ਹਨ ਪਰ ਕਿਸੇ ਨੇ ਫੁੱਲਾਂ ਨੂੰ ਇੰਨੀ ਅਹਿਮੀਅਤ ਨਹੀਂ ਦਿੱਤੀ, ਇੱਥੋਂ ਤੱਕ ਕਿ ਮਹਾਰਾਜਾ ਰਣਜੀਤ ਸਿੰਘ ਜੀ ਨੇ ਵੀ ਸੋਨਾ ਚੜ੍ਹਾਇਆ, ਜੋ ਅੱਜ ਵੀ ਲਿਸ਼ਕਾਂ ਮਾਰ ਰਿਹਾ ਹੈ ਤੇ ਸਾਡੀ ਪੀੜ੍ਹੀ ਦਰ ਪੀੜ੍ਹੀ ਸੰਭਾਲ ਕਰ ਰਹੀ ਹੈ ਤੇ ਅੰਗਰੇਜ਼ਾਂ ਨੇ ਇਸ ਨੂੰ ਨਾਮ ਦਿੱਤਾ 'ਗੋਲਡਨ ਟੈਂਪਲ'।



ਇਹ ਫੁੱਲ ਮਨਮਤ ਹੈ। ਕਰੋੜਾਂ ਰੁਪਏ ਦੇ ਫੁੱਲ ਇਕ ਹਫਤੇ ਬਾਅਦ ਮੁਰਝਾ ਸਭ ਕੂੜੇ ਦੇ ਢੇਰਾਂ 'ਤੇ ਪਏ ਹੁੰਦੇ ਹਨ।

ਇਸ ਦਾ ਕੀ ਫਾਇਦਾ। ਸੋ ਜੋ ਕਰੋੜਾਂ ਰੁਪਿਆ ਫੁੱਲਾਂ 'ਤੇ ਲਗਾ ਰਹੇ ਹਨ, ਉਹ ਸੋਨੇ, ਚਾਂਦੀ ਦੀਆਂ ਚੀਜ਼ ਭੇਟ ਕਰਨ, ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਵੀ ਵੇਖ ਸਕਣ, ਜਿਵੇਂ ਅੱਜ ਵੀ ਜਲਓ ਸ਼ਾਨਦਾਰ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ। ਨਾਲ ਸਾਡਾ ਪੱਲਾ ਭਾਰੀ ਬਣਦਾ ਹੈ।

ਸਾਡੇ ਕੋਲ ਕੁੱਝ ਇਨਵੈਸਟਮੈਂਟ ਹੁੰਦੀ ਹੈ, ਜੋ ਲੋੜ ਅਨੁਸਾਰ ਖਰਚ ਵੀ ਕੀਤੀ ਜਾ ਸਕੇ। ਫੁੱਲ ਅਗਰ ਲਗਾਉਣੇ ਹੀ ਹਨ ਤੇ ਕੱਪੜੇ ਦੇ ਫੁੱਲ, ਸ਼ਨੀਲ ਦੇ ਫੁੱਲ, ਸਿਲਕ ਦੇ ਫੁੱਲ ਆਦਿ ਕਈ ਤਰ੍ਹਾਂ ਦੇ ਆਰਟੀਫਿਸ਼ਲ ਫੁੱਲ ਬਣਾ ਕੇ ਪੱਕੇ ਹੀ ਰੱਖ ਲਵੋ, ਜਦੋਂ ਵੀ ਗੁਰਪੁਰਬ ਆਉਂਦੇ ਹਨ, ਖੂਬ ਸਜਾਓ। ਫਿਰ ਡਰਾਈਕਲੀਨ ਕਰਕੇ ਅਗਲੇ ਸਾਲ ਫਿਰ ਵਰਤੋਂ। ਪੈਸੇ ਦੀ ਵੀ ਬਚਤ ਹੋਵੇਗੀ, ਤੁਹਾਡੀ ਇੱਛਾ ਵੀ ਬੜੀ ਉਤਸ਼ਾਹਿਤ ਰਹੇਗੀ ਤੇ ਖਰਚ ਵੀ ਇਕ ਵਾਰ ਹੀ ਹੋਵੇਗਾ। ਫਿਰ ਕੂੜੇ ਦੇ ਢੇਰ ਵੀ ਨਹੀਂ ਲੱਗਣਗੇ, ਪ੍ਰਦੂਸ਼ਣ 'ਤੇ ਰੋਕ ਲੱਗੇਗੀ। ਅੱਜ ਦੇ ਵੇਲੇ ਟੈਕਨਾਲੋਜੀ ਇੰਨੀ ਵੱਧ ਗਈ ਹੈ ਕਿ ਅਸੀਂ ਦੇਖਦੇ ਹਾਂ ਨਕਲੀ ਫੁੱਲ ਅਸਲੀ ਤੋਂ ਵੀ ਵੱਧ ਖੂਬਸੂਰਤ ਲੱਗਦੇ ਹਨ। ਹਰ ਸਾਲ ਇੱਕੋ ਜਿਹੀ ਫੁੱਲਾਂ ਦੀ ਸਜਾਵਟ ਦਾ ਕੋਈ ਲਾਭ ਨਹੀਂ, ਉਹ ਪੈਸਾ ਸਕੂਲਾਂ, ਕਾਲਜਾਂ 'ਤੇ ਖਰਚੋ ਤੇ ਭਵਿੱਖ ਉੱਜਲ ਬਣਾਉ।

# ‘ਕਰ ਕਰ ਵੇਲਾ ਯਾਦ ਜ਼ਿੰਦੜੀਏ ਰੋਵੇਂਗੀ..’ ਵਾਲਾ ਗੀਤਕਾਰ ਕਰਨੈਲ ਜਲਾਲ

-ਸੁਰਜੀਤ ਜੱਸਲ
98146-07737
ਪੰਜਾਬ ਮੇਲ USA



ਕਰਨੈਲ ਜਲਾਲ ਉਰਫ਼ ਸਿੱਧੂ ‘ਅੱਠ ਜਲਾਲਾਂ ਵਾਲਾ’ ਲੋਕ ਗਥਾਵਾਂ ਦੇ ਗਾਇਕ ਸਵ. ਕੁਲਦੀਪ ਮਾਣਕ ਦਾ ਲੰਗੋਟੀਆ ਯਾਰ ਸੀ, ਜਿਸਨੇ ਮਾਣਕ ਦੇ ਮੁੱਢਲੇ ਗੀਤਾਂ ਦੀ ਸਿਰਜਣਾ ਕਰਕੇ ਉਸਨੂੰ ਗਾਇਕੀ ਦੇ ਰਾਹ ਤੋਰਿਆ। ਮੁਹੰਮਦ ਲਤੀਫ਼ ਤੋਂ ਕੁਲਦੀਪ ਮਾਣਕ ਬਣਨ ’ਚ ਗੀਤਕਾਰ ਕਰਨੈਲ ਜਲਾਲ ਦਾ ਵੱਡਾ ਯੋਗਦਾਨ ਰਿਹਾ। ਉਨ੍ਹਾਂ ਵੇਲਿਆਂ ਦੇ ਲੋਕ ਜਾਣਦੇ ਹਨ, ਜਦ ਮਾਣਕ ਨਿੱਕੇ ਉਮਰੇ ਹੀ ਬਾਬਾ ਕਰਨੈਲ ਦਾਸ ਦੇ ਡੇਰੇ ਸੇਵਾ ਕਰਿਆ ਕਰਦਾ ਸੀ। ਉਸਦੇ ਨਾਲ ਜਲਾਲ ਪਿੰਡ ਦਾ ਹੀ ਜੱਟਾਂ ਦਾ ਮੁੰਡਾ ਕਰਨੈਲ ਵੀ ਹੁੰਦਾ ਸੀ। ਸੰਤਾਂ ਦੀ ਸੇਵਾ ਭਗਤੀ ’ਚ ਲੱਗੇ ਮੁਹੰਮਦ ਲਤੀਫ਼ ਨੂੰ ਗਾਉਣ ਦਾ ਸ਼ੌਂਕ ਸੀ ਤੇ ਕਰਨੈਲ ਸਿੱਧੂ ਨੂੰ ਲਿਖਣ ਦਾ। ਦੋਵੇਂ ਆਪਣੇ ਸ਼ੌਂਕ ਨੂੰ ਪੂਰਾ ਕਰਨ ’ਚ ਲੱਗੇ ਰਹਿੰਦੇ। ਸੰਤ ਬਾਬਾ ਕਰਨੈਲ ਦਾਸ ਜੀ ਸਭ ਜਾਣਦੇ ਸੀ। ਡੇਰੇ ’ਚ ਸੰਤਾਂ ਦੀ ਸੇਵਾਂ ਕਰਦੇ ਮਾਣਕ ਦੀ ਉਨ੍ਹਾਂ ਸੇਵਾ ਪ੍ਰਵਾਨ ਕੀਤੀ ਤੇ ਇੱਕ ਦਿਨ ਪ੍ਰਸ਼ੰਨਚਿੱਤ ਹੁੰਦਿਆਂ ਕਿਹਾ ‘ਮੰਗ ਜੋ ਚਾਹੁਣਾ’ ਤਾਂ ਮਾਣਕ ਨੇ ਕਿਹਾ ਕਿ ਗਾਇਕੀ ’ਚ ਮੇਰਾ ਨਾਂ ਵੀ ਨਰਿੰਦਰ ਬੀਬਾ ਵਾਗੂੰ ਮਸ਼ਹੂਰ ਹੋਵੇ’।

ਸੰਤਾਂ ਨੇ ਕਿਹਾ ‘ਤੈਨੂੰ ਤਾਂ ਲੋਕ ਖੜ੍ਹ-ਖੜ੍ਹ ਵੇਖਣਗੇ..ਤੇਰੀ ਆਵਾਜ਼ ਰਹਿੰਦੀ ਦੁਨੀਆਂ ਤੱਕ ਅਮਰ ਰਹੂ..!’

ਮਾਣਕ ਨੇ ਸੰਤਾਂ ਦੇ ਬੋਲ ਦਿਲ ’ਚ ਵਸਾ ਲਏ ਤੇ ਮਿਹਨਤ ਦਾ ਲੜ੍ਹ ਫੜ ਲਿਆ। ਕਰਨੈਲ ਸਿੱਧੂ ਤੇ ਮਾਣਕ ਦਾ ਸਾਥ, ਯਾਰੀ ਦੋਸਤੀ ਤੋਂ ਉੱਪਰ ਉੱਠ ਕੇ ਕਲਮ ਅਤੇ ਆਵਾਜ਼ ਦਾ ਬਣ ਗਿਆ ਸੀ। ਕਰਨੈਲ ਜਿਮੀਂਦਾਰਾਂ ਦਾ ਮੁੰਡਾ ਸੀ। ਚਾਰ-ਪੰਜ ਜਮਾਤਾਂ ਪੜ੍ਹ ਕੇ ਉਹ ਖੇਤੀ ਦੇ ਧੰਦੇ ’ਚ ਪੈ ਗਿਆ। ਕਰਨੈਲ ਭਾਵੇਂ ਕਿ ਬਹੁਤੀਆਂ ਜਮਾਤਾਂ ਨਾ ਪੜ੍ਹ ਸਕਿਆ ਪਰ ਉਸਨੇ ਵਾਰਿਸ ਸ਼ਾਹ ਦੀ ਹੀਰ, ਪੀਲੂ ਦਾ ਮਿਰਜ਼ਾ, ਹਾਸ਼ਮ ਦੀ ਸੱਸੀ ਦੇ ਇਲਾਵਾ ਪੁਰਾਣੇ ਚਿੱਠੇ ਬਹੁਤ ਪੜ੍ਹੇ, ਜੋ ਉਸਦੀ ਸਫ਼ਲ ਗੀਤਕਾਰੀ ਦਾ ਆਧਾਰ ਬਣੇ। ਮਾਣਕ ਦੀ ਮੁੱਢਲੀ ਗਾਇਕੀ ਵਿਚ ਕਰਨੈਲ ਜਲਾਲ ਦੀ ਕਲਮ ਦਾ ਚੰਗੇਰਾ ਯੋਗਦਾਨ ਰਿਹਾ। ਤਵਿਆਂ ਦੀਆਂ ਰਿਕਾਡਿੰਗਾਂ ਤੋਂ ਪਹਿਲਾਂ ਮਾਣਕ ਨੇ ਕਰਨੈਲ ਜਲਾਲ ਦੇ ਅਨੇਕਾਂ ਗੀਤ ਜਨਤਕ ਸਮਾਗਮਾਂ ’ਤੇ ਗਾਏ, ਜੋ ਬਾਅਦ ’ਚ ਰਿਕਾਰਡ ਵੀ ਹੋਏ। ਕਰਨੈਲ ਦੀ ਲਿਖੀ ਪਹਿਲੀ ਰਚਨਾ ਲੋਕ ਗਾਥਾ ‘ਸੋਹਣੀ’ - ‘ਉਹਨੂੰ ਮੌਤ ਨੇ ਵਾਜ਼ਾਂ ਮਾਰੀਆਂ-ਸੋਹਣੀ ਸੁੱਤੀ ਲਈ ਜਗਾ’ 1972 ’ਚ ਰਿਕਾਰਡ ਹੋਈ। ਇਹ ਮਾਣਕ ਦੀ ਪਹਿਲੀ ਲੋਕਗਾਥਾ ਸੀ, ਜੋ ਅਲਗੋਜਿਆ ’ਤੇ ਰਿਕਾਰਡ ਕਰਵਾਈ। ਫਿਰ ਮਾਣਕ ਨੇ ਕਰਨੈਲ ਦੀ ਲਿਖੀ ਇੱਕ ਹੋਰ ਗਾਥਾ-ਦਹੂਦ ਬਾਦਸ਼ਾਹ - ‘ਚਿੱਠੀ ਲਿਖੀ ਦਹੂਦ ਨੇ ਵਾਲਾਂ ਵਿਚ ਟੰਗੀ, ਪਹਿਲਾਂ ਸੀ ਤੂੰ ਬੇਗਮੇ ਮੇਰੇ ਨਾਲ ਮੰਗੀ’ ਰਿਕਾਰਡ ਹੋਈ। ਇਸ ਤੋਂ ਬਾਅਦ ਇੱਕ ਤੋਂ ਇੱਕ ਲਗਾਤਾਰ ਗੀਤ ਰਿਕਾਰਡ ਹੁੰਦੇ ਗਏ।

ਕਰਨੈਲ ਜਲਾਲ ਆਪਣੇ ਗੀਤਾਂ ਵਿਚ ਆਪਣੇ ਨਾਂ ਨਾਲ ਪਹਿਲਾਂ ਸਿੱਧੂ ਲਿਖਦਾ ਹੁੰਦਾ ਸੀ। ਮਾਣਕ ਨੇ ਕਿਹਾ ਕਿ ਆਪਾਂ ਆਪਣੇ ਪਿੰਡ ਦਾ ਨਾਂ ਹੀ ਮਸ਼ਹੂਰ ਕਰੀਏ। ਫਿਰ ਕਰਨੈਲ ਨੇ ਆਪਣੇ ਗੀਤਾਂ ਵਿਚ ਸਿੱਧੂ ਦੀ ਥਾਂ ’ਤੇ ‘ਅੱਠ ਜਲਾਲਾਂ ਵਾਲਾ/ਜਲਾਲ’ ਦਾ ਜ਼ਿਕਰ ਕਰਨ ਲੱਗਿਆ। ਜਲਾਲ ਪਿੰਡ ’ਚੋਂ ਅੱਗੇ ਅੱਠ ਪਿੰਡ ਹੋਰ ਵਸੇ ਹੋਣ ਕਰਕੇ ਇਸਨੂੰ ਨੂੰ ‘ਅੱਠ ਜਲਾਲਾਂ ਵਾਲਾ’ ਵੀ ਕਹਿੰਦੇ ਹਨ। ਕਰਨੈਲ ਦੇ ਲਿਖੇ ਗੀਤ ਪਹਿਲਾਂ ਹੀ ਹਰਮਨ ਪਿਆਰੇ ਸੀ, ਜਦ ਰਿਕਾਰਡ ਹੋ ਕੇ ਬਨੇਰ੍ਹਿਆਂ ’ਤੇ ਵੱਜਣ ਲੱਗੇ, ਤਾਂ ਉਸਦਾ ਹੌਂਸਲਾ ਹੋਰ ਵੀ ਵੱਧ ਗਿਆ। ਮਾਣਕ ਨੇ ਕਰਨੈਲ ਦੇ ਲਿਖੇ 30-35 ਦੇ ਕਰੀਬ ਗੀਤ ਐੱਚ.ਐੱਮ.ਵੀ. ਕੰਪਨੀ ਦੇ ਤਵਿਆ ’ਤੇ ਰਿਕਾਰਡ ਕਰਵਾਏ। ਕਰਨੈਲ ਦੀ ਕਈਆਂ ਲਿਖਤਾਂ ਪੰਜਾਬੀ ਗਾਇਕੀ ਵਿਚ ਸ਼ਾਹਕਾਰ ਲਿਖਤਾਂ ਬਣੀਆਂ। ਲੋਕ ਤੱਥ ‘ਵਕਤ ਪਏ ਤੋਂ ਪਰਖੀ ਜਾਂਦੀ ਯਾਰੀ ਯਾਰਾਂ ਦੀ, ਪੁੱਤ ਬਰਾਬਰ ਦਾ ਜਦ ਅੱਗਿਓਂ ਆ ਲਲਕਾਰ ਦਾ’ ਵੀ ਕਰਨੈਲ ਜਲਾਲ ਦੀ ਬਾਕਮਾਲ ਸਿਰਜਣਾ ਹੈ। ਪੂਰਨ ਭਗਤ ਦੀ ਗਾਥਾ ਬਹੁਤ ਲਿਖਾਰੀਆਂ ਨੇ ਲਿਖੀ ਹੈ। ਹਰੇਕ ਨੇ ਪੂਰਨ ਦੇ ਵੱਖ-ਵੱਖ ਪਹਿਲੂਆਂ ਨੂੰ ਲਿਖਿਆ ਹੈ। ਪਰ ਕਰਨੈਲ ਦਾ ਲਿਖਿਆ ਤੇ ਮਾਣਕ ਦਾ ਗਾਇਆ ਇਹ ਵਿਯੋਗਮਈ ਗੀਤ ਸਰੋਤਿਆਂ ਨੂੰ ਹਲੂਣ ਕੇ ਰੱਖ ਦਿੰਦਾ ਹੈ।

‘ਇੱਛਰਾਂ ਧਾਹਾਂ ਮਾਰਦੀ ਨਾਲੇ ਦੇਵੇ ਦੁਹਾਈਆਂ-ਮੇਰੇ ਪੂਰਨ ਪੁੱਤ ਦੇ ਹੱਥਕੜੀਆਂ ਲਾਈਆਂ’

ਇੱਕ ਮਾਂ ਦੇ ਦਿਲ ’ਚੋਂ ਨਿਕਲੀ ਵੈਰਾਗਮਈ ਹੂਕ ਨੂੰ ਇਹ ਗੀਤ ਬੜੀ ਭਾਵਕੁਤਾ ਨਾਲ ਬਿਆਨਦਾ ਹੈ, ਜਦ ਲੂਣਾ ਦੀ ਝੂਠੀ ਤੋਹਮਤ ਲਾਉਣ ’ਤੇ ਰਾਜਾ ਸਲਵਾਨ ਪੂਰਨ ਨੂੰ ਟੁਕੜੇ-ਟੁਕੜੇ ਕਰਕੇ ਖੂਹ ਵਿਚ ਸੁੱਟਣ ਦਾ ਹੁਕਮ ਦੇ ਦਿੰਦਾ ਹੈ।

1942 ’ਚ ਪਿਤਾ ਸੰਤਾ ਸਿੰਘ ਦੇ ਘਰ ਮਾਤਾ ਨਿਹਾਲ ਕੌਰ ਦੀ ਕੁੱਖੋਂ ਬਠਿੰਡਾ ਜ਼ਿਲ੍ਹਾਂ ਦੇ ਪਿੰਡ ਜਲਾਲ ਵਿਖੇ ਜਨਮਿਆਂ ਕਰਨੈਲ ਸਿੱਧੂ ਤੇ ਮਾਣਕ ਬਚਪਨ ਦੇ ਯਾਰ ਰਹੇ। ਦੋਵਾਂ ਦੀ ਕਲਾ ਦਾ ਸਫ਼ਰ ਇੱਕਠਿਆਂ ਹੀ ਸ਼ੁਰੂ ਹੋਇਆ। ਕਰਨੈਲ ਨੇ ਮਾਣਕ ਲਈ ਬਹੁਤ ਸਾਰੇ ਗੀਤ ਲਿਖੇ। ਮਾਣਕ ਦੇ ਜਦ ਗਾਇਕੀ ’ਚ ਪੈਰ ਲੱਗ ਗਏ, ਤਾਂ ਉਹ ਲੁਧਿਆਣੇ ਚਲਾ ਗਿਆ। ਜਦ ਵਕਤ ਮਿਲਦਾ ਕਰਨੈਲ ਮਾਣਕ ਕੋਲ ਲੁਧਿਆਣੇ ਚਲਾ ਜਾਂਦਾ। ਨਵਿਆਂ ਗੀਤਾਂ ਬਾਰੇ ਗੱਲਾਂਬਾਤਾਂ ਕਰਦੇ। ਮਾਣਕ ਕੋਲ ਕਰਨੈਲ ਦੇ ਲਿਖੇ ਪੁਰਾਣੇ ਗੀਤਾਂ ਦੀ ਕਾਪੀ ਸੀ, ਜਿਸ ’ਚੋਂ ਉਹ ਗੀਤ ਰਿਕਾਰਡ ਕਰਵਾਉਂਦਾ ਰਿਹਾ।


ਸਵ: ਕਰਨੈਲ ਸਿੰਘ ਸਿੱਧ



ਕਰਨੈਲ ਜਲਾਲ ਦੀ ਲਿਖਣ ਸ਼ੈਲੀ ਆਮ ਗੀਤਕਾਰਾਂ ਤੋਂ ਬਹੁਤ ਅਲੱਗ ਸੀ। ਉਸ ਦੁਆਰਾ ਲਿਖੀਆਂ ਬਹੁਤ ਸਾਰੀਆਂ ਲੋਕ ਗਥਾਵਾਂ ਮਾਣਕ ਦੀ ਗਾਇਕੀ ਦਾ ਆਧਾਰ ਬਣੀਆਂ। ਕਰਨੈਲ ਜਲਾਲ ਦਾ ਇਕ ਹੋਰ ਗੀਤ ‘ਕਰ ਕਰ ਵੇਲਾ ਯਾਦ ਜਿੰਦੜੀਏ ਰੋਵੇਂਗੀ’ ਵੀ ਕਮਾਲ ਦੀ ਸਿਰਜਣਾ ਹੈ, ਜੋ ਦੁਨੀਆਵੀਂ ਮੋਹ ’ਚ ਫਸੇ ਮਨੁੱਖ ਨੂੰ ਵਕਤ ਅਤੇ ਮੌਤ ਦੇ ਸੱਚ ਤੋਂ ਜਾਣੂ ਕਰਵਾਉਂਦਾ ਹੈ। ਅਜਿਹੇ ਗੀਤ ਬਹੁਤ ਘੱਟ ਗੀਤਕਾਰਾਂ ਦੇ ਹਿੱਸੇ ਆਏ ਹਨ। ਹੀਰ ਰਾਂਝਾ, ਮਿਰਜ਼ਾ ਸਾਹਿਬਾ, ਸੱਸੀ, ਸੋਹਣੀ, ਰੂਹਾਂ ਦੇ ਆਸ਼ਿਕ ਹੋਏ ਹਨ, ਜਿਨ੍ਹਾਂ ਨੂੰ ਸਮੇਂ-ਸਮੇਂ ਦੇ ਲੇਖਕਾਂ ਨੇ ਆਪਣੇ ਹੀ ਰੰਗ ਵਿਚ ਲਿਖਿਆ ਹੈ ਪਰ ਅਫ਼ਸੋਸ ਕਿ ਅੱਜ ਦੇ ਗੀਤਕਾਰਾਂ ਵਲੋਂ ਇਨ੍ਹਾਂ ਬਾਰੇ ਕੋਈ ਗੀਤ ਨਹੀਂ ਲਿਖਿਆ ਜਾ ਰਿਹਾ। ਆਮ ਗੀਤਕਾਰੀ ਤੋਂ ਵੱਖਰਾ ਕਰਨ ਲਈ ਕਰਨੈਲ ਜਲਾਲ ਨੇ ਇੱਕ ਬਾਰਾਂ-ਮਾਹ ਗੀਤ ਵੀ ਲਿਖਿਆ। ਜਿਸ ਵਿਚ ਰਾਂਝੇ ਦੀ ਯਾਦ ਵਿਚ ਖੇੜ੍ਹਿਆਂ ਦੇ (ਸਹੁਰੇ) ਘਰ ਬੈਠੀ ਹੀਰ ਦੇ ਹਰੇਕ ਮਹੀਨੇ ਦਾ ਵਰਨਣ ਕੀਤਾ ਗਿਆ ਹੈ।

‘ਦਿਲ ਵਿਚ ਰਾਂਝੇ ਚਾਕ ਦੀ ਪਈ ਯਾਦ ਸਤਾਵੇ

ਘਰ ਖੇੜ੍ਹਿਆਂ ਦਾ ਹੀਰ ਨੂੰ ਪਿਆ ਵੱਢ ਵੱਢ ਖਾਵੇ

ਲੋਕ ਗਥਾਵਾਂ ਤੋਂ ਇਲਾਵਾ ਕਰਨੈਲ ਜਲਾਲ ਦੇ ਲਿਖੇ ਅਨੇਕਾਂ ਲੋਕ ਗੀਤ ਵੀ ਰਿਕਾਰਡ ਹੋਏ, ਜਿਨ੍ਹਾਂ ਨੂੰ ਅੱਜ ਵੀ ਸੁਣਿਆ ਜਾ ਰਿਹਾ ਹੈ। ਇਨ੍ਹਾਂ ਗੀਤਾਂ ’ਚੋਂ:-

- ਕੋਠੇ ’ਤੇ ਗਲਾਸੀ ਏ
- ਸਾਨੂੰ ਨੱਚ ਕੇ ਵਿਖਾ ਜਰਨੈਲ ਕੁੜੇ
- ‘ਵਕਤ ਪਏ ਤੋਂ ਪਰਖੀ ਜਾਂਦੀ ਯਾਰੀ ਯਾਰਾਂ ਦੀ’
- ਜਾਗੋ ਛੜਿਓ ਵਿਆਹ ਕਰਵਾ ਲਓ,
- ਲਾਰਾ ਲੱਪੀ ਲਾਈ ਰੱਖਦਾ,
- ਛੱਡ ਕੇ ਤੂੰ ਚੰਨਾ ਮੈਨੂੰ ਜਾਈਂ ਨਾ,
- ਜਾਹ ਨੀਂ ਤੇਰਾ ਕੱਖ ਨਾ ਰਹੇ..
- ਮੇਰਾ ਧੀਦੋ ਰਾਂਝਾ ਬੇਪ੍ਰਵਾਹ ਕੁੜੀਓ
- ਝੰਗ ਦੀਆਂ ਕੁੜੀਆਂ ਕੱਠੀਆਂ ਹੋਕੇ
- ਸਾਥੋਂ ਬਾਰਾਂ ਸਾਲ ਮੱਝੀਆਂ ਚਰਾ ਕੇ, ਜੰਝ ਆਈ ਖੇੜਿਆਂ ਦੀ
- ਛੱਡਦੇ ਮੇਰੀਏ ਬੱਚੀਏ ਰਾਂਝੇ ਦੀ ਯਾਰੀ
- ਚੋਟਾਂ ਇਸ਼ਕ ਦੀਆਂ (ਸਾਰੇ ਗੀਤ ਕੁਲਦੀਪ ਮਾਣਕ ਦੀ ਆਵਾਜ਼ ’ਚ)
- ਤੀਆਂ ਦੇ ਦਿਨ ਨੇੜੇ, ਲੈ ਕੇ ਜਾਵੀਂ ਵੇ ਵੀਰਾਂ (ਗੁਰਚਰਨ ਗੋਪੀ)
- ਅਸੀ ਕਿੱਡਾ ਵੱਡਾ ਆਸ਼ਕਾਂ ਦਾ ਜ਼ੇਰਾ ਵੇਖਿਆ (-- --)
- ਧੰਨ ਹੁੰਦੀਆਂ ਨੇ ਮਾਵਾਂ ( -- --)

ਕਰਨੈਲ ਜਲਾਲ ਨੇ ਮਾਣਕ ਨੂੰ ਇਕ ਗੀਤ ਮਾਂ ਬਾਰੇ (ਧੰਨ ਹੁੰਦੀਆਂ ਨੇ ਮਾਵਾਂ) ਵੀ ਲਿਖ ਕੇ ਦਿੱਤਾ, ਜੋ ਉਹ ਅਕਸਰ ਸਟੇਜਾਂ ’ਤੇ ਗਾਉਂਦਾ ਰਿਹਾ ਪਰ ਰਿਕਾਰਡ ਨਾ ਕਰਵਾ ਸਕਿਆ, ਬਾਅਦ ’ਚ ਇਹ ਗੀਤ ਮਾਣਕ ਦੇ ਸ਼ਾਗਿਰਦ ਗੁਰਚਰਨ ਗੋਪੀ ਨੇ ਕੈਸਟ ‘ਵੀਰ ਭੈਣਾਂ ਦਾ ਮਾਣ’ ਵਿਚ ਰਿਕਾਰਡ ਕਰਵਾਇਆ।

ਦਸ ਸਾਲ ਪਹਿਲਾਂ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਕਰਨੈਲ ਜਲਾਲ ਦੇ ਛੋਟੇ ਬੇਟੇ ਪਰਮਜੀਤ ਸਿੰਘ ਨੇ ਦੱਸਿਆ ਕਿ ਪਿਤਾ ਜੀ ਬਹੁਤ ਸਬਰ-ਸੰਤੋਖ ਤੇ ਚੁੱਪ ਬਿਰਤੀ ਵਾਲੇ ਸੀ। ਉਹ ਛੇਤੀ-ਛੇਤੀ ਕੋਈ ਗੱਲ ਜ਼ੁਬਾਨ ’ਤੇ ਨਹੀਂ ਸੀ ਲਿਆਉਂਦੇ। ਉਸਦੇ ਲਿਖੇ ਕੁਝ ਗੀਤਾਂ ਨਾਲ ਛੇੜਛਾੜ ਵੀ ਹੋਈ ਤੇ ਹੋਰ ਨਾਂਵਾਂ ’ਤੇ ਵੀ ਰਿਕਾਰਡ ਹੋਏ। ਮਾਣਕ ਸਾਹਿਬ ਦਾ ਪਿਤਾ ਜੀ ਨਾਲ ਵਧੀਆ ਸਹਿਚਾਰ ਸੀ, ਭਰਾਵਾਂ ਵਰਗਾ ਪਿਆਰ ਸੀ। ਗਾਇਕੀ ਖੇਤਰ ਦੇ ਰੁਝੇਵੇਂ ਵਧਣ ਕਰਕੇ ਉਹ ਪਿੰਡ ਬਹੁਤ ਘੱਟ ਆਉਂਦਾ ਪਰ ਪ੍ਰੋਗਰਾਮਾਂ ਤੋਂ ਲੰਘਦਾ ਟੱਪਦਾ ਹੀ ਉਹ ਕੁਝ ਪਲ ਆਪਣੇ ਘਰੇ (ਪਿੰਡੋਂ ਬਾਹਰ ਖੇਤ) ਜ਼ਰੂਰ ਹੋ ਕੇ ਜਾਂਦਾ ਰੁਕਦਾ। ਮਾਣਕ ਨੇ ਪਿਤਾ ਜੀ ਨਾਲ ਬਚਪਨ ਵਾਲੀ ਯਾਰੀ ਮਰਦੇ ਦਮ ਤੱਕ ਕਾਇਮ ਰੱਖੀ। ਜਦ ਬਾਪੂ ਜੀ (ਕਰਨੈਲ ਜਲਾਲ) ਪੂਰੇ ਹੋਏ, ਤਾਂ ਮਾਣਕ ਬਾਹਰ ਗਿਆ ਹੋਇਆ ਸੀ, ਉਹ ਭੋਗ ’ਤੇ ਨਾ ਆ ਸਕਿਆ। ਫਿਰ ਬਾਅਦ ’ਚ ਆਇਆ ਤੇ ਕਿੰਨਾਂ ਚਿਰ ਬਾਪੂ ਜੀ ਦੀਆਂ ਗੱਲਾਂ ਕਰਦਾ ਰੋਂਦਾ ਰਿਹਾ। ਕਰਨੈਲ ਜਲਾਲ ਦਾ ਵਿਆਹ ਨਸੀਬ ਕੌਰ ਨਾਲ ਹੋਇਆ। ਇਨ੍ਹਾਂ ਦੇ ਘਰ ਦੋ ਪੁੱਤ ਅਤੇ ਦੋ ਧੀਆਂ ਨੇ ਜਨਮ ਲਿਆ। ਇੱਕ ਪੁੱਤ ਅਤੇ ਧੀ ਆਪਣੇ ਪਰਿਵਾਰਾਂ ਸਮੇਤ ਅਮਰੀਕਾ ਰਹਿ ਰਹੇ ਹਨ, ਜਦਕਿ ਬਾਕੀ ਦੋਵੇਂ ਪੰਜਾਬ ਹੀ ਹਨ। ਕਰਨੈਲ ਜਲਾਲ ਵੀ ਆਪਣੇ ਵੱਡੇ ਪੁੱਤ ਕੋਲ ਅਮਰੀਕਾ ਜਾਣ ਦੀ ਤਿਆਰੀ ’ਚ ਸੀ ਕਿ ਅਚਾਨਕ ਰੱਬ ਘਰੋਂ ਬੁਲਾਵਾ ਆ ਗਿਆ। ਉਸਦਾ ਛੋਟਾ ਪੁੱਤ ਪਰਮਜੀਤ ਸਿੰਘ ਫੌਜ ’ਚੋਂ ਸੇਵਾਮੁਕਤ ਹੋ ਕੇ ਅੱਜਕੱਲ੍ਹ ਪਿੰਡ ਖੇਤੀਬਾੜੀ ਦਾ ਕੰਮ ਹੀ ਕਰਦਾ ਹੈ।

ਕਰਨੈਲ ਜਲਾਲ ਦੇ ਗੀਤਾਂ ਨੂੰ ਮਾਣਕ ਤੋਂ ਇਲਾਵਾ ਗੁਰਚਰਨ ਗੋਪੀ ਭਦੌੜ ਨੇ ਵੀ ਗਾਇਆ। ਗੋਪੀ ਮਾਣਕ ਦਾ ਹੀ ਦੂਜਾ ਰੂਪ ਸੀ। ਉਹੀ ਅੰਦਾਜ਼, ਉਹੀ ਆਵਾਜ਼..ਜੋ ਮਾਣਕ ਦਾ ਭੁਲੇਖਾ ਪਾਉਂਦੀ ਸੀ। ਕੁਲਦੀਪ ਮਾਣਕ ਨਾਲ ਗੋਪੀ ਦੀ ਉਸਤਾਦੀ ਸ਼ਾਗਿਰਦੀ ਕਰਨੈਲ ਜਲਾਲ ਨੇ ਹੀ ਕਰਵਾਈ ਸੀ। ਕਰਨੈਲ ਜਲਾਲ ਨੇ ਜਿੰਨੇ ਵੀ ਗੀਤ ਲਿਖੇ, ਉਹ ਸਰੋਤਿਆਂ ਦੀ ਜ਼ੁਬਾਨ ’ਤੇ ਚੜ੍ਹੇ। ਜੇਕਰ ਮਾਣਕ ਨਾਲ ਉਸਦੀ ਨੇੜਤਾ ਬਣੀ ਰਹਿੰਦੀ, ਤਾਂ ਅੱਜ ਕਰਨੈਲ ਦੀ ਗੀਤਕਾਰੀ ਦਾ ਇਤਿਹਾਸ ਹੋਰ ਵੱਡਾ ਹੋਣਾ ਸੀ। ਇੱਕ ਚੰਗੇ ਗੀਤਕਾਰ ਦੇ ਸਾਰੇ ਗੁਣ ਉਸਦੀ ਕਲਮ ਅਤੇ ਸੋਚ ਵਿਚ ਸਨ। ਉਸਦੇ ਜਹਾਨੋਂ ਤੁਰ ਜਾਣ ਮਗਰੋਂ ਅੱਜ ਸੈਂਕੜੇ ਗੀਤ ਉਸਦੀਆਂ ਹੱਥ ਲਿਖਤ ਕਾਪੀਆਂ ਵਿਚ ਦਰਜ਼ ਪਏ ਹਨ, ਜਿਨ੍ਹਾਂ ਨੂੰ ਗਾਉਣ ਵਾਲਾ ਨਾ ਤਾਂ ਕੁਲਦੀਪ ਮਾਣਕ ਹੈ ਤੇ ਨਾ ਹੀ ਉਸਦਾ ਸ਼ਾਗਿਰਦ ਗੁਰਚਰਨ ਗੋਪੀ। ਤਵਿਆਂ ਵਾਲੀ ਕੰਪਨੀ ਵਲੋਂ ਗੀਤਾਂ ਦੀ ਰਿਆਲਟੀ ਉਸਨੂੰ ਲਗਾਤਾਰ ਆਉਂਦੀ ਰਹੀ ਹੈ। ਮਾਣਕ ਵਾਂਗ ਕਰਨੈਲ ਨੇ ਵੀ ਆਪਣੇ ਗੀਤਾਂ ’ਚ ਪਿੰਡ ਜਲਾਲ ਦਾ ਨਾਂ ਦੇਸ਼-ਵਿਦੇਸ਼ਾਂ ਵਿਚ ਮਸ਼ਹੂਰ ਕੀਤਾ। ਉਸਦੇ ਲਿਖੇ ਗੀਤ ਮਾਣਕ ਦੀ ਆਵਾਜ਼ ਵਾਂਗ ਸਦਾ ਅਮਰ ਰਹਿਣਗੇ।

# ਖਤਰਨਾਕ ਬਿਮਾਰੀ ਹੈ ਸੰਗ੍ਰਹਿਣੀ (ਆਈ.ਬੀ.ਐੱਸ.)

-ਡਾ ਅਮਰੀਕ ਸਿੰਘ ਕੰਡਾ
1764, ਗੁਰੂ ਰਾਮ ਦਾਸ ਨਗਰ
ਨੇੜੇ ਨੈਸ਼ਲੇ ਮੋਗਾ
98557-35666
(Punjab Mail USA)



ਸੰਗ੍ਰਹਿਣੀ ਦਾ ਮਤਲਬ ਹੈ ਜਿੰਨਾ ਚਿਰ ਜ਼ਿੰਦਗੀ ਹੈ ਸਮਸ਼ਾਨ ਤੱਕ ਨਾਲ ਰਹਿਣੀ। ਸੰਗ੍ਰਹਿਣੀ ਅਰਥਾਤ ਸਦਾ ਸੰਗ ਰਹਿਣ ਵਾਲੀ ਬੀਮਾਰੀ, ਮਸਾਲੇਦਾਰ ਤੇ ਚਟਪਟੀਆਂ ਚੀਜ਼ਾਂ ਖਾਣ ਨਾਲ ਹੀ ਹੁੰਦੀ ਹੈ ਸੰਗ੍ਰਹਿਣੀ, ਜਿਸ ਨਾਲ ਰੋਗੀ ਨੂੰ ਵਾਰ-ਵਾਰ ਪਖ਼ਾਨਾ ਜਾਣਾ ਪੈਂਦਾ ਹੈ। ਮੱਲ ਵਿਚ ਚਿਕਨਾਹਟ ਆਉਂਦੀ ਹੈ। ਇੰਜ ਲੱਗਦਾ ਜਿਵੇਂ ਪੇਟ ਪੂਰੀ ਤਰ੍ਹਾਂ ਸਾਫ਼ ਨਾ ਹੋਇਆ ਹੋਵੇ, ਜੇਕਰ ਇਹ ਕਦੇ-ਕਦੇ ਹੋਵੇ, ਤਾਂ ਕੋਈ ਗੱਲ ਨਹੀਂ, ਜੇਕਰ ਇਹ 2-3 ਵਾਰ ਹੁੰਦਾ ਹੈ, ਤਾਂ ਰੋਗ ਹੈ। ਜੇਕਰ ਖਾਣਾ-ਖਾਣ ਤੋਂ ਬਾਅਦ ਇਹ ਹੁੰਦਾ ਹੈ, ਤਾਂ ਪਾਚਨ ਤੰਤਰ ਤੇ ਲਿਵਰ ਵਿਚ ਗੜਬੜ ਹੈ। ਜ਼ਿਆਦਾਤਰ ਲੋਕ ਇਸ ਵੱਲ ਧਿਆਨ ਨਹੀਂ ਦਿੰਦੇ ਤੇ ਭੋਜਨ ਮਨਮਰਜ਼ੀ ਨਾਲ ਖਾਂਦੇ ਹਨ। ਐਲੋਪੈਥਿਕ ਡਾਕਟਰ ਇਸ ਨੂੰ ਆਈ.ਬੀ.ਐੱਸ. ਕਹਿੰਦੇ ਹਨ। ਇਸ ਰੋਗ ਨਾਲ ਵੱਡੀ ਆਂਦਰ ਪ੍ਰਭਾਵਤ ਹੁੰਦੀ ਹੈ। ਪੇਟ ਅੰਦਰ ਆਏ ਭੋਜਨ ਨੂੰ ਪਚਣ ਤੋਂ ਪਹਿਲਾਂ ਹੀ ਅੱਗੇ ਧੱਕ ਦਿੰਦੀ ਹੈ। ਸਾਨੂੰ ਪਤਾ ਹੋਣਾ ਚਾਹੀਦੈ ਕਿ ਆਪਣਾ ਭੋਜਨ ਟੁੱਟ ਕੇ ਰਸ ਵਾਂਗ ਪਤਲਾ ਹੋਣ ਤੋਂ ਬਾਅਦ ਛੋਟੀ ਆਂਦਰ ਵਿਚ ਜਾਂਦਾ ਹੈ। ਛੋਟੀ ਆਂਦਰ ਵਿਚ ਵੀ 3 ਦਰਵਾਜ਼ੇ ਹੁੰਦੇ ਹਨ। ਤਿੰਨ ਦਰਵਾਜ਼ੇ ਡਿਓਡੇਨਮ, ਜੇਜੁਨਮ ਤੇ ਇਲੀਅਮ ਜਿਥੇ ਭੋਜਨ ਪੂਰੀ ਤਰ੍ਹਾਂ ਪਚਦਾ ਹੈ ਤੇ ਪਚੇ ਹੋਏ ਭੋਜਨ ਦਾ ਨਿਕਾਸ ਹੁੰਦਾ ਹੈ। ਨਿਕਾਸ ਤੋਂ ਬਾਅਦ ਜਿਹੜਾ ਭਾਗ ਨਹੀਂ ਪਚਦਾ, ਉਹ ਵੱਡੀ ਆਂਦਰ ਵਿਚ ਚਲਾ ਜਾਂਦਾ ਹੈ। ਵੱਡੀ ਆਂਦਰ ਉਸ ਵਿਚੋਂ ਪਾਣੀ ਚੂਸ ਲੈਂਦੀ ਹੈ। ਇਸ ਪਾਚਣ ਕ੍ਰਿਆ ਤੋਂ ਅਣ-ਪਚਿਆ ਭੋਜਨ ਅਰਧ ਠੋਸ ਹੋ ਜਾਂਦਾ ਹੈ। ਵੱਡੀ ਆਂਦਰ ਦੇ ਸਿਰੇ ਵਿਚ ਜਾ ਕੇ ਮਲਾਸ਼ਯ ਵਿਚ ਇਕੱਠਾ ਹੋ ਜਾਂਦਾ ਹੈ। ਆਈ.ਬੀ.ਐੱਸ. ਨੂੰ ਆਯੁਰਵੈਦ ਵਿਚ ਸੰਗ੍ਰਹਿਣੀ ਕਿਹਾ ਗਿਆ ਹੈ। ਗ਼ਲਤ ਖਾਣ-ਪੀਣ ਨਾਲ ਭੋਜਨ ਪਚਾਉਣ ਵਾਲੀ ਅਗਨੀ ਵਿਗੜ ਜਾਂਦੀ ਹੈ। ਅਗਨੀ ਦਾ ਮਤਲਬ ਭੋਜਨ ਨੂੰ ਪਚਾਉਣ ਵਾਲੇ ਅੰਜ਼ਾਈਮ ਤੋਂ ਹੈ, ਜੋ ਇਸ ਸਥਿਤੀ ਵਿਚ ਠੀਕ ਨਹੀਂ ਬਣਦੇ। ਭੋਜਨ ਛੋਟੀ ਆਂਦਰ ਵਿਚ ਪਿਆ ਰਹਿਣ ਕਰਕੇ ਆਂ ਬਣਦੀ ਹੈ ਤੇ ਉਹ ਪਖ਼ਾਨੇ ਨਾਲ ਮਿਲ ਕੇ ਬਾਹਰ ਨਿਕਲਦੀ ਹੈ। ਇਹ ਸੰਗ੍ਰਹਿਣੀ ਵਾਲੇ ਰੋਗੀ ਵਿਚ ਆਮ ਗੱਲ ਹੈ। ਜੇਕਰ ਇਹ ਲੰਮੇ ਸਮੇਂ ਤੱਕ ਚਲਦਾ ਰਿਹਾ, ਤਾਂ ਇਹ ਕੱਚਾ ਰਸ ਸਾਰੇ ਸਰੀਰ ਵਿਚ ਫੈਲਣ ਲੱਗਦਾ ਹੈ ਤੇ ਜੋੜਾਂ ਵਿਚ ਜਾ ਕੇ ਜੰਮਣ ਲੱਗਦਾ ਹੈ, ਜੋ ਯੂਰਿਕ ਐਸਿਡ ਅਖਵਾਉਂਦਾ ਹੈ, ਜਿਸ ਨਾਲ ਗਠੀਆ, ਜੋੜਾਂ ਦਾ ਦਰਦ ਸ਼ੁਰੂ ਹੋ ਜਾਂਦਾ ਹੈ। ਇਥੇ ਧਿਆਨ ਦੇਣ ਵਾਲੀ ਗੱਲ ਹੈ ਕਿ ਸਰੀਰ ਵਿਚ ਸੱਤ ਧਾਤੂਆਂ ਹਨ ਜਿਵੇਂ ਕਿ : ਰਸ, ਰਕਤ, ਮਾਸ, ਮੇਦ, ਅਸਥੀ, ਮਜਾ, ਵੀਰਜ ਦੀ ਪ੍ਰਕਿਰਿਆ ਚੱਲਦੀ ਹੈ, ਤਾਂ ਪਹਿਲੀ ਗੱਲ ਰਸ ਧਾਤੂ ਅਰਥਾਤ ਪਾਚਨ ਕਿਰਿਆ ਠੀਕ ਨਹੀਂ ਹੁੰਦੀ, ਰਸ ਠੀਕ ਨਹੀਂ ਬਣਦਾ ਤਾਂ ਹੀ ਸਰੀਰ ਵਿਚ ਵਾਤ ਦਾ ਨਿਰਮਾਣ ਹੁੰਦਾ ਹੈ। ਇਹ ਸਭ ਸਰੀਰ ਦੀ ਅਗਨੀ ਵਿਗੜਨ ਨਾਲ ਹੁੰਦਾ ਹੈ। ਖਾਣ-ਪੀਣ ਨਾਲ ਵਿਗੜਨਾ ਤਾਂ ਹੈ ਹੀ ਪਰ ਆਯੁਰਵੈਦ ਦੁਆਰਾ ਦੱਸੇ 14 ਵੇਗਾਂ ਨੂੰ ਰੋਕਣ ’ਤੇ ਵੀ ਅਗਨੀ ਵਿਗੜ ਜਾਂਦੀ ਹੈ। ਮਲ ਰੋਕਣਾ, ਪੇਸ਼ਾਬ ਰੋਕਣਾ, ਨੀਂਦ ਆਉਣ ’ਤੇ ਨਾ ਸੌਣਾ, ਨਿੱਛ ਆਉਣ ’ਤੇ ਰੋਕਣਾ, ਉਬਾਸੀ ਨੂੰ ਰੋਕਣਾ, ਵੀਰਜ ਰੋਕ ਕੇ ਰੱਖਣਾ ਅਜਿਹੇ ਕੁੱਲ ਮਿਲਾ ਕੇ 14 ਵੇਗਾਂ ਨੂੰ ਰੋਕਣਾ ਸਰੀਰ ਨੂੰ ਵਿਗਾੜਨਾ ਹੈ, ਜਿਸ ਨੂੰ ਵੀ ਇਹ ਰੋਗ ਹੈ, ਉਹ ਦਵਾਈਆਂ ਦੇ ਪਿੱਛੇ ਨਾ ਪੈ ਕੇ ਭੋਜਨ ਦੀ ਆਦਤ ਨੂੰ ਸੁਧਾਰੇ ਕਿਉਂਕਿ ਇਹ ਕੋਈ ਰੋਗ ਨਹੀਂ ਹੈ। ਖਾਣਾ-ਪੀਣਾ ਗ਼ਲਤ ਤੇ ਦਿਨ ਭਰ ਦੇ ਗ਼ਲਤ ਕੰਮ ਕਰਨਾ ਹੈ। ਸੰਗ੍ਰਹਿਣੀ 3 ਪ੍ਰਕਾਰ ਦੀ ਹੁੰਦੀ ਹੈ, ਜਦੋਂ ਤੱਕ ਆਪਾਂ ਨੂੰ ਕਿਸਮ ਨਹੀਂ ਪਤਾ ਤਾਂ ਇਲਾਜ ਵੀ ਸਹੀ ਨਹੀਂ ਹੁੰਦਾ। ਵਾਤਜ ਸੰਗ੍ਰਹਿਣੀ, ਕ਼ਫਜ਼ ਸੰਗ੍ਰਹਿਣੀ ਤੇ ਸੰਨੀਪਾਤਜ ਸੰਗ੍ਰਹਿਣੀ।

## ਦਿਲਾਂ ਦੇ ਬਲਬਲੇ

ਉੱਚੇ ਉੱਚੇ ਮਹਿਲ ਤੇ ਮੁਨਾਰੇ ਪਾਈ ਜਾਨਾ ਏਂ
ਕੱਠੇ ਨਹੀਓਂ ਹੋਣੇ ਜੋ, ਖਿਲਾਰੇ ਪਾਈ ਜਾਨਾਂ ਏਂ

ਮੁੜ ਕੇ ਨੀ ਜਾਣਾ ਹੁਣ, ਬੱਚਿਆਂ ਨੇ ਪਿੰਡ ਨੂੰ
ਫੇਰ ਕੀਹਦੇ ਵਾਸਤੇ, ਚੁਬਾਰੇ ਪਾਈ ਜਾਨਾਂ ਏਂ

ਚੰਗਾ ਭਲਾ ਪਤਾ ਤੇਰੇ ਨਾਲ ਨਹੀਓਂ ਜਾਣਗੇ
ਫੇਰ ਕਾਹਨੂੰ ਮਾਇਆ ਦੇ, ਗੁਹਾਰੇ ਲਾਈ ਜਾਨਾਂ ਏਂ

ਢਾਡੀਆਂ ਤੇ ਰਾਗੀਆਂ ਦੀ ਬਾਤ ਨਹੀਓਂ ਪੁੱਛਦਾ
ਸਿੰਗਰਾਂ ਦੇ ਸੱਦ ਕੇ, ਅਖਾੜੇ ਲਾਈ ਜਾਨਾਂ ਏਂ

ਟੈਕਸ ਲਗਾਈ ਜਾਨੈਂ, ਮਿਹਨਤਾਂ ਜੋ ਕਰਦੇ
ਵਿਹਲੜਾਂ ਨੂੰ ਸੱਦ ਕੇ, ਸ਼ੁਆਰੇ ਪਾਈ ਜਾਨਾਂ ਏਂ

ਕਰਤੇ ਮੈਦਾਨ ਰੜੇ, ਰੁੱਖ ਵੱਢ ਵੱਢ ਕੇ
ਨਸਲਾਂ ਦੇ ਵਾਸਤੇ ਉਜਾੜੇ ਪਾਈ ਜਾਨਾਂ ਏਂ

ਕੱਖ ਨਹੀਓਂ ਕੀਤਾ, ਲੋਕਾਂ ਵਾਸਤੇ ਤੂੰ ਲੀਡਰਾ
ਗੱਲਾਂ ਨਾਲ ਅੰਬਰਾਂ ਤੋਂ, ਤਾਰੇ ਲਾਹੀ ਜਾਨਾਂ ਏਂ

ਖੜਕੇ ਗੰਡਾਸੇ ਜਦੋਂ, ਲੱਭਣਾ ਨੀ ਇਨ੍ਹਾਂ ਨੇ
ਜਿਨ੍ਹਾਂ ਪਿੱਛੇ ਖੜ੍ਹਕੇ, ਜੈਕਾਰੇ ਲਾਈ ਜਾਨਾਂ ਏਂ

ਮੁੜਿਆ ਨੀ ਜਾਣਾ ਪਿੰਡ, ਤੇਰੇ ਤੋਂ ਸਾਹੋਤੇਆ
ਕਿਉਂ ਓਹਨੂੰ ਆਉਣ ਦੇ ਤੂੰ, ਲਾਰੇ ਲਾਈ ਜਾਨਾਂ ਏਂ



-ਕੁਲਵੀਰ ਸਿੰਘ ਡਾਨਸੀਵਾਲ, ਸਰੀ,
ਬੀ.ਸੀ. ਕੈਨੇਡਾ
778-863-2472

ਪੰਜਾਬ ਮੇਲ USA

## "ਤੀਆਂ ਦਾ ਸੰਧਾਰਾ"

ਬੇਬੇ ਆਈ ਸੰਧਾਰਾ ਲੈ ਕੇ ਸਾਰੇ ਖੁਸ਼ੀ ਮਨਾਉਂਦੇ।
ਦੋਹਤੇ ਦੋਹਤੀਆਂ ਵੇਖ ਕੇ ਨਾਨੀ ਫੁੱਲੇ ਨਹੀਂ ਸਮਾਉਂਦੇ।

ਧੀ ਦੇ ਘਰੇ ਸੰਧਾਰਾ ਲੈ ਕੇ ਤੀਆਂ ਨੂੰ ਮਾਂ ਆਈ
ਘਰ ਦੇ ਵਿਚ ਪਕਵਾਨ ਬਣਾਕੇ ਪੀਪਾ ਭਰਕੇ ਲਿਆਈ
ਗੁੜ ਦੇ ਵਿਚ ਭਿਉਂਕੇ ਆਟਾ ਰੱਖੀਆਂ ਫੇਰ ਕੜਾਹੀਆਂ
ਗੁਲਗਲੇ ਮੱਠੀਆਂ ਬੇਬੇ ਜੀ ਨੇ ਹੱਥੀਂ ਆਪ ਬਣਾਈਆਂ।

ਪਿੰਡ 'ਚ ਆਕੇ ਇੱਕ ਭਾਈ ਨੇ ਭੱਠੀ ਇੱਕ ਲਗਾਈ
ਤਾਜ਼ੇ ਬਿਸਕੁਟ ਭਾਈ ਕੋਲੋਂ ਹੈ ਕਢਵਾਕੇ ਲਿਆਈ
ਪੀਪੇ ਵਿਚੋਂ ਕੱਢ ਕੇ ਬਿਸਕੁਟ ਬੱਚਿਆਂ ਤਾਈਂ ਵੰਡੇ
ਗੁਲਗਲੇ ਮੱਠੀਆਂ ਬੜੇ ਸਵਾਦੀ
ਹਰ ਕੋਈ ਮੁੜ-ਮੁੜ ਮੰਗੇ।

ਕੇਲੇ ਸੇਵ ਲਫ਼ਾਫੇ ਵਿਚੋਂ ਕੱਢ-ਕੱਢ ਸਭ ਨੂੰ ਦੇਵੇ
ਕਦੇ ਥ਼ੈਲੇ 'ਚੋਂ ਕੱਢ ਖਵਾਉਂਦੀ ਨਾਨੀ ਸੁੱਕੇ ਮੇਵੇ
ਧੀ ਨੂੰ ਚਾਅ ਅੱਜ ਬਹੁਤਾ ਚੜ੍ਹਿਆ ਚਿਰ ਪਿੱਛੋਂ ਮਾਂ ਆਈ
ਮਾਤਾ-ਮਾਤਾ ਕਰਦਾ ਫਿਰਦਾ ਪਿਆਰਾ ਅੱਜ ਜਵਾਈ।

ਸੋਹਣਾ ਸੂਟ ਧੀ ਪਿਆਰੀ ਖਾਤਰ ਮਾਂ ਨੇ ਕੱਢ ਕੇ ਧਰਿਆ
ਬੰਬਲ ਵੱਟਿਆ ਖੇਸ ਵੀ ਹੈ ਇੱਕ ਉਸ ਦੇ ਹੱਥ 'ਚ ਫੜਿਆ
ਚਾਹ ਪਾਣੀ ਪੀ ਰੋਟੀ ਖਾ ਕੇ ਵਾਪਸ ਜਾਣ ਦੀ ਤਿਆਰੀ
"ਮਲਕੀਤ" ਸੰਧਾਰਾ ਦੇ ਕੇ ਧੀ ਨੂੰ ਮੁੜ ਗਈ ਬੇਬੇ ਪਿਆਰੀ।



-ਮਲਕੀਤ ਸਿੰਘ ਗਿੱਲ (ਭੱਠਲਾਂ)
ਸੰਪਰਕ : 94174-90943

ਪੰਜਾਬ ਮੇਲ USA

## ਗਜ਼ਲ

ਦੂਰ ਕਿਤੇ ਇਕ ਟੀਸੀ ਉੱਤੇ ਖਿੜਕੀ ਦੇ ਵਿਚ ਕੌਣ ਖੜ੍ਹਾ।
ਅੱਧੀ ਰਾਤੀਂ ਲੋਕੀਂ ਸੁੱਤੇ ਖਿੜਕੀ ਦੇ ਵਿਚ ਕੌਣ ਖੜ੍ਹਾ।
ਅੱਖਾਂ ਵਿਚ ਉਡੀਕਾਂ ਵਾਲੇ ਗਜ-ਗਜ ਲੰਬੇ ਹੰਝੂ ਨੇ,
ਉੱਚੀ ਉੱਚੀ ਭੌਂਕਣ ਕੁੱਤੇ ਖਿੜਕੀ ਦੇ ਵਿਚ ਕੌਣ ਖੜ੍ਹਾ।
ਟਿੱਕ ਟਿਕੀ ਲਾ ਕੇ ਵੇਖ ਰਿਹਾ ਹੈ ਹਾਲੀ ਨਾਲ ਨਜ਼ਰ ਮਿਲਾ ਕੇ,
ਖੇਤਾਂ ਦੇ ਵਿਚ ਢੱਗੇ ਜੁੱਤੇ ਖਿੜਕੀ ਦੇ ਵਿਚ ਕੌਣ ਖੜ੍ਹਾ।
ਤਲਵਾਰਾਂ ਵਾਲਾ ਸਾਇਆ ਹੈ ਪਹਿਰੇਦਾਰ ਚੁਕੰਨੇ ਨੇ,
ਪੈੜਾਂ ਦੇ ਵਿਚ ਖੁੱਭੇ ਜੁੱਤੇ ਖਿੜਕੀ ਦੇ ਵਿਚ ਕੌਣ ਖੜ੍ਹਾ।
ਪਤਝੜ ਵਰਗੀ ਹਸਤੀ ਲੈ ਕੇ ਸ਼ੋਕ ਨਿਰਾਸ਼ਾ ਘੋਰ ਉਦਾਸੀ,
ਕੌਣ ਗਿਆ ਫੁੱਲਾਂ ਦੀ ਰੁੱਤੇ ਖਿੜਕੀ ਦੇ ਵਿਚ ਕੌਣ ਖੜ੍ਹਾ।
ਬਾਲਮ ਲਲਕ ਪਲਕ ਲਪਕ 'ਚ ਚਾਵ੍ਹਾਂ ਨਾਲ ਉਮੀਦਾਂ ਟੰਗੀਆਂ,
ਲੈ ਕੇ ਸੂਹੇ ਫੁੱਲ ਪਰੁੱਤੇ ਖਿੜਕੀ ਦੇ ਵਿਚ ਕੌਣ ਖੜ੍ਹਾ।



ਬਲਵਿੰਦਰ ਬਾਲਮ ਗੁਰਦਾਸਪੁਰ
ਉਂਕਾਰ ਨਗਰ ਗੁਰਦਾਸਪੁਰ (ਪੰਜਾਬ)
ਵਟਸਐਪ : 98156-25409

ਪੰਜਾਬ ਮੇਲ USA

## ਵਫ਼ਾ ਬਨਾਮ ਬੇਵਫ਼ਾਈ

ਵਫ਼ਾ ਤੇ ਬੇਵਫ਼ਾਈ ਦਾ ਵੀ,
ਆਪਣਾ ਆਪਣਾ ਵਿਧਾਨ ਹੈ,
ਪਹਿਲਾਂ ਹਕੂਮਤ ਇੱਕ ਦੀ,
ਫੇਰ ਦੂਜੀ ਹੱਥ ਕਮਾਨ ਹੈ।

ਇੱਕ ਸੁਰ ਅਤੇ ਇੱਕ ਤਾਲ 'ਤੇ,
ਵਫ਼ਾ ਦੀ ਸਰਗਮ ਗੂੰਜਦੀ,
ਹਰ ਪਲ 'ਤੇ ਹਰੇਕ ਸਾਹ ਦੀ,
ਅਨੋਖੀ ਨਿਕਲਦੀ ਤਾਨ ਹੈ।

ਦਿਨ ਹੋਵੇ ਜਾਂ ਹੋਵੇ ਰਾਤ,
ਦੋ ਦਿਲਾਂ ਵਿਚ ਇੱਕ ਜਾਨ ਹੈ,
ਮੂੰਹੋਂ ਨਿਕਲੀ ਕੋਈ ਵੀ ਗੱਲ,
ਇੱਕ ਦੂਜੇ ਨੂੰ ਪ੍ਰਵਾਨ ਹੈ।

ਵਫ਼ਾ ਨੂੰ ਨਿਭਾਵਣਾ ਵੀ,
ਹੈ ਪੁਰਸਲਾਤ ਦਾ ਸਫ਼ਰ ਜਾਣੋਂ,
ਜ਼ਰਾ ਵੀ ਥਿੜਕ 'ਤੇ ਝਿਜਕ ਨਾਲ,
ਹਿੱਲ ਜਾਂਦਾ ਆਪਣਾ ਜਹਾਨ ਹੈ।

ਜਦੋਂ 'ਬੇ' ਖੜ੍ਹ ਜਾਏ ਪੈਰ ਗੱਡ,
ਵਫ਼ਾ ਦੇ ਅੱਗੇ ਚਟਾਨ ਬਣ,
ਸੰਜੀਦਗੀ ਅਤੇ ਪਿਆਰ ਦਾ,
ਮਾਨ ਬਣ ਜਾਂਦਾ ਅਪਮਾਨ ਹੈ।

ਹਿੱਲ ਜਾਂਦੇ ਸਭੇ ਤਾਰ ਦਿਲ ਦੇ,
ਪੈਰ ਪੈਰ 'ਤੇ ਥਿੜਕਣਾਂ,
ਪਿਆਰ ਅਤੇ ਵਿਸ਼ਵਾਸ ਨੂੰ,
ਉਡਾ ਲੈ ਜਾਂਦਾ ਤੂਫਾਨ ਹੈ।

ਨਫਰਤਾਂ ਅਤੇ ਬਦ ਦੁਆਵਾਂ,
ਹਰ ਪਲ ਨਵੀਆਂ ਉੱਗਦੀਆਂ,
ਰੰਗਾਂ ਅਤੇ ਮਹਿਕਾਂ ਭਰਿਆ,
ਗੁਲਿਸਤਾਨ ਹੁੰਦਾ ਵੀਰਾਨ ਹੈ।

ਬੇਵਫ਼ਾਈ ਦੇ ਦੌਰ ਵਿਚ,
ਪਰਲੋ ਐਸੀ ਆਂਵਦੀ,
ਜਾਨ ਵਾਰਦਾ ਇਨਸਾਨ ਵੀ,
ਲੈਂਦਾ ਇੱਕ ਦੂਜੇ ਦੀ ਜਾਨ ਹੈ।




-ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.

ਪੰਜਾਬ ਮੇਲ USA

## ਕਮਲ ਬੰਗਾ ਜੀ ਨੂੰ ਸਮਰਪਿਤ

ਅਧਿਆਪਕ ਵਿਦਿਆਰਥੀ ਦਾ ਰਿਸ਼ਤਾ
ਵੀ ਹੁੰਦਾ ਹੈ ਆਪਣੇ ਧੀਆਂ ਪੁੱਤਰਾਂ ਵਾਂਗ
ਕਦੀ ਹੁੰਦਾ ਸੀ ਇਹ ਰਿਸ਼ਤਾ
ਗੁਰੂ ਚੇਲੇ ਵਾਲਾ ਪਰ ਅੱਜ ਨਹੀਂ
ਜਦੋਂ ਪਿਤਾ ਪੁੱਤਰ ਨੂੰ ਉੱਨਤੀ ਕਰਦਾ ਦੇਖਦਾ ਹੈ
ਤਾਂ ਉਸ ਦੀ ਖੁਸ਼ੀ ਸਾਂਭੀ ਨਹੀਂ ਜਾਂਦੀ
ਇਸੇ ਤਰ੍ਹਾਂ ਜਦੋਂ ਕੋਈ ਹੋਣਹਾਰ ਵਿਦਿਆਰਥੀ
ਉੱਨਤੀ ਦੀਆਂ ਪੌੜੀਆਂ ਚੜ੍ਹਦਾ ਹੈ।
ਅਤੇ ਆਪਣੀ ਮਿਥੀ ਮੰਜ਼ਿਲ ਵੱਲ ਵੱਧਦਾ ਹੈ
ਤਾਂ ਅਧਿਆਪਕ ਦਾ ਚਾਅ ਵੀ ਸਾਂਭਿਆ ਨਹੀਂ ਜਾਦਾ
ਜਿਸ ਤਰ੍ਹਾਂ ਪੁੱਤਰ ਹੁੰਦੇ ਨੇ ਵਿਹੜੇ ਦੀਆਂ ਛਾਵਾਂ
ਉਸੇ ਤਰ੍ਹਾਂ ਵਿਦਿਆਰਥੀ ਵੀ
ਅਧਿਆਪਕ ਦੇ ਮਨ ਰੂਪੀ ਵਿਹੜੇ ਦੀਆਂ
ਹੁੰਦੀਆਂ ਠੰਡੀਆਂ ਛਾਵਾਂ
ਹੁੰਦੇ ਨੇ ਖੁਸ਼ੀਆਂ ਯਾਦਾਂ, ਚਾਅਵਾਂ,
ਉਮੰਗਾਂ ਦੇ ਸੋਮੇ
ਕਮਲ ਬੰਗਾ ਜੀ ਦੀਆਂ ਹਰ ਹਫਤੇ ਸੁਣਕੇ ਕਵਿਤਾਵਾਂ
ਮਨ ਨੂੰ ਬੜੀ ਪ੍ਰਸੰਨਤਾ ਹੁੰਦੀ ਹੈ ਤੇ ਚਾਅ ਸਾਂਭਿਆ
ਨਹੀਂ ਜਾਂਦਾ ਕਿਉਂਕਿ ਕਮਲ ਬੰਗਾ
ਹੋਣੀ ਮੇਰੇ ਪੁਰਾਣੇ ਵਿਦਿਆਰਥੀ ਨੇ
ਕਮਲ ਬੰਗਾ ਹੋਣਾ ਨੂੰ ਸ਼ੁੱਭ ਇਛਾਵਾਂ
ਅਤੇ ਇਨ੍ਹਾਂ ਦੀ ਕਲਮ ਇਸੇ ਤਰ੍ਹਾਂ
ਪੰਜਾਬੀ ਸਾਹਿਤ ਤੇ ਪੰਜਾਬੀ ਬੋਲੀ ਦੀ
ਸੇਵਾ ਕਰਦੀ ਰਹੇ।



ਮਾਸਟਰ ਨਿਰਮਲ ਸਿੰਘ ਲਾਲੀ,
ਯੂਬਾ ਸਿਟੀ
530-777-0955

ਪੰਜਾਬ ਮੇਲ USA

## ਆਇਨਾ

ਲੱਗਕੇ ਗਲ ਉਹ ਮਾਰ ਧਾਹੀਂ ਰੋਇਆ ਹੈ,
ਤੀਘੜ ਤੀਘੜ ਚੁੱਕਦਾ ਭਾਰ ਗਰੀਬੀ ਦਾ।

ਨੇਤਾ ਬਦਲੇ ਬਦਲੀਆਂ ਕਈ ਸਰਕਾਰਾਂ ਨੇ,
ਮਸਲਾ ਹੱਲ ਨ ਹੋਇਆ ਬਦ-ਨਸੀਬੀ ਦਾ।

ਰੁਲ ਰਿਹਾ ਸੀ ਬੇਵੱਸ ਬਿਚਾਰਾ ਹਸਪਤਾਲੀਂ,
ਹਸ਼ਰ ਦੇਖਿਆ ਕੋਵਿਡ ਅੰਦਰ ਕਰੀਬੀ ਦਾ।

ਖ਼ੁਆਬ ਸੁਨਹਿਰੀ ਲੈ ਤੁਰਿਆ ਪਰਦੇਸਾਂ ਨੂੰ,
ਡੁੱਬ ਗਿਆ ਅਧਵਾਟੇ ਸੀ ਪੁੱਤਰ ਬੀਬੀ ਦਾ।

ਕੱਲ ਔਹ ਫਿਹਾ ਸੀ ਅੱਜ ਔਹਦੀ ਵਾਰੀ ਹੈ,
ਦੇਖ ਰਹੇ ਹਾਂ ਮੰਜ਼ਰ ਹੁੰਦਾ ਬੇ-ਤਰਕੀਬੀ ਦਾ।

ਊਚ-ਨੀਚ, ਜਾਤ-ਪਾਤ, ਰੰਗ ਨਸਲਾਂ ਦੇ ਭੇਦ,
ਸ਼ੀਸ਼ਾ ਦਿਖਾਉਂਦੈ ਸਮਾਜ ਨੂੰ ਬੇਤਰਤੀਬੀ ਦਾ।

ਅੱਜ ਉਹਦੇ ਨਾਲ ਤੇ ਕੱਲ੍ਹ ਕਿਸੇ ਹੋਰ ਨਾਲ,
ਵਰਤਾਰਾ ਮਾਰਦਾ ਝਲਕਾਂ ਸਾਂਝ ਰਕੀਬੀ ਦਾ।

ਨਹੀਂ ਹੁੰਦਾ ਹਿਸਾਬ ਕਦੇ ਨਫ਼ੇ ਨੁਕਸਾਨਾਂ ਦਾ,
ਜੇ ਰਿਸ਼ਤਾ ਹੋਵੇ ਮਜ਼ਬੂਤ ਪਿਆਰ-ਹਬੀਬੀ ਦਾ।



-ਸੇਵਾ ਸਿੰਘ "ਨੂਰਪੁਰੀ"

ਪੰਜਾਬ ਮੇਲ USA

## ਖੋਲ੍ਹ ਲੈ ਤੂੰ ਵੀ ਐੱਨ.ਜੀ.ਓ. ਸਰਦਾਰਾ

ਕੰਮ ਕਾਰ ਕੋਈ ਕਰ ਲੈ ਸੱਜਣਾ,
ਫਿਰਦਾ ਰਹਿੰਦਾ ਵਿਹਲਾ।
ਪੰਜ-ਸੱਤ ਬੇਲੀ ਨਾਲ ਰਲਾ ਕੇ,
ਮਾਰ ਨਹਿਲੇ ਤੇ ਦਹਿਲਾ।
ਮੈਂ ਵੀ ਐਵੇਂ ਪੀਚ ਤੋੜਦੀ,
ਕਰਾਂਗੇ ਮੌਜ ਬਹਾਰਾਂ।
ਖੋਲ੍ਹ ਲੈ ਐੱਨ.ਜੀ.ਓ. ਤੂੰ ਵੀ,
ਖਿੜ ਜਾਵਣ ਗੁਲਜ਼ਾਰਾਂ।
ਫੇਸਬੁੱਕ 'ਤੇ ਬੇਲੀ ਬਹੁਤੇ,
ਐਵੇਂ ਕਰਦਾ ਮਗ਼ਜ ਖਪਾਈ।
ਮੈਂ ਤਾਂ ਤੈਨੂੰ ਰਹਾ ਆਖਦੀ,
ਤੈਨੂੰ ਸਮਝ ਨਾ ਆਈ।
ਵੀਡੀਓ ਪਾਉਂਦਾ ਜਦ ਵੀ ਕੋਈ,
ਮਿਲਦੇ ਵੀਊ ਹਜ਼ਾਰਾਂ।
ਖੋਲ੍ਹ ਲੈ ਸੱਜਣਾ.... .... ....!
ਸਾਡਾ ਨਿਸ਼ਾਨਾ ਐਸ਼ ਮਾਨਣੀ,
ਨਹੀਂ ਕੋਈ ਕਰਨਾ ਧੰਦਾ।
ਜਿਹੜਾ ਸਾਥੋਂ ਹੈ ਹਿਸਾਬ ਜੀ ਮੰਗੂ,
ਉਹ ਸ਼ਾਮਲ ਨਹੀਂ ਕਰਨਾ ਬੰਦਾ।
ਜਦੋਂ ਆਪਣਾ ਨਾਮ ਬਣ ਗਿਆ,
ਵੇਖੀ ਕਿਵੇਂ ਜੁੜਦੀਆਂ ਤਾਰਾ।
ਖੋਲ੍ਹ ਲੈ ਸੱਜਣਾ.... .... ....!
ਪਿੰਡ ਦਾ ਆਪਣਾ ਪਤਾ ਹੈ ਦੇਣਾ,
ਜਿੱਥੇ ਮੋਟਰ ਵਾਲਾ ਕੋਠਾ।
ਦੋ-ਤਿੰਨ ਬੰਦੇ ਰੱਖ ਕੇ ਆਪਾ,
ਫਿਰ ਕੰਮ ਕਰੌਣਾ ਮੋਟਾ।
ਤਿੰਨ ਕੁ ਹਜ਼ਾਰ ਦਾ ਰਾਸ਼ਣ ਲੈ ਕੇ,
ਜਾਣ ਛੂਕਦੀਆਂ ਕਾਰਾ।
ਖੋਲ੍ਹ ਲੈ ਸੱਜਣਾ.... .... ....!
ਆਪਣੇ ਪਿੰਡ ਨਹੀਂ ਸੇਵਾ ਕਰਨੀ,
ਜਾਣਾ ਦੂਰ ਦੁਰਾਡੇ।
ਲੋਕਾਂ ਨੂੰ ਆਪਾ ਰਾਸ਼ਣ ਵੰਡਣਾ,
ਭਾਵੇਂ ਭੁੱਖੇ ਮਰ ਜਾਣ ਸਾਡੇ।
ਝੁੱਗੀ ਝੌਂਪੜੀ ਵਿਚ ਹੈ ਜਾ ਕੇ,
ਫਿਰ ਖੜਕਾਉਣੀਆਂ ਤਾਰਾ।
ਖੋਲ੍ਹ ਲੈ ਸੱਜਣਾ.... .... ....!
ਸੌ ਦੇ ਵਿਚੋਂ ਸਤਰ ਖਾਣੇ,
ਤੀਹ ਹੈ ਲਾਉਣੇ ਕੰਮਾਂ 'ਤੇ।
ਕਦੇ ਕਦਾਈ ਪੱਟੀ ਹੈ ਕਰਨੀ,
ਬੱਸ ਰਿਸਦੇ ਹੋਏ ਚੰਮਾਂ 'ਤੇ।
ਖ਼ੁਸ਼ੀ 'ਚ ਝੂਮ ਕੇ ਵੀਡੀਓ ਪਾਉਣੀ,
ਬਣ ਕੇ ਵਾਂਗ ਨਚਾਰਾਂ।
ਖੋਲ੍ਹ ਲੈ ਸੱਜਣਾ.... .... ....!
ਮਾਇਆ ਨੇ ਹੈ ਨਾਲ ਨਹੀਂ ਜਾਣਾ,
ਗੱਲ ਤੂੰ ਸੁਣ ਲੈ ਮੇਰੀ।
ਸਭ ਕੁਝ ਛੱਡ ਕੇ ਜਾਣਾ ਐਥੇ,
ਬਣਨਾ ਖ਼ਾਕ ਦੀ ਢੇਰੀ।
ਰੱਬ ਦਾ ਸ਼ੁਕਰ ਤੂੰ ਕਰ ਲੈ ਬੰਦਿਆਂ
ਜਿਸ ਦਿੱਤੀਆਂ ਐਸ਼ ਬਹਾਰਾਂ।
ਖੋਲ੍ਹ ਲੈ ਸੱਜਣਾ.... .... ....!
ਸੇਵਾ ਤਾ ਅੱਜ ਧੰਦਾ ਬਣ ਗਿਆ,
ਕੋਈ ਨਹੀਂ ਪਿਲਾਉਂਦਾ ਪਾਣੀ।
ਫੇਸਬੁੱਕ 'ਤੇ ਲਾਈਵ ਹੋ ਕੇ,
ਬਘੇਲਾ ਕਰੂਗਾ ਕੁੱਤੇ-ਖਾਣੀ।
ਇੰਜਣ ਮਹਿਕਮਾ ਚਿੱਬ ਫਿਰ ਕੱਢੂ,
ਨਾਲ ਰਲਾ ਕੇ ਯਾਰਾਂ।
ਖੋਲ ਲੈ ਸੱਜਣਾ ਐੱਨ.ਜੀ.ਓ. ਤੂੰ ਵੀ,
ਖਿੜ ਜਾਵਣ ਗੁਲਜ਼ਾਰਾਂ।
ਲੈਣੇ ਦੇ ਜਦ ਦੇਣੇ ਪੈ ਗਏ,
ਫਿਰ ਪੱਤਣਾ ਕਰਨਾ ਨੰਗਾ।
ਕੰਮ ਹਮੇਸ਼ਾ ਉਹੋ ਕਰੀਏ,
ਕਹੇ ਸਮਰਤ ਜੋ ਚੰਗਾ।
ਕਿਰਤ ਵਿਚੋਂ ਦਸਵੰਧ ਜਦ ਕੱਢਦਾ
ਕਾਹਲੋਂ ਆਉਂਦਾ ਖ਼ੂਬ ਨਜ਼ਾਰਾ।
ਖੋਲ੍ਹ ਲੈ ਸੱਜਣਾ ਐੱਨ.ਜੀ.ਓ. ਤੂੰ ਵੀ,
ਖਿੜ ਜਾਵਣ ਗੁਲਜ਼ਾਰਾਂ।

-ਕਵੀਸ਼ਰ ਮਨਜੀਤ ਸਿੰਘ ਪੱਤੜ
559-475-3302
(Punjab Mail USA)

ਪੰਜਾਬ ਮੇਲ USA


REALTY ONE GROUP
Gurjatinder S. Randhawa
REALTOR CA DRE licence # 01490567
FOR SALE & PURCHASE OF
ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ
ਜਾਂ ਵੇਚਣ ਲਈ ਸੰਪਰਕ ਕਰੋ।
Gurjatinder S. Randhawa
916-320-9444
Gurjatinder S. Randhawa
REALTOR CA DRE licence # 01490567
web: www.RealtorRandhawa.com
garysingh123@yahoo.com